


The Punjabi Newspaper
ਪੰਜਾਬੀਅਤ ਦਾ ਪਰਚਮ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar




Vol: 10 No: 226 Website : www.punjabiakhbaar.ca Emaiĺ: editor@punjabiakhbaar.ca Friday, 18 August 2023

# ਕੈਲਗਰੀ ਵਿੱਚ ਸਾਢੇ ਚਾਰ ਮਿਲੀਅਨ ਦੀ ਡਰੱਗ ਸਮੇਤ 7 ਫੜੇ ਗਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਲਾਅ ਇਨਫੋਰਸਮੈਂਟ ਰਿਸਪਾਂਸ ਟੀਮ ਵੱਲੋਂ ਸੱਤ ਕੈਲਗਰੀ ਵਾਸੀਆਂ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀ ਜਾਂਚ ਵਿੱਚ ਚਾਰਜ ਕੀਤਾ ਗਿਆ ਹੈ । ਵੱਖ ਅਪ੍ਰੇਸ਼ਨਾ ਤਹਿਤ ਪੂਰੇ ਸ਼ਹਿਰ ਵਿੱਚੋਂ $4.5 ਮਿਲੀਅਨ ਦੀ ਕੀਮਤ ਦੇ ਨਸ਼ੀਲੇ ਪਦਾਰਥ ਅਤੇ ਲਗਭਗ $1 ਮਿਲੀਅਨ ਦੀ ਨਕਦੀ ਜ਼ਬਤ ਕੀਤੀ ਹੈ। ਪ੍ਰੈਸ ਰਿਲੀਜ਼ ਵਿੱਚ ਕਿਹਾ ਗਿਆ ਹੈ ਕਿ ਸਾਲ ਭਰ ਚੱਲੀ ਪ੍ਰੋਜੈਕਟ ਕਾਰਲੋਸ ਜਾਂਚ ਦੇ ਨਤੀਜੇ ਵੱਜੋਂ 31 ਜੁਲਾਈ ਅਤੇ 1 ਅਗਸਤ ਦਰਮਿਆਨ ਕਈ ਗ੍ਰਿਫਤਾਰੀਆਂ ਕੀਤੀਆਂ ਗਈਆਂ। ਨਸ਼ੀਲੇ ਪਦਾਰਥਾਂ ਦੀ ਤਸਕਰੀ, ਮਨੀ ਲਾਂਡਰਿੰਗ, ਅਪਰਾਧਿਕ ਸਾਜ਼ਿਸ਼ ਅਤੇ ਸੰਗਠਿਤ ਅਪਰਾਧ ਸਮੇਤ ਅਪਰਾਧਾਂ ਲਈ ਫੜੇ ਗਏ ਇਹਨਾਂ 7 ਵਿਅਕਤੀਆਂ ਉੱਪਰ ਕੁੱਲ 33 ਦੋਸ਼ ਲਗਾਏ ਗਏ ਹਨ।ਪੁਲਿਸ ਦਾ ਕਹਿਣਾ ਹੈ ਕਿ ਕੈਲਗਰੀ ਪੁਲਿਸ ਸੇਵਾ ਦੇ ਨਾਲ-ਨਾਲ ਸ਼ਹਿਰ ਦੀ ਸੰਗਠਿਤ ਅਪਰਾਧ ਟੀਮ ਦੀ ਅਗਵਾਈ ਵਿੱਚ ਅਗਸਤ 2022 ਵਿੱਚ ਕੈਲਗਰੀ ਦੇ ਕਈ ਘਰਾਂ ਦੀ ਪਹਿਲੀ ਵਾਰ ਤਲਾਸ਼ੀ ਲਈ ਗਈ ਸੀ। ਕਾਰਜਕਾਰੀ ਸਟਾਫ ਸਾਰਜੈਂਟ ਡੈਮੀਅਨ ਪੀਅਰਸਨ ਨੇ ਇੱਕ ਬਿਆਨ ਵਿੱਚ ਕਿਹਾ। ਹੈ ਕਿ "ਕੈਲਗਰੀ ਵਿੱਚ ਨਸ਼ੀਲੇ ਪਦਾਰਥਾਂ ਦੇ ਇੱਕ ਵੱਡੇ ਸਰੋਤ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਖਤਮ ਕਰ ਦਿੱਤਾ ਗਿਆ ਹੈ ਅਤੇ ਇਹ ਗ੍ਰਿਫਤਾਰੀਆਂ ਜਨਤਕ ਸੁਰੱਖਿਆ ਪ੍ਰਤੀ ਸਾਡੀ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ।" ਫੜੇ ਗਏ ਵਿਅਕਤੀਆਂ ਵਿੱਚ ਮਿਨਹ ਹੋਆਂਗ ਨਗੁਏਨ, 43, ਜੋਸੇਫ ਨਗੁਏਨ, 29, ਹੈ ਨਗੁਏਨ, 40, ਕਿਮ ਲਿਮ, 37, ਕੋਰਟਨੀ ਡੇਨਿਸ, 55, ਡੇਰੇਕ ਵੋਂਗ,28, ਅਤੇ ਮਾਰਕੋਸ ਟੈਲੋ, 28, ਸਾਲ ,ਇਹ ਸਾਰੇ ਕੈਲਗਰੀ ਦੇ ਰਹਿਣ ਵਾਲੇ ਹਨ, ਜਿਹਨਾਂ ਨੂੰ ਜਾਂਚ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਹੈ।ਪੁਲਿਸ ਵੱਲੋਂ ਆਮ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਜਿਨ੍ਹਾਂ ਨੂੰ ਆਪਣੇ ਭਾਈਚਾਰੇ ਵਿੱਚ ਡਰੱਗ ਜਾਂ ਗਰੋਹ ਦੀ ਗਤੀਵਿਧੀ ਦਾ ਸ਼ੱਕ ਹੈ, ਉਹ ਸਥਾਨਕ ਪੁਲਿਸ ਨੂੰ 403-266-1234 'ਤੇ ਕਾਲ ਕਰ ਸਕਦੇ ਹਨ ਜਾਂ ਗੁਮਨਾਮ ਤੌਰ 'ਤੇ ਅਪਰਾਧ ਰੋਕਣ ਵਾਲਿਆਂ ਨਾਲ ਸੰਪਰਕ ਕਰ ਸਕਦੇ ਹਨ।




# ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਜਾਰਜੀਆ ਚੋਣਾਂ ’ਚ ਧੋਖਾਧੜੀ ਦੇ ਮਾਮਲੇ ’ਚ ਦੋਸ਼ੀ ਕਰਾਰ

ਅਟਲਾਂਟਾ (ਪੰਜਾਬੀ ਅਖਬਾਰ ਬਿਊਰੋ)- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ 18 ਸਹਿਯੋਗੀਆਂ ਨੂੰ ਜਾਰਜੀਆ ’ਚ ਦੋਸ਼ੀ ਠਹਿਰਾਇਆ ਗਿਆ। ਉਸ ’ਤੇ ਰਾਜ ਵਿਚ 2020 ਦੀਆਂ ਚੋਣਾਂ ਵਿਚ ਆਪਣੀ ਹਾਰ ਨੂੰ ਗੈਰ-ਕਾਨੂੰਨੀ ਢੰਗ ਨਾਲ ਉਲਟਾਉਣ ਦੀ ਸਾਜ਼ਿਸ਼ ਰਚਣ ਦਾ ਦੋਸ਼ ਸੀ। ਸਾਬਕਾ ਰਾਸ਼ਟਰਪਤੀ ਵਿਰੁੱਧ ਇਹ ਚੌਥਾ ਅਪਰਾਧਿਕ ਮਾਮਲਾ ਹੈ ਅਤੇ ਇਸ ਮਹੀਨੇ ਦੂਜਾ ਮਾਮਲਾ ਹੈ, ਜਿਸ ਵਿਚ ਦੋਸ਼ ਹੈ ਕਿ ਉਸ ਨੇ ਵੋਟਾਂ ਦੇ ਨਤੀਜਿਆਂ ਨੂੰ ਉਲਟਾਉਣ ਦੀ ਕੋਸ਼ਿਸ਼ ਕੀਤੀ।

**ਕਈ ਦੋਸ਼ਾਂ ਤਹਿਤ ਕਾਰਵਾਈ ਕੀਤੀ**

ਇਲਜ਼ਾਮ ਵਿੱਚ ਟਰੰਪ ਅਤੇ ਉਸਦੇ ਸਹਿਯੋਗੀਆਂ ਦੁਆਰਾ ਉਸਦੀ ਹਾਰ ਨੂੰ ਘੱਟ ਕਰਨ ਲਈ ਕਈ ਕਾਰਵਾਈਆਂ ਦਾ ਵੇਰਵਾ ਦਿੱਤਾ ਗਿਆ ਹੈ, ਜਿਸ ਵਿੱਚ ਜਾਰਜੀਆ ਦੇ ਰਿਪਬਲਿਕਨ ਸੈਕਟਰੀ ਆਫ ਸਟੇਟ ਨੂੰ ਸੱਤਾ ਵਿੱਚ ਬਣੇ ਰਹਿਣ ਲਈ ਲੋੜੀਂਦੀਆਂ ਵੋਟਾਂ ਪ੍ਰਾਪਤ ਕਰਨ ਲਈ ਧੋਖਾ ਦੇਣਾ, ਵੋਟਰਾਂ ਦੀ ਧੋਖਾਧੜੀ ਦੇ ਜਾਅਲੀ ਦਾਅਵਿਆਂ ਦੇ ਨਾਲ-ਨਾਲ ਅਧਿਕਾਰੀਆਂ ਨੂੰ ਪਰੇਸ਼ਾਨ ਕਰਨਾ ਅਤੇ ਜਾਰਜੀਆ ਦੇ ਸੰਸਦ ਮੈਂਬਰਾਂ ਨੂੰ ਮਨਾਉਣ ਦੀ ਕੋਸ਼ਿਸ਼ ਸ਼ਾਮਲ ਹੈ।

**ਟਰੰਪ ਦੇ ਸਹਿਯੋਗੀ ਹਾਰ ਨੂੰ ਬਰਦਾਸ਼ਤ ਨਹੀਂ ਕਰ ਸਕਦੇ**

ਫੁਲਟਨ ਕਾਉਂਟੀ ਦੇ ਡਿਸਟ੍ਰਿਕਟ ਅਟਾਰਨੀ ਫੈਨੀ ਵਿਲਿਸ ਦੇ ਦਫਤਰ ਦੁਆਰਾ ਸੋਮਵਾਰ ਰਾਤ ਨੂੰ ਜਾਰੀ



ਕੀਤੇ ਗਏ ਇਲਜ਼ਾਮ ਵਿੱਚ ਕਿਹਾ ਗਿਆ ਹੈ, ÷ਟਰੰਪ ਅਤੇ ਇਸ ਦੋਸ਼ ਵਿੱਚ ਲਗਾਏ ਗਏ ਹੋਰ ਬਚਾਅ ਪੱਖ ਇਹ ਮੰਨਣ ਤੋਂ ਇਨਕਾਰ ਕਰਦੇ ਹਨ ਕਿ ਟਰੰਪ ਹਾਰ ਗਏ ਅਤੇ ਜਾਣਬੁੱਝ ਕੇ ਚੋਣ ਨਤੀਜੇ ਟਰੰਪ ਦੇ ਹੱਕ ਵਿੱਚ ਬਦਲਣ ਲਈ ਇਸ ਸਾਜ਼ਿਸ਼ ਵਿੱਚ ਸ਼ਾਮਲ ਹੋਏ।ਹੋਰ ਬਚਾਓ ਪੱਖਾਂ ਵਿੱਚ ਵ੍ਹਾਈਟ ਹਾਊਸ ਦੇ ਸਾਬਕਾ ਚੀਫ਼ ਆਫ਼ ਸਟਾਫ਼ ਮਾਰਕ ਮੀਡੋਜ਼ , ਟਰੰਪ ਦੇ ਨਿੱਜੀ ਅਟਾਰਨੀ ਰੂਡੀ ਗਿਉਲਿਆਨੀ ਅਤੇ ਟਰੰਪ ਪ੍ਰਸ਼ਾਸਨ ਦੇ ਨਿਆਂ ਵਿਭਾਗ ਦੇ ਅਧਿਕਾਰੀ ਜੈਫਰੀ ਕਲਾਰਕ ਸ਼ਾਮਲ ਹਨ, ਜਿਨ੍ਹਾਂ ਨੇ ਜਾਰਜੀਆ ਵਿੱਚ ਆਪਣੀ ਚੋਣ ਹਾਰ ਨੂੰ ਰੋਕਣ ਲਈ ਆਪਣੀਆਂ ਕੋਸ਼ਿਸ਼ਾਂ ਤੇਜ਼ ਕੀਤੀਆਂ ਹਨ।

**ਦੰਗਿਆਂ ਦੇ ਢਾਈ ਸਾਲ ਬਾਅਦ ਜਵਾਬਦੇਹ ਬਣਾਉਣ ਲਈ ਚੁੱਕੇ ਗਏ ਕਦਮ-** ਇਹ ਨਿਆਂ ਵਿਭਾਗ ਦੇ ਇੱਕ ਵਿਸ਼ੇਸ਼ ਵਕੀਲ ਦੁਆਰਾ ਚੋਣ ਨੂੰ ਵਿਗਾੜਨ ਲਈ ਇੱਕ ਵੱਡੀ ਸਾਜ਼ਿਸ਼ ਦਾ ਦੋਸ਼ ਲਗਾਏ ਜਾਣ ਦੇ ਦੋ ਹਫ਼ਤੇ ਬਾਅਦ ਆਇਆ ਹੈ। 6 ਜਨਵਰੀ, 2021 ਨੂੰ ਯੂਐਸ ਕੈਪੀਟਲ ਵਿੱਚ ਦੰਗਿਆਂ ਦੇ ਢਾਈ ਸਾਲਾਂ ਬਾਅਦ, ਅਮਰੀਕੀ ਲੋਕਤੰਤਰ ਦੀ ਨੀਂਹ ਉੱਤੇ ਹੋਏ ਹਮਲੇ ਲਈ ਟਰੰਪ ਨੂੰ ਜਵਾਬਦੇਹ ਠਹਿਰਾਉਣ ਲਈ ਕਦਮ ਚੁੱਕੇ ਗਏ ਹਨ।ਇਲਜ਼ਾਮ ਵਿੱਚ ਟਰੰਪ ਤੇ ਜਾਰਜੀਆ ਦੇ ਸੈਕਟਰੀ ਆਫ਼ ਸਟੇਟ ਬ੍ਰੈਡ ਰੈਫੇਨਸਪਰਗਰ ਅਤੇ ਹੋਰ ਰਾਜ ਚੋਣ ਅਧਿਕਾਰੀਆਂ ਨੂੰ ਕੀਤੇ ਗਏ ਦਾਅਵਿਆਂ ਦੀ ਇੱਕ ਲੜੀ ਲਈ 2 ਜਨਵਰੀ, 2021 ਨੂੰ ਝੂਠੇ ਬਿਆਨ ਅਤੇ ਲਿਖਤਾਂ ਦੇਣ ਦਾ ਦੋਸ਼ ਲਗਾਇਆ ਗਿਆ ਹੈ ।




# ਸੋਲਰ ਊਰਜਾ ਨਾਲ ਰੁਸ਼ਨਾਏਗਾ ਪੰਜਾਬ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)-ਪੰਜਾਬ ਸਰਕਾਰ ਨੇ ਸੂਰਜੀ ਊਰਜਾ ਦਾ ਸਭ ਤੋਂ ਵੱਡਾ ਬਿਜਲੀ ਸਮਝੌਤਾ ਕੀਤਾ ਹੈ ਜਿਸ ਦੀ ਬਿਜਲੀ ਖ਼ਰੀਦ ਦਰ ਕਾਫ਼ੀ ਘੱਟ ਦੱਸੀ ਜਾ ਰਹੀ ਹੈ। ਸੂਰਜੀ ਊਰਜਾ ਦੀ ਖ਼ਰੀਦ ਵਾਸਤੇ ਇਹ 1200 ਮੈਗਾਵਾਟ ਦਾ ਬਿਜਲੀ ਖ਼ਰੀਦ ਸਮਝੌਤਾ ਕੀਤਾ ਗਿਆ ਹੈ ਜਿਸ ਦੀ ਮਿਆਦ 25 ਸਾਲਾਂ ਦੀ ਹੋਵੇਗੀ। ਇਸ ਤੋਂ ਪਹਿਲਾਂ ਸੂਰਜੀ ਊਰਜਾ ਦਾ ਸਭ ਤੋਂ ਵੱਡਾ ਬਿਜਲੀ ਖ਼ਰੀਦ ਸਮਝੌਤਾ 500 ਮੈਗਾਵਾਟ ਦਾ ਸੀ ਜੋ ਕਿ 26 ਜੂਨ 2023 ਨੂੰ ਹੋਇਆ ਸੀ। ਮੁੱਖ ਮੰਤਰੀ ਭਗਵੰਤ ਮਾਨ ਦੀ ਮੌਜੂਦਗੀ ’ਚ ਅੱਜ ਸਤਲੁਜ ਜਲ ਬਿਜਲੀ ਨਿਗਮ ਗਰੀਨ ਐਨਰਜੀ ਲਿਮਟਿਡ ਜੋ ਕਿ ਭਾਰਤ ਸਰਕਾਰ ਦੀ ਕੰਪਨੀ ਹੈ, ਨਾਲ ਪਾਵਰਕੌਮ ਨੇ ਸੰਗਰੂਰ ’ਚ ਬਿਜਲੀ ਖ਼ਰੀਦ ਸਮਝੌਤੇ ’ਤੇ ਦਸਤਖ਼ਤ ਕੀਤੇ। ਗਰੀਨ ਐਨਰਜੀ ਲਿਮਿਟਡ ਵੱਲੋਂ ਸੀਐੱਮਡੀ ਨੰਦ ਲਾਲ ਸ਼ਰਮਾ, ਪਾਵਰਕੌਮ ਵੱਲੋਂ ਸੀਐੱਮਡੀ ਬਲਦੇਵ ਸਿੰਘ ਸਰਾ ਅਤੇ ਡਾਇਰੈਕਟਰ (ਜੈਨਰੇਸ਼ਨ) ਪਰਮਜੀਤ ਸਿੰਘ ਹਾਜ਼ਰ ਰਹੇ। ਪਾਵਰਕੌਮ ਨੇ ਸੂਰਜੀ ਊਰਜਾ ਖ਼ਰੀਦ ਵਾਸਤੇ ਗਲੋਬਲ ਟੈਂਡਰ ਜਾਰੀ ਕੀਤੇ ਸਨ। ਗਰੀਨ ਐਨਰਜੀ ਲਿਮਿਟਡ ਵੱਲੋਂ ਬੀਕਾਨੇਰ ਅਤੇ ਭੁਜ ਸਥਿਤ ਪ੍ਰਾਜੈਕਟਾਂ ਤੋਂ ਪੰਜਾਬ ਨੂੰ 2.53 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਬਿਨਾਂ ਕਿਸੇ ਸਾਲਾਨਾ ਵਾਧੇ ਤੋਂ 25 ਸਾਲਾਂ ਲਈ ਬਿਜਲੀ ਦਿੱਤੀ ਜਾਵੇਗੀ। ਇਸੇ ਦੌਰਾਨ ਪਾਵਰਕੌਮ ਵੱਲੋਂ ਗਰੀਨ ਐਨਰਜੀ ਲਿਮਿਟਡ ਨੂੰ ਕੋਈ ਟਰਾਂਸਮਿਸ਼ਨ ਚਾਰਜ ਅਤੇ ਟਰਾਂਸਮਿਸ਼ਨ ਲੌਸ ਵੀ ਨਹੀਂ ਦਿੱਤਾ ਜਾਵੇਗਾ। ਗਰੀਨ ਐਨਰਜੀ ਵੱਲੋਂ ਡੇਢ ਸਾਲ ਵਿਚ ਆਪਣੇ ਪ੍ਰਾਜੈਕਟ ਚਾਲੂ ਕੀਤੇ ਜਾਣਗੇ ਅਤੇ ਕਰੀਬ 83 ਲੱਖ ਯੂਨਿਟ ਰੋਜ਼ਾਨਾ ਪੈਦਾ ਹੋਵੇਗੀ। ਪਾਵਰਕੌਮ ਨੂੰ ਖੇਤੀ ਸੈਕਟਰ ਵਾਸਤੇ ਦਿਨ ਸਮੇਂ ਬਿਜਲੀ ਸਪਲਾਈ ਦੇਣ ਲਈ ਇਹ ਸੂਰਜੀ ਊਰਜਾ ਸਹਾਈ ਹੋਵੇਗੀ। ਮਿਲੇ ਵੇਰਵਿਆਂ ਅਨੁਸਾਰ ਗਰੀਨ ਐਨਰਜੀ ਲਿਮਿਟਡ ਨੇ 2.59 ਰੁਪਏ ਪ੍ਰਤੀ ਯੂਨਿਟ ਬਿਜਲੀ ਦੀ ਦਰ ਰੱਖੀ ਸੀ ਪ੍ਰੰਤੂ ਪੰਜਾਬ ਸਰਕਾਰ ਨੇ ਇਸ ਕੰਪਨੀ ’ਤੇ ਦਬਾਅ ਬਣਾ ਕੇ ਪ੍ਰਤੀ ਯੂਨਿਟ ਛੇ ਪੈਸੇ ਦੀ ਕਟੌਤੀ ਕਰਾਈ। ਇਸੇ ਤਰ੍ਹਾਂ ਕੰਪਨੀ ਦੇ ਹੁਸ਼ਿਆਰਪੁਰ ਵਿਚਲੇ ਪ੍ਰਾਜੈਕਟ ਤੋਂ 200 ਮੈਗਾਵਾਟ ਬਿਜਲੀ ਲੈਣ ਲਈ 2.75 ਰੁਪਏ ਪ੍ਰਤੀ ਯੂਨਿਟ ਬਿਜਲੀ ਦਾ ਸਮਝੌਤਾ ਕੀਤਾ ਗਿਆ ਹੈ।









# ਐਸਜੀਪੀਸੀ ਗੁਰਦੁਆਰਾ ਸਾਹਿਬਾਨ ’ਚ ਨਹੀਂ ਚੜ੍ਹਨਗੇ ਖਿਡੌਣਾ ਜਹਾਜ਼

ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)- ਪਿਛਲੇ ਦਿਨੀਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਵਿਦੇਸ਼ ਜਾਣ ਦੀ ਚਾਹ ’ਚ ਖਿਡੌਣੇ ਵਾਲਾ ਜਹਾਜ਼ ਚੜ੍ਹਾ ਕੇ ਸੇਵਾਦਾਰ ਪਾਸੋਂ ਅਰਦਾਸ ਕਰਵਾਉਣ ਦੀ ਫੋਟੋ ਵਾਇਰਲ ਹੋਈ ਸੀ ਜਿਸ ਤੋਂ ਬਾਅਦ ਸੋਸ਼ਲ ਮੀਡੀਆ ’ਤੇ ਕਾਫੀ ਚਰਚਾ ਦਾ ਵਿਸ਼ਾ ਬਣ ਕੇ ਇਸ ਨੂੰ ਮਨਮਤਿ ਨਾਲ ਜੋੜਿਆ ਗਿਆ। ਇਸ ਤੋਂ ਬਾਅਦ ਇਹ ਅਵਾਜ਼ ਵੀ ਉੱਠੀ ਕਿ ਗੁਰਦੁਆਰਿਆਂ ’ਚ ਚੜ੍ਹਾਏ ਜਾਂਦੇ ਖਿਡੌਣਾ ਜਹਾਜ਼ਾਂ ਦਾ ਪ੍ਰਚਲਨ ਹੁਣ ਬੰਦ ਹੋ ਸਕਦਾ ਹੈ। ਇਸ ਸੰਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਸਬੰਧੀ ਹਦਾਇਤ ਜਾਰੀ ਕਰਨ ਦੇ ਆਦੇਸ਼ ਕੀਤੇ ਹਨ ਕਿ ਸਮੁੱਚਾ ਸਰਕੂਲਰ ਜਾਰੀ ਕੀਤਾ ਜਾਵੇ ਤਾਂ ਜੋ ਮਨਮਤਿ ਨੂੰ ਰੋਕਣ ਲਈ ਕੋਈ ਖਿਡਣਾ ਸੇਵਾਦਾਰਾਂ ਗ੍ਰੰਥੀ ਸਿੰਘਾਂ ਵੱਲੋਂ ਪਰਵਾਨ ਨਾ ਕੀਤਾ ਜਾਵੇ ਤੇ ਵਾਪਸ ਮੋੜ ਦਿੱਤਾ ਜਾਵੇ।































SOUTH POINT
A MASTER PLANNED COMMUNITY
70 ਏਕੜ
ਰਿਹਾਇਸੀ
ਕਮਿਓਨਿਟੀ ਵਿੱਚ ਘਰ
ਹੁਣ ਵੇਚੇ ਜਾ ਰਹੇ ਹਨ
MODERN SINGLE FAMILY HOMES
BACK TO BACK TOWNHOMES
DUPLEX HOMES
SINGLE FAMILY LANE HOMES
URBAN TOWNHOMES
ROWHOMES
403.980.1979 | VESTASOUTHPOINT.COM
VESTA PROPERTIES
Sales Centre & Showhomes
600 South Point Heath SW, Airdrie, AB
Renderings are an artist's conception and are intended as a general reference only.

# ਹੁਣ ਜਗਰਾਵਾਂ ਵਾਲੀ ਕਚਿਹਰੀ ਕੈਲਗਰੀ ਲੱਗਿਆ ਕਰੂ

## ਸ: ਅਵਤਾਰ ਸਿੰਘ ਤੂਰ ਨੇ ਪੰਜਾਬ ਦੀਆਂ ਕਚਹਿਰੀਆਂ ਵਾਲੀਆਂ ਸੇਵਾਵਾਂ ਦੇਣ ਲਈ ਕੈਲਗਰੀ ਵਿਖੇ ਦਫਤਰ ਖੋਲਿਆ







ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬ ਦੇ ਲੋਕ ਵੱਡੀ ਗਿਣਤੀ ਵਿੱਚ ਪੰਜਾਬ ਤੋਂ ਕਨੇਡਾ ਪਰਵਾਸ ਕਰ ਰਹੇ ਹਨ ਤਾਂ ਇਸ ਪ੍ਰਵਾਸ ਉਪਰੰਤ ਆਪਣੀ ਜ਼ਮੀਨ ਜਾਇਦਾਦ ਦੇ ਮਸਲਿਆਂ ਸਬੰਧੀ ਹਰ ਕਿਸੇ ਲਈ ਪੰਜਾਬ ਜਾਕੇ ਪੰਜਾਬ ਦੀਆਂ ਕਚਿਹਰੀਆਂ ਵਿੱਚ ਹਾਜਰੀਆਂ ਭਰਨੀਆਂ ਬਹੁਤ ਔਖਾ ਲੱਗਦਾ ਹੈ। ਪਰ ਹੁਣ ਜਗਰਾਵਾਂ ਸਹਿਰ ਦੀਆਂ ਕਚਹਿਰੀਆਂ ਵਿੱਚ 35 ਸਾਲ ਦਾ ਤਜ਼ਰਬਾ ਰੱਖਣ ਵਾਲੇ ਸ: ਅਵਤਾਰ ਸਿੰਘ ਤੂਰ ਨੇ ਕੈਲਗਰੀ ਵਿੱਚ ਹੀ ਆਪਣਾ ਦਫਤਰ ਖੋਲ ਦਿੱਤਾ ਹੈ। ਪ੍ਰੇਰੀਵਿੰਡਜ਼ ਪਾਰਕ ਅਤੇ ਸਾਂਝਾ ਪੰਜਾਬ ਗਰੌਸਰੀ ਸਟੋਰ (ਮੈਕਨਾਈਟ ਐਲ ਆਰ ਟੀ ਵਾਲਾ) ਦੇ ਵਿਚਕਾਰ 76 ਨੰਬਰ ਵਾਲੀ ਬਿਲਡਿੰਗ ਵਿੱਚ ਬੇਅ ਨੰਬਰ 2140 ਵਿਖੇ ਪੰਜਾਬ ਲੈਂਡ ਡਾਕੂਮੈਂਟਸ ਰਾਈਟਰ ਦਾ ਬੋਰਡ ਲੱਗਿਆ ਦਿਖਾਈ ਦਿੰਦਾ ਹੈ। ਬੀਤੀ 13 ਅਗਸਤ ਵਾਲੇ ਦਿਨ ਉਹਨਾਂ ਆਪਣੇ ਇਸ ਦਫਤਰ ਦੀ ਗ੍ਰੈਂਡ ਓਪਨਿੰਗ ਵੀ ਕਰ ਦਿੱਤੀ ਹੈ। ਇਸ ਮੌਕੇ ਕੈਲਗਰੀ ਸਹਿਰ ਦੀਆਂ ਨਾਮਵਰ ਸਖ਼ਸੀਅਤਾਂ ਨੇ ਹਾਜਰੀ ਭਰੀ। ਹੁਣ ਇਸ ਦਫਤਰ ਵਿੱਚੋਂ ਤੁਹਾਨੂੰ ਸਭ ਕਾਨੂੰਨੀ ਸਹਾਇਤਾ ਵੀ ਮਿਲ ਸਕੇਗੀ ਕਿਉਂਕਿ ਪੰਜਾਬੀ ਭਾਈਚਾਰੇ ਦੀ ਹੀ ਵਕੀਲ ਨਵ ਬਰਾੜ ਦਾ ਦਫਤਰ ਵੀ ਇਥੇ ਹੀ ਹੈ। ਹੁਣ ਤੁਸੀਂ ਆਪਣੀ ਜ਼ਮੀਨ ਜਾਇਦਾਦ ਦੀ ਵੇਚ ਵਟ, ਗਿਰਦਾਵਰੀ, ਵਿਰਾਸਤ, ਇੰਤਕਾਲ, ਹਰ ਪ੍ਰਕਾਰ ਦੇ ਮੁਖਤਿਆਰਨਾਮੇ ਸਬੰਧੀ ਸੇਵਾਵਾਂ ਇੱਥੋਂ ਲੈ ਸਕੋਗੇ।

# ਝੂਟੇ ਮਾਟੇ ਕਰਦੇ ਕਰਦੇ 500 ਸੈਲਾਨੀ ਪਹਾੜੀ ਦੀ ਚੋਟੀ ਉੱਪਰ ਹੀ ਫਸ ਗਏ ਸਨ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਕੈਲਗਰੀ ਦੇ ਨੇੜੇ ਹੀ ਪੈਂਦੇ ਸੈਲਾਨੀ ਏਰੀਆ ਬੈਂਫ ਵਿਖੇ ਬਿਜਲੀ ਬੰਦ ਹੋਣ ਕਾਰਨ ਬੈਂਫ ਗੰਡੋਲਾ ਬੰਦ ਹੋ ਗਿਆ ਸੀ, ਜਿਸ ਕਾਰਣ ਸੈਂਕੜੇ ਸੈਲਾਨੀ ਪਹਾੜੀ ਚੋਟੀ 'ਤੇ ਫਸ ਗਏ ਸਨ। ਜੇਕਰ ਉਹ ਪਹਾੜੀ ਰਸਤੇ ਆਉਂਦੇ ਸਨ ਤਾਂ ਲੱਗਪੱਗ ਸਾਢੇ ਪੰਜ ਕਿਲੋਮੀਟਰ ਦਾ ਵਿੰਗਾ ਟੇਡਾ ਰਸਤਾ ਅਖਤਿਆਰ ਕਰਨਾ ਪੈਣਾਂ ਸੀ। ਪਰ ਬਜੁਰਗਾਂ ਅਤੇ ਬੱਚਿਆਂ ਲਈ ਇਸ ਰਸਤੇ ਆਉਣਾ ਮੁਸਕਿਲ ਸੀ। ਰਾਤ ਸਮੇਂ ਪਾਰਕ ਦੇ ਗੰਡੋਲਾ ਨੂੰ ਬੰਦ ਹੋਣ ਤੋਂ ਬਾਅਦ, ਸੈਂਕੜੇ ਲੋਕਾਂ ਨੇ ਅਚਾਨਕ ਬੈਨਫ ਦੇ ਸਲਫਰ ਮਾਉਂਟੇਨ ਦੇ ਸਿਖਰ 'ਤੇ ਵਿਜ਼ਟਰ ਸੈਂਟਰ ਵਿੱਚ ਹੀ ਰਾਤ ਬਿਤਾਈ। ਫਸੇ ਹੋਏ ਲੋਕਾਂ ਨੂੰ ਤੋਹਫਿਆਂ ਵਾਲੀ ਦੁਕਾਨ ਤੋਂ ਕੰਬਲ ਅਤੇ ਸਵੈਟਰ ਮਹਿੰਗੇ ਮੁੱਲ ਖਰੀਦਣੇ ਪਏ। ਮੰਨਿਆ ਜਾਂਦਾ ਹੈ ਕਿ ਰਾਤ 8:30 ਵਜੇ ਬਿਜਲੀ ਚਲੀ ਗਈ ਸੀ। ਆਰ ਸੀ ਐਮ ਪੀ ਅਤੇ ਸੈਲਾਨੀ ਏਰੀਆ ਦੇ ਮੁਲਾਜਮਾਂ ਨੇ ਲੋਕਾਂ ਨੂੰ ਹੇਠਾ ਲੈਕੇ ਆਉਣ ਦੀਆਂ ਕੋਸ਼ਿਸਾਂ ਵਿੱਚ ਪੂਰਾ ਯੋਗਦਾਨ ਪਾਇਆ। ਵਰਨਣ ਯੋਗ ਹੈ ਕਿ ਬੈਂਫ ਏਰੀਆਂ ਵਿੱਚ ਪਹਾੜ ਦੀ ਉਚਾਈ ਉੱਪਰ ਰੈਸਟੋਰੈਂਟ ਅਤੇ ਸੈਲਾਨੀਆਂ ਦੇ ਘੁੰਮਣ ਲਈ ਇਹ ਏਰੀਆ ਬਣਿਆ ਹੋਇਆ ਹੈ ਜਿਸ ਉੱਪਰ ਜਾਣ ਲਈ ਲੋਹੇ ਦੀ ਮੋਟੀ ਤਾਰ ਦੇ ਸਹਾਰੇ (ਗੰਡੋਲਾ) ਡੋਲੀਆਂ ਰਾਹੀਂ ਉੱਪਰ ਜਾਇਆ ਜਾਂਦਾ ਹੈ। ਸੀ ਟੂ ਸਕਾਈ ਨਾਂ ਦਾ ਇਹ ਪ੍ਰਜੈਕਟ ਦੇ ਇਸ ਘਟਨਾ ਨਾਲ ਚਰਚਾ ਵਿੱਚ ਆ ਗਿਆ ਹੈ।

# ਬਉਮਾਂਟ ਸ਼ਹਿਰ ਦੀ ਆਬਾਦੀ ਵਧਣ ਕਾਰਣ ਬਜ਼ੁਰਗ ਸਹੂਲਤਾਂ ਮੰਗ ਰਹੇ ਹਨ



ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਡਮਿੰਟਨ ਦੇ ਨੇੜਲੇ ਸਹਿਰ ਬਉਮਾਂਟ ਵਿੱਚ ਸੀਨੀਅਰ ਸਿਟੀਜਨ ਦੀ ਮੀਟਿੰਗ ਸਤੀਸ਼ ਸਚਦੇਵਾ ਦੀ ਪ੍ਰਧਾਨਗੀ ਹੇਠ ਫਾਰੈਸਟ ਹਾਈਟ ਵਿਖੇ ਹੋਈ। ਇਸ ਮੌਕੇ ਬੜੇ ਹੀ ਰੋਸ ਭਰੇ ਲਹਿਜੇ ਵਿੱਚ ਮੈਂਬਰਾਂ ਨੇ ਵਿਚਾਰ ਕੀਤੀ ਕਿ ਇਸ ਸਹਿਰ ਵਿੱਚ ਜਿਸ ਤਰਾਂ ਤੇਜੀ ਨਾਲ ਘਰ ਬਣ ਰਹੇਹਨ। ਬਾਹਰੋਂ ਲੋਕ ਆ ਰਹੇ ਹਨ, ਉਨ੍ਹਾਂ ਲਈ ਸਿਟੀ ਪ੍ਰਸਾਸ਼ਨ ਵੱਲੋਂ ਪਾਰਕ, ਪਬਲਿਕ ਵਾਸ਼ਰੂਮ, ਲੋਕਲ ਬੱਸ ਦੀ ਕੋਈ ਸਹੂਲਤ ਨਹੀ ਹੈ। ਬਜੁਰਗਾਂ ਲਈ ਦਵਾਈ ਬੂਟੀ ਵਾਸਤੇ ਬੱਚਿਆਂ ਤੇ ਨਿਰਭਰਤਾ ਹੈ।ਸਿਟੀ ਵੱਲੋਂ ਵਾਰ ਵਾਰ ਲਿਖ ਕੇ ਦੇਣ ਦੇ ਬਾਵਜੂਦ ਕੋਈ ਸਹੂਲਤ ਹਾਲੇ ਤੱਕ ਨਹੀ ਦਿੱਤੀ ਗਈ। ਮੰਗ ਕੀਤੀ ਗਈ ਕਿ ਫੌਰੀ ਬੱਸ ਸਰਵਿਸ ਸਵੇਰ ਤੋ ਸ਼ਾਮ ਤੱਕ ਇੱਕ ਇੱਕ ਘੰਟੇ ਦੇ ਵਕਫੇ ਨਾਲ ਐਡਮਿੰਟਨ ਤੱਕ ਚਲਾਈ ਜਾਵੇ ਅਤੇ ਹੋਰ ਸਹੂਲਤਾਂ ਦਿੱਤੀਆਂ ਜਾਣ। ਮੀਟਿੰਗ ਵਿੱਚ ਦਲਵਿੰਦਰ ਸਿੰਘ ਅਟਵਾਲ, ਬੂਟਾ ਸਿੰਘ, ਮੇਜਰ ਸਿੰਘ, ਮਾਸਟਰ ਅਵਤਾਰ ਸਿੰਘ, ਬਚਿੱਤਰ ਸਿੰਘ, ਅਜਮੇਰ ਸਿੰਘ, ਚੂਹੜ ਸਿੰਘ, ਅਨੂਪ ਸਿੰਘ, ਭਾਈ ਦਿਆਲ ਸਿੰਘ, ਨਾਜਰ ਸਿੰਘ, ਸੁਖਦੇਵ ਸਿੰਘ ਗੋਸਲ, ਗੈਰੀ ਸਰਾਂ, ਮਲਕੀਤ ਸਿੰਘ ਹਾਜਰ ਸਨ। 19 ਸਤੰਬਰ ਨੂੰ ਭਾਦਰੋਂ ਮਹੀਨੇ ਦੀ ਸੰਗਰਾਂਦ ਬਉਮਾਂਟ ਵਿਖੇ ਮਨਾਈ ਜਾਏਗੀ।

# ਰੱਖੜੀ ਅਤੇ ਮਿਠਾਈ ਦੋਵੇਂ ਇੱਕੋ ਜਗਾਹ ਤੋਂ 28,29 ਅਤੇ 30 ਅਗਸਤ ਨੂੰ ਖਰੀਦ ਸਕਦੇ ਹੋ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਰੱਖੜੀ ਦਾ ਤਿਉਹਾਰ 30 ਅਗਸਤ 2023 ਵਾਲੇ ਦਿਨ ਆ ਰਿਹਾ ਹੈ। ਕੈਲਗਰੀ ਵਿੱਚ ਵਸਦੇ ਪੰਜਾਬੀ ਭਾਈਚਾਰੇ ਦੀ ਰੱਖੜੀ ਅਤੇ ਮਿਠਾਈ ਦੀ ਲੋੜ ਨੂੰ ਪੂਰਾ ਕਰਨ ਲਈ ਇੰਡੀਆ ਪੈਲੇਸ ਰੈਸਟੋਰੈਂਟ ਐਂਡ ਸਵੀਟਸ ਕੈਲਗਰੀ ਵਾਲਿਆਂ ਤਿੰਨ ਦਿਨ 28,29 ਅਤੇ 30 ਅਗਸਤ ਨੂੰ ਸਪੈਸਲ ਮਿਠਾਈ ਦੀ ਸੇਲ ਲਗਾਈ ਹੈ। ਹੁਣ ਤੁਸੀਂ ਰੱਖੜੀਆਂ ਅਤੇ ਮਿਠਾਈ ਇੱਕੋ ਜਗਾਹ ਤੋਂ ਖਰੀਦ ਸਕਦੇ ਹੋ। ਇੰਡੀਆ ਪੈਲੇਸ ਰੈਸਟੋਰੈਂਟ ਐਂਡ ਸਵੀਟਸ ਪੰਜਾਬੀ ਭਾਈਚਾਰੇ ਦੀ ਉਹ ਪੁਰਾਣੀ ਦੁਕਾਨ ਹੈ ਜਿੱਥੋਂ ਤੁਸੀ ਮੱਕੀ ਦੀ ਰੋਟੀ, ਸਰੋਂ ਦਾ ਸਾਗ, ਗੋਲ ਗੱਪੇ, ਚਾਟ ਪਾਪੜੀ ,ਇਡਲੀ ਸਾਂਬਰ ਵਰਗੇ ਸੁਆਦਲੇ ਖਾਣਿਆਂ ਦਾ ਆਨੰਦ ਲੰਮੇ ਸਮੇਂ ਤੋਂ ਮਾਣਦੇ ਆ ਰਹੇ ਹੋ। ਹੁਣ ਉਹਨਾਂ ਨੇ ਤੁਹਾਡੇ ਲਈ ਸਮੋਸਿਆਂ ਦੀ ਹੋਲ ਸੇਲ ਦੀ ਪੇਸ਼ਕਸ ਵੀ ਕੀਤੀ ਹੈ। ਤੁਹਾਡੇ ਘਰ ਕੋਈ ਵੱਡਾ ਫੰਕਸ਼ਨ ਹੈ ,ਦੋ ਚਾਰ ਸੌ ਸਮੋਸਾ ਚਾਹੀਦਾ ਹੈ ਤਾਂ ਉਹ ਵੀ ਤੁਹਾਨੂੰ ਹੋਲਸੇਲ ਵਿੱਚ ਮਿਲ ਜਾਵੇਗਾ। ਤੁਹਾਨੂੰ ਆਪਣੇ ਕਿਸੇ ਬਿਜਨਿਸ ਉੱਪਰ ਅੱਗੇ ਸੇਲ ਕਰਨ ਲਈ ਸਮੋਸੇ ਚਾਹੀਦੇ ਹਨ ਤਾਂ ਵੀ ਇੰਡੀਆ ਪੈਲੇਸ ਰੈਸਟੋਰੈਂਟ ਐਂਡ ਸਵੀਟਸ ਕੈਲਗਰੀ ਵਾਲਿਆਂ ਨੂੰ ਸੰਪਰਕ ਕਰ ਸਕਦੇ ਹੋ।












# ਚੱਲ ਉੱਠ ਨੀ ਬਚਨ ਕੁਰੇ, ਚੱਲ ਉੱਠ ਖੇਤਾਂ ਨੂੰ ਚੱਲੀਏ - ਕਿਸਾਨੀ ਮੋਰਚੇ ਦੀਆਂ ਯਾਦਾਂ ਲਿਖਾਰੀਆਂ ਯਾਦ ਕੀਤੀਆਂ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਲੇਖਕ ਸਭਾ ਦੀ ਪ੍ਰਧਾਨ ਜਸਵੀਰ ਸਿੰਘ ਸਹੋਤਾ, ਬਲਵਿੰਦਰ ਬਰਾੜ ਅਤੇ ਰਿਟਾਇਰਡ ਰਿਜ਼ਨਲ ਮੈਨੇਜਰ, ਫੂਡ ਐਂਡ ਸਪਲਾਈ ਸ਼੍ਰੀ ਏ.ਕੇ.ਪੁਰੀ ਦੀ ਪ੍ਰਧਾਨਗੀ ਹੇਠ ਅਗਸਤ ਮਹੀਨੇ ਦੀ ਮੀਟਿੰਗ ਦੌਰਾਨ ਪੰਜਾਬੀ ਦੇ ਸਿਰਮੌਰ ਗਾਇਕ ਸੁਰਿੰਦਰ ਸ਼ਿੰਦਾ ਦੀ ਬੇ ਵਕਤੀ ਮੌਤ ਸਬੰਧੀ ਹਾਜ਼ਰੀਨ ਵੱਲੋਂ ਇੱਕ ਮਿੰਟ ਦਾ ਮੌਨ ਰੱਖ ਕੇ ਵਿਛੜੀ ਆਤਮਾ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।ਮਨਮੋਹਨ ਸਿੰਘ ਬਾਠ, ਤੇਜਾ ਸਿੰਘ ਪ੍ਰੇਮੀ, ਡਾ: ਜੋਗਾ ਸਿੰਘ, ਪ੍ਰੀਤ ਸਾਗਰ ਸਿੰਘ, ਰਿਟਾਇਰਡ ਹੈਡਮਾਸਟਰ ਗੁਰਮੀਤ ਸਿੰਘ ਜੀ, ਏ. ਕੇ. ਪੁਰੀ, ਰਿਟਾਇਰਡ ਡਾ: ਐੱਸ.ਐੱਸ ਥਿੰਦ, ਰਿਟਾਇਰਡ ਹੈਡਮਾਸਟਰ ਗੁਰਮੀਤ ਸਿੰਘ ਨੇ ਮੰਚ ਉਪਰੋਂ ਆਪੋ ਆਪਣੇ ਵਿਚਾਰ ਅਤੇ ਰਚਨਾਵਾਂ ਪੇਸ਼ ਕੀਤੀਆਂ।ਸੰਗਰੂਰ ਵਾਸੀ ਮੋਹਨ ਲਾਲ ਗਰਗ ਜੀ ਜੋ ਕਿ ਵਿਜ਼ਿਟਿੰਗ ਵੀਜ਼ੇ ਤੇ ਆਏ ਹਨ, ਉਨ੍ਹਾਂ ਇਸ ਨਵੇਂ ਸਥਾਨ ਦੇ ਆਪਣੇ ਅਨੁਭਵ ਸਾਂਝੇ ਕੀਤੇ।ਸਿੰਮੀ ਕੌਰ ਗੁਪਤਾ ਨੇ ਜ਼ਿੰਦਗੀ ਵਿੱਚ ਘਟਨਾਵਾਂ ਦੇ ਬਣਦੇ ਮੌਕਾਮੇਲ ਬਾਰੇ ਨਿੱਜੀ ਤਜਰਬੇ ਦੇ ਅਧਾਰ ਤੇ ਗੱਲ ਕੀਤੀ।ਬਲਵਿੰਦਰ ਬਰਾੜ ਹੁਰਾਂ ਵੀ ਨੌਕਰੀ ਦੀ ਸਮਾਪਤੀ ਤੋਂ ਬਾਦ ਦੀ ਜ਼ਿੰਦਗੀ ਦੀ ਇਹ ਤਸ਼ਬੀਹ ਦੇ ਕੇ ਕਿ ਪਹਿਲਾਂ ਕੋਈ 100 ਵਾਟ ਦਾ ਬਲਬ ਤੇ ਕੋਈ 10 ਵਾਟ ਦਾ ਬਲਬ ਹੁੰਦਾ ਹੈ ਪ੍ਰੰਤੂ ਬਾਦ ਵਿੱਚ ਸਾਰੇ ਫ਼ਿਊਜ਼ ਬਲਬ ਹੁੰਦੇ ਹਨ, ਇਸ ਵਿਚਾਰ-ਵਟਾਂਦਰੇ ਨੂੰ ਮੁੱਕਦਾ ਕੀਤਾ। ਉਨ੍ਹਾਂ ਸਾਉਣ ਮਹੀਨੇ ਤੀਆਂ ਦੇ ਤਿਉਹਾਰ ਬਾਰੇ ਦੱਸਿਆ ਕਿ ਚੜ੍ਹੇ ਸਾਉਣ ਪਹਿਲੇ ਜਾਂ ਦੂਜੇ ਦਿਨ ਭਰਾ ਭੈਣਾਂ ਨੂੰ ਸਹੁਰਿਆਂ ਤੋਂ ਲੈ ਕੇ ਆਉਂਦੇ ਹਨ ਅਤੇ ਤੀਜ ਤੋਂ ਤੀਆਂ ਸ਼ੁਰੂ ਹੁੰਦੀਆਂ ਹਨ।ਬਦਲਦੇ ਸਮਿਆਂ ਨਾਲ ਬੇਸ਼ਕ ਇਨ੍ਹਾਂ ਗੀਤਾਂ ਵਿੱਚ ਬਦਲਾਅ ਆ ਗਿਆ ਹੈ ਪਰ ਤਿਉਹਾਰ ਦੀ ਆਭਾ ਅਜੇ ਵੀ ਕਾਇਮ ਹੈ।ਸਕੱਤਰ ਗੁਰਚਰਨ ਥਿੰਦ ਨੇ ਕਿਸਾਨੀ ਅੰਦੋਲਨ ਸਮੇਂ ਕਿਸਾਨ ਮਰਦਾਂ ਦੀ ਗੈਰ ਹਾਜ਼ਰੀ ਵਿੱਚ ਘਰ ਦੀਆਂ ਔਰਤਾਂ ਵੱਲੋਂ ਆਪਣੀਆਂ ਫ਼ਸਲਾਂ ਸੰਭਾਲਣ ਦੀ ਜ਼ਿੰਮੇਵਾਰੀ ਦਰਸਾਉਂਦੀ ਆਪਣੀ ਰਚਨਾ 'ਚਲ ਉੱਠ ਨੀ ਬਚਨ ਕੁਰੇ ਚੱਲ ਉੱਠ ਖੇਤਾਂ ਨੂੰ ਚਲੀਏ, ਕਾਕੇ ਦਾ ਭਾਪਾ ਸੀ ਜੋ ਕੇਰਾ ਕੇਰ ਕੇਰ ਗਿਆ, ਉਨ੍ਹਾਂ ਫੁੱਟੀਆਂ ਤੂਈਆਂ ਦਾ ਚਲ ਜਾ ਸੰਭਾਲ਼ਾ ਕਰੀਏ।' ਪ੍ਰਧਾਨ ਜਸਵੀਰ ਸਿੰਘ ਸਹੋਤਾ ਜੀ ਨੇ 15 ਅਗਸਤ ਨੂੰ ਭਾਰਤ ਦੇ ਅਜ਼ਾਦੀ ਦਿਵਸ ਦੀ ਸਭ ਨੂੰ ਵਧਾਈ ਦਿੱਤੀ

# ਇਹ ਬੰਸਰੀ, ਨੀਰੋ ਦਾ ਮਨ ਪਰਚਾਉਂਦੀ, ਸ਼ਰਮ ਨਹੀਂ ਕਰਦੀ

## ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਿਲਣੀ ਦੌਰਾਨ ਇਹੋ ਜਿਹੀਆਂ ਵੀਚਾਰਾਂ ਹੋਈਆਂ



ਕੈਲਗਰੀ 2(ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਮੀਟਿੰਗ ਦੌਰਾਨ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਾਹਿਤਕਾਰ ਹਰਭਜਨ ਸਿੰਘ ਹੁੰਦਲ, ਪਰਮਜੀਤ ਸਿੰਘ ਸਿੱਧੂ ਅਤੇ ਲੋਕ-ਗਾਇਕ ਸੁਰਿੰਦਰ ਛਿੰਦਾ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਇਨ੍ਹਾਂ ਹਸਤੀਆਂ ਦੀਆਂ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ। ਉਸ ਨੇ ਮਨੀਪੁਰ ਅੰਦਰ ਹੋਈ ਔਰਤਾਂ ਦੀ ਬੇ-ਪਤੀ ਬਾਰੇ ਕਵਿਤਾ ਸੁਣਾਈ - ਦੇਸ਼ ਵਾਸੀਓ ਤੁਹਾਨੂੰ ਬੋਲਣਾ ਹੋਵੇਗਾ। ਦੂਸਰੀ ਕਵਿਤਾ 'ਮਾਂ ਪੰਛੀ ਦੀ ਪੁਕਾਰ' ਬਾਰੇ ਸੀ। ਦੋਵੇਂ ਕਵਿਤਾਵਾਂ ਗਹਿਰਾ ਅਸਰ ਛੱਡ ਗਈਆਂ। ਪ੍ਰਸ਼ੋਤਮ ਭਾਰਦਵਾਜ ਨੇ ਚੋਣਵੇਂ ਕਾਵਿ-ਟੋਟਕੇ ਸੁਣਾਏ ਜੋ ਸਭ ਨੂੰ ਵਿਚਾਰ ਮਗਨ ਕਰ ਗਏ। ਇੱਕ ਵੰਨਗੀ ਇਹ ਸੀ - ਬਿਗਾਨਿਆਂ ਦੇ ਪੱਥਰ ਫੁੱਲ ਵਾਂਗ ਜਾਪੇ ਮੈਨੂੰ, ਇੱਕ ਬੋਲ ਤੇਰਾ ਖੁੱਭਿਆ ਹੈ ਖੰਜਰ ਬਣ ਕੇ। ਜਸਵੀਰ ਸਿਹੋਤਾ ਨੇ ਰੂਸੀ ਨਾਵਲ ''ਹਰਟ ਆਫ ਦ ਡੌਗ'' ਦੇ ਸ਼ਾਹ ਚਮਨ ਦੁਆਰਾ ਕੀਤੇ ਪੰਜਾਬੀ ਅਨੁਵਾਦ ਬਾਰੇ ਜਾਣਕਾਰੀ ਦਿੱਤੀ। ਉਸ ਨੇ ਨਾਵਲ ਦੇ ਰਚੇਤਾ ਮਿਖਾਈਲ ਬਲਗਾਕੋਵ ਸਮੇਤ ਨਾਵਲ ਦੇ ਮੁੱਖ ਕਿਰਦਾਰ ਬਾਰੇ ਅਹਿਮ ਤੱਥ ਸਾਹਮਣੇ ਰੱਖੇ। ਤੇਜਾ ਸਿੰਘ ਪ੍ਰੇਮੀ ਦੀ ਕਵਿਤਾ ਪੇਂਡੂ ਜੀਵਨ ਅਤੇ ਖੇਤੀਬਾੜੀ ਨਾਲ ਸੰਬੰਧਤ ਅਲੋਪ ਹੋ ਰਹੇ ਸ਼ਬਦਾਂ ਨੂੰ ਸਾਂਭਣ ਦਾ ਵਧੀਆ ਉਪਰਾਲਾ ਸੀ - ਨਾ ਪੀਂਘਾਂ ਨਾ ਝਾਟਾ ਸੱਸ ਦਾ, ਹੁਣ ਪਿੰਡਾਂ ਵਿਚ ਰੱਬ ਨਹੀਂ ਵਸਦਾ। ਡਾ। ਮਨਮੋਹਨ ਬਾਠ ਨੇ ਸ਼ਿਵ ਦਾ ਗੀਤ - ਮੈਂ ਇੱਕ ਸ਼ਿਕਰਾ ਯਾਰ ਬਣਾਇਆ ਬੁਲੰਦ ਆਵਾਜ਼ ਅਤੇ ਲੈਅ ਵਿਚ ਗਾ ਕੇ ਸ਼ਿਵ ਨੂੰ ਉਜਾਗਰ ਕਰ ਦਿੱਤਾ। ਜਸਵੰਤ ਸਿੰਘ ਕਪੂਰ ਨੇ ਚਿੰਤਾ ਜਤਾਈ ਕਿ ਪੰਜਾਬੀ ਵਿਰਸੇ ਨੂੰ ਸਿਆਸੀ ਮਾਰਾਂ ਪੈ ਗਈਆਂ ਪਰ ਏਥੇ ਕੈਨੇਡਾ ਵਿੱਚ ਇਸ ਨੂੰ ਸੰਭਾਲਣ ਦੇ ਯਤਨਾਂ ਨੂੰ ਸਲਾਹਿਆ। ਦਿਲਾਵਰ ਸਮਰਾ ਨੇ ਮਨੁੱਖ ਦੁਆਰਾ ਕੀਤੀ ਤਰੱਕੀ ਅਤੇ ਸੁੱਖ-ਸਹੂਲਤਾਂ ਦੀ ਸਿਫ਼ਤ ਕੀਤੀ ਅਤੇ ਸਭ ਨੂੰ ਇਕੱਠਿਆਂ ਆਸ਼ਾਵੰਦ ਹੋ ਕੇ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ। ਮਨਜੀਤ ਬਰਾੜ ਨੇ ਗਾਂ ਦੀ ਹੱਡ-ਬੀਤੀ ਏਨੇ ਭਾਵ-ਪੂਰਤ ਢੰਗ ਨਾਲ ਬਿਆਨ ਕੀਤੀ ਕਿ ਸਾਰਿਆਂ ਦੇ ਦਿਲ ਹਲੂਣੇ ਗਏ - ਜਦੋਂ ਫਰਿੱਜਾਂ ਵਿੱਚ ਆ ਜਾਨੀਆਂ ਤਾਂ ਫੂਡ ਕਹਿੰਦੇ ਐ। ਜਗਦੇਵ ਸਿੱਧੂ ਨੇ ਮਨੀਪੁਰ ਕਾਂਡ ਬਾਰੇ ਆਪਣੀ ਤਾਜ਼ਾ ਕਵਿਤਾ ਸੁਣਾਈ - ਇਹ ਬੰਸਰੀ, ਨੀਰੋ ਦਾ ਮਨ ਪਰਚਾਉਂਦੀ, ਸ਼ਰਮ ਨਹੀਂ ਕਰਦੀ। ਗੁਰਬਖ਼ਸ਼ ਸਿੰਘ ਗਿੱਲ, ਅਸ਼ਵਨੀ ਕੁਮਾਰ ਪੁਰੀ ਅਤੇ ਜੀਤ ਸਿੰਘ ਨੇ ਵਿਚਾਰ ਚਰਚਾ ਵਿੱਚ ਸਰਗਰਮ ਹਿੱਸਾ ਲਿਆ। ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਨੇ ਆਪਣੀ ਬਹੁ-ਚਰਚਿਤ ਕਵਿਤਾ 'ਬਾਂਦਰਾਂ ਦੀ ਬਾਤ' ਕਮਾਲ ਦੇ ਅੰਦਾਜ਼ ਵਿੱਚ ਪੇਸ਼ ਕੀਤੀ - ਇਹਨਾਂ ਬਾਂਦਰਾਂ ਦੇ ਚੇਲਿਆਂ ਨੇ, ਨਚਾਉਣਾ ਹੈ ਸਾਨੂੰ ਆਪਣੀ ਮਰਜ਼ੀ ਦਾ ਨਾਚ। ਉਸ ਨੇ ਪੇਸ਼ਕਾਰੀਆਂ ਦੇ ਮਿਆਰ ਨੂੰ ਸਲਾਹਿਆ ਅਤੇ ਹਾਜ਼ਰੀਨ ਦਾ ਤਹਿਦਿਲੋਂ ਸ਼ੁਕਰੀਆ ਕੀਤਾ।

# ਪੁਸਤਕ ਮੇਲੇ ਮੌਕੇ ਲੋਕਾਂ ਨੇ ਪੁਸਤਕਾਂ ਅਤੇ ਸੰਮਾਂ ਵਾਲੀ ਡਾਂਗ ਨਾਟਕ ਦੀਆਂ ਟਿਕਟਾਂ ਖਰੀਦੀਆਂ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਤਵਾਰ 13 ਅਗਸਤ, 2023 ਨੂੰ ਮਾਸਟਰ ਭਜਨ ਸਿੰਘ ਤੇ ਟੀਮ ਵੱਲੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਬੈਨਰ ਹੇਠ ਇਸ ਸਾਲ ਦਾ ਤੀਜਾ ਇੱਕ ਰੋਜ਼ਾ ਪੁਸਤਕ ਮੇਲਾ ਗਰੀਨ ਪਲਾਜ਼ਾ ਕੈਲਗਰੀ ਵਿਖੇ ਲਗਾਇਆ ਗਿਆ। ਮਾਸਟਰ ਭਜਨ ਸਿੰਘ ਨੇ ਦਰਸ਼ਕਾਂ ਨੂੰ ਸੰਬੋਧਨ ਕਰਦਿਆਂ, ਐਤਵਾਰ 20 ਅਗਸਤ ਨੂੰ ਡਾ: ਸਾਹਿਬ ਸਿੰਘ ਵੱਲੋਂ ਰੈਡ ਸਟੋਨ ਥੀਏਟਰ ਵਿੱਚ ਖੇਡੇ ਜਾ ਰਹੇ ਨਾਟਕ ਸੰਮਾਂ ਵਾਲ਼ੀ ਡਾਂਗ ਬਾਰੇ ਜਾਣਕਾਰੀ ਦਿੱਤੀ। ਨਾਟਕ ਸਮਾਗਮ ਵਿੱਚ ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਵੱਲੋਂ ਕਨੇਡਾ ਦੀ ਜ਼ਿੰਦਗੀ ਅਧਾਰਿਤ ਨਾਟਕ ਤੇਰੀ ਮੇਰੀ ਜ਼ਿੰਦਗੀ ਪੇਸ਼ ਕੀਤਾ ਜਾਵੇਗਾ। ਇਸ ਮੌਕੇ ਤੇ ਨਾਟਕ ਦੀਆਂ ਟਿਕਟਾਂ 10 ਡਾਲਰ ਵਿੱਚ ਦਰਸ਼ਕਾਂ ਵੱਲੋ ਖਰੀਦੀਆਂ ਗਈਆਂ। ਮਾਸਟਰ ਜੀ ਵੱਲੋਂ ਦਰਸ਼ਕਾਂ ਨੂੰ ਅਪੀਲ ਕੀਤੀ ਕਿ ਟਿਕਟਾਂ ਬੜੀ ਤੇਜ਼ੀ ਨਾਲ਼ ਵਿਕ ਰਹੀਆਂ ਹਨ, ਆਪਣੀਆਂ ਟਿਕਟਾਂ ਮਾਸਟਰ ਜੀ ਤੋਂ ਘਰੋਂ ਵੀ ਲੈ ਸਕਦੇ ਹੋ।

ਇਸ ਪੁਸਤਕ ਮੇਲੇ ਦਾ ਉਦਘਾਟਨ ਉੱਘੇ ਪੱਤਰਕਾਰ, ਲੇਖਕ ਤੇ ਬੁੱਧੀਜੀਵੀ ਸ. ਜਸਪਾਲ ਸਿੰਘ ਸਿੱਧੂ ਵੱਲੋਂ ਕੀਤਾ ਗਿਆ। ਸਿੱਧੂ ਸਾਹਿਬ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਬੇਸ਼ਕ ਪੰਜਾਬੀਆਂ ਵਿੱਚ ਪੁਸਤਕ ਕਲਚਰ ਦੀ ਘਾਟ ਹੈ, ਪਰ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਵੱਲੋਂ ਪਿਛਲੇ ਸਾਲਾਂ ਤੋਂ ਲਗਾਤਾਰ ਲਗਾਏ ਜਾ ਰਹੇ ਪੁਸਤਕ ਮੇਲੇ ਸ਼ਲਾਘਾਯੋਗ ਉੱਦਮ ਹਨ। ਉਨ੍ਹਾਂ ਮਾਸਟਰ ਭਜਨ ਸਿੰਘ ਤੇ ਟੀਮ ਦਾ




ਸਰੋਤਿਆਂ ਨੂੰ ਵਿਦੇਸ਼ਾਂ ਵਿੱਚ ਕਿਤਾਬਾਂ ਮਹੁੱਈਆ ਕਰਾਉਣ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਤੇ ਸ. ਜਸਪਾਲ ਸਿੰਘ ਸਿੱਧੂ ਨੂੰ 'ਹੈਲਥੀ ਲਾਈਫ ਸਟਾਈਲ ਫਾਊਂਡੇਸ਼ਨ' ਦੇ ਪ੍ਰਧਾਨ ਡਾ: ਸੁਖਵਿੰਦਰ ਸਿੰਘ ਬਰਾੜ ਦੀ ਹੈਲਥੀ ਲਾਈਫ ਸਟਾਈਲ ਬਾਰੇ ਅੰਗਰੇਜ਼ੀ ਵਿੱਚ ਲਿਖੀ ਕਿਤਾਬ ਭੇਟ ਕੀਤੀ ਗਈ।

ਇੱਕ ਰੋਜ਼ਾ ਇਸ ਮੇਲੇ ਵਿੱਚ ਹਰ ਵਰਗ ਦੇ ਪਾਠਕਾਂ ਨੇ ਬੜੇ ਉਤਸ਼ਾਹ ਨਾਲ ਕਿਤਾਬਾਂ ਖ਼ਰੀਦੀਆਂ। ਪੁਸਤਕ ਮੇਲੇ ਦੇ ਪ੍ਰਬੰਧਕਾਂ ਵੱਲੋਂ ਪਾਠਕਾਂ ਵੱਲੋਂ ਦਿਖਾਏ ਉਤਸ਼ਾਹ ਤੇ ਖੁਸ਼ੀ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਕਿ ਕੈਲਗਰੀ ਵਿੱਚ ਦਿਨੋਂ ਦਿਨ ਪਾਠਕਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ। ਹਰ ਵਾਰ ਦੀ ਤਰ੍ਹਾਂ ਇਸ ਪੁਸਤਕ ਮੇਲੇ ਵਿੱਚ ਵੀ ਪੰਜਾਬੀ, ਹਿੰਦੀ, ਅੰਗਰੇਜ਼ੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ, ਸਿਹਤ ਸਬੰਧੀ ਕਿਤਾਬਾਂ ਦੇ ਨਾਲ਼-ਨਾਲ਼ ਹੋਰ ਭਾਸ਼ਾਵਾਂ ਵਿਚੋਂ ਪੰਜਾਬੀ ਵਿੱਚ ਅਨੁਵਾਦਕ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ। ਪਾਠਕਾਂ ਵੱਲੋਂ ਦਿਖਾਏ ਉਤਸ਼ਾਹ ਨਾਲ ਪ੍ਰਬੰਧਕਾਂ ਦੇ ਹੌਸਲੇ ਵੀ ਬੁਲੰਦ ਹੋਏ ਹਨ ਤੇ ਉਨ੍ਹਾਂ ਵੱਲੋਂ ਵਾਅਦਾ ਕੀਤਾ ਗਿਆ ਕਿ ਹਰ ਸੰਭਵ ਯਤਨ ਕਰਕੇ ਅੱਗੇ ਤੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀਆਂ ਹੋਰ ਕਿਤਾਬਾਂ ਵੀ ਰੱਖੀਆਂ ਜਾਣਗੀਆਂ। ਬੇਸ਼ਕ ਇਹ ਇੱਕ ਰੋਜ਼ਾ ਪੁਸਤਕ ਮੇਲਾ ਸਮਾਪਤ ਹੋ ਗਿਆ ਸੀ, ਪਰ ਮਾਸਟਰ ਜੀ ਕੋਲ਼ ਕਿਤਾਬਾਂ ਦਾ ਸਟਾਕ ਖਤਮ ਨਹੀਂ ਹੋਇਆ। ਤੁਸੀਂ ਮਾਸਟਰ ਭਜਨ ਸਿੰਘ ਜੀ ਨਾਲ 403-455-4220 ਤੇ ਸੰਪਰਕ ਕਰਕੇ ਉਨ੍ਹਾਂ ਤੋਂ ਆਪਣੇ ਮਨਪਸੰਦ ਦੀਆਂ ਕਿਤਾਬਾਂ ਤੇ ਨਾਟਕ ਦੀਆਂ ਟਿਕਟਾਂ ਜਦੋਂ ਮਰਜੀ ਉਨ੍ਹਾਂ ਦੇ ਘਰੋਂ ਜਾ ਕੇ ਖਰੀਦ ਸਕਦੇ ਹੋ ਅਤੇ ਜੇ ਕੋਈ ਕਿਤਾਬ ਸਟਾਕ ਵਿੱਚ ਨਾ ਹੋਵੇ ਤਾਂ ਆਰਡਰ ਵੀ ਕਰ ਸਕਦੇ ਹੋ।


















# ਡਾ. ਸੁਖਦਰਸ਼ਨ ਸਿੰਘ ਚਹਿਲ ਦੀ ਪੁਸਤਕ ਲੜੀ 'ਚੱਕ ਦੇ ਕਬੱਡੀ' ਦਾ ਨਵਾਂ ਅੰਕ 'ਟੋਰਾਂਟੋ ਕਬੱਡੀ' ਰਿਲੀਜ਼ ਕੀਤਾ ਗਿਆ



ਸ. ਜਸਵਿੰਦਰ ਸਿੰਘ ਜਸ ਸ਼ੋਕਰ, ਇੰਦਰਜੀਤ ਧੁੱਗਾ, ਹਰਵਿੰਦਰ ਬਾਸੀ ਤੇ ਹੋਰ ਸ਼ਖ਼ਸ਼ੀਅਤਾਂ ਡਾ. ਸੁਖਦਰਸ਼ਨ ਸਿੰਘ ਚਹਿਲ ਦੀ ਪੁਸਤਕ ਲੜੀ 'ਚੱਕ ਦੇ ਕਬੱਡੀ' ਦਾ ਨਵਾਂ ਅੰਕ ਰਿਲੀਜ਼ ਕਰਦੇ ਹੋਏ।

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ)) ਨਾਮਵਰ ਖੇਡ ਲੇਖਕ ਡਾ. ਸੁਖਦਰਸ਼ਨ ਸਿੰਘ ਚਹਿਲ ਵੱਲੋਂ ਲਿਖੀ ਟੋਰਾਂਟੋ ਦੀ ਕਬੱਡੀ ਦੇ ਸੀਜ਼ਨ-2023 ਦੇ ਸਮੁੱਚੇ ਕੱਪਾਂ ਦੇ ਲੇਖੇ-ਜੋਖੇ ਅਤੇ ਹੋਰਨਾਂ ਸਰਗਰਮੀਆਂ 'ਤੇ ਅਧਾਰਤ ਪੁਸਤਕ ਲੜੀ 'ਚੱਕ ਦੇ ਕਬੱਡੀ' ਦਾ ਨਵਾਂ ਅੰਕ 'ਟੋਰਾਂਟੋ ਕਬੱਡੀ' ਸਿਰਲੇਖ ਅਧੀਨ ਕੈਨੇਡਾ ਕਬੱਡੀ ਕੱਪ-2023 ਮੌਕੇ ?ਟਾਰੀ? ਫਸਟ ਸੈਂਟਰ ਹੈਮਿਲਟਨ ਵਿਖੇ ਰਿਲੀਜ਼ ਕੀਤਾ ਗਿਆ। ਕੈਨੇਡਾ ਕੱਪ ਦੇ ਮੁੱਖ ਪ੍ਰਬੰਧਕ ਜਸਵਿੰਦਰ ਸਿੰਘ ਜਸ ਸ਼ੋਕਰ, ਕਬੱਡੀ ਪ੍ਰਮੋਟਰ ਇੰਦਰਜੀਤ ਧੁੱਗਾ, ਹਰਵਿੰਦਰ ਬਾਸੀ, ਹਰਜਿੰਦਰ ਸੰਘੇੜਾ ਤੇ ਹੋਰਨਾਂ ਸ਼ਖ਼ਸ਼ੀਅਤਾਂ ਨੇ ਹਜ਼ਾਰਾਂ ਦਰਸ਼ਕਾਂ ਦੀ ਹਾਜ਼ਰੀ 'ਚ ਖ਼ੂਬਸੂਰਤ ਸਟੇਡੀਅਮ 'ਚ ਉਕਤ ਪੁਸਤਕ ਰਿਲੀਜ਼ ਕੀਤੀ। ?ਟਾਰੀ? ਕਬੱਡੀ ਫੈਡਰੇਸ਼ਨ ਅਤੇ ਸਮੂਹ ਕਲੱਬ ਦੇ ਸਹਿਯੋਗ ਨਾਲ ਸਫਲਤਾਪੂਰਵਕ ਨੇਪਰੇ ਚੜ੍ਹੇ ਟੋਰਾਂਟੋ ਦੇ ਕਬੱਡੀ ਸੀਜ਼ਨ ਬਾਰੇ ਤਿਆਰ ਕੀਤੀ ਪੁਸਤਕ 'ਟੋਰਾਂਟੋ ਕਬੱਡੀ' ਬਾਰੇ ਸ. ਜਸ ਸ਼ੋਕਰ ਨੇ ਕਿਹਾ ਕਿ ਹੋਰਨਾਂ ਸਰਗਰਮੀਆਂ ਵਾਂਗ ਖੇਡ ਸਰਗਰਮੀਆਂ ਨੂੰ ਲਿਖਤੀ ਰੂਪ 'ਚ ਸੰਭਾਲਣਾ ਬਹੁਤ ਮਿਹਨਤ ਵਾਲਾ ਕੰਮ ਹੈ। ਜਿਸ ਲਈ ਡਾ. ਸੁਖਦਰਸ਼ਨ ਸਿੰਘ ਚਹਿਲ ਵਧਾਈ ਤੇ ਸ਼ਲਾਘਾ ਦਾ ਪਾਤਰ ਹੈ। ਉੱਘੇ ਕਾਰੋਬਾਰੀ ਤੇ ਖੇਡ ਪ੍ਰਮੋਟਰ ਸ. ਇੰਦਰਜੀਤ ਸਿੰਘ ਐਂਡੀ ਧੁੱਗਾ ਨੇ ਕਿਹਾ ਕਿ ਕਬੱਡੀ ਜਿਸ ਪੱਧਰ 'ਤੇ ਪੁੱਜ ਚੁੱਕੀ ਹੈ ਉਸ ਦੀਆਂ ਸਰਗਰਮੀਆਂ ਨੂੰ ਇੱਕ ਲਿਖਤੀ ਤੇ ਡਿਜ਼ੀਟਲ ਰੂਪ 'ਚ ਸੰਭਾਲਣਾ ਅਤੇ ਲੋਕਾਂ ਤੱਕ ਪਹੁੰਚਾਉਣਾ ਸਮੇਂ ਦੀ ਮੰਗ ਹੈ। ਜਿਸ ਕਾਰਜ ਨੂੰ ਡਾ. ਚਹਿਲ ਬਾਖ਼ੂਬੀ ਕਰ ਰਹੇ ਹਨ। ਨਾਮਵਰ ਕਬੱਡੀ ਪ੍ਰਮੋਟਰ ਹਰਵਿੰਦਰ ਸਿੰਘ ਬਾਸੀ ਨੇ ਕਿਹਾ ਕਿ ਬਹੁਤ ਖੁਸ਼ੀ ਦੀ ਗੱਲ ਹੈ ਕਿ ਕਬੱਡੀ ਦਾ ਇਤਿਹਾਸ ਸੰਭਾਲਣ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ। ਅਜਿਹੀ ਮਿਹਨਤੀ ਤੇ ਸਿਰੜੀ ਲਿਖਾਰੀਆਂ 'ਚੋਂ ਡਾ. ਚਹਿਲ ਇੱਕ ਹੈ। ਡਾ. ਸੁਖਦਰਸ਼ਨ ਸਿੰਘ ਚਹਿਲ ?ਟਾਰੀ? ਕਬੱਡੀ ਫੈਡਰੇਸ਼ਨ, ਇਸ ਨਾਲ ਜੁੜੇ ਕਲੱਬਾਂ ਤੇ ਕਬੱਡੀ ਪ੍ਰਮੋਟਰਾਂ ਦਾ ਪੁਸਤਕ ਛਾਪਣ ਲਈ ਸਹਿਯੋਗ ਦੇਣ 'ਤੇ ਧੰਨਵਾਦ ਕੀਤਾ। ?ਟਾਰੀ? ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਅਰਿੰਦਰ ਸਿੰਘ ਕਾਲਾ ਹਾਂਸ, ਚੇਅਰਮੈਨ ਜੱਸੀ ਸਰਾਏ, ਜਨਰਲ ਸਕੱਤਰ ਮਨਜੀਤ ਸਿੰਘ ਘੋਤੜਾ, ਗੁਰਲਾਟ ਸਹੋਤਾ, ਦਲਜੀਤ ਸਹੋਤਾ, ਜਸ ਸੋਹਲ, ਮੇਜਰ ਨੱਤ, ਕੁਲਵਿੰਦਰ ਪੱਤੜ, ਗੁਰਮੁਖ ਸਿੰਘ ਅਟਵਾਲ, ਰੈਂਬੋ ਸਿੱਧੂ, ਸੁੱਖਾ ਬਾਸੀ, ਕੁਲਵਰਨ ਧੁੱਗਾ, ਵੀਰਪਾਲ ਧੁੱਗਾ, ਤਲਵਿੰਦਰ ਮੰਡ, ਸੁੱਖਾ ਚੰਦੀ, ਸੁੱਖਾ ਢੇਸੀ, ਸੁਰਜੀਤ ਸਿੰਘ (ਨਿਊ ਬੈਸਟ), ਗੁਰਜੀਤ ਪੁਰੇਵਾਲ, ਗੋਗਾ ਗਹੂਣੀਆ, ਬਲਰਾਜ ਚੀਮਾ, ਰੇਸ਼ਮ ਰਾਜਸਥਾਨੀ, ਬਲਰਾਜ ਸੰਘਾ, ਧੀਰਾ ਸੰਧੂ, ਬੱਬਲ ਸੰਗਰੂਰ, ਜਿੰਦਰ ਬੁੱਟਰ, ਕੁਲਵੰਤ ਢੀਂਡਸਾ, ਰਵੀ ਬੈਂਸ, ਹਰਿੰਦਰ ਬੈਂਸ, ਮਿੱਠੂ, ਭੋਲਾ ਲਿੱਟ, ਸੁੱਖਾ ਰੰਧਾਵਾ, ਦਰਸ਼ਨ ਗਿੱਲ, ਆਤਮਾ ਸਿੰਘ ਚਹਿਲ, ਸੇਵਾ ਸਿੰਘ ਰੰਧਾਵਾ, ਕਬੱਡੀ ਦੇ ਲਿਖਾਰੀ ਜਸਵੰਤ ਖੜਗ ਆਦਿ ਨੇ ਡਾ. ਸੁਖਦਰਸ਼ਨ ਸਿੰਘ ਚਹਿਲ ਨੂੰ ਵਧਾਈਆਂ ਦਿੱਤੀਆਂ ਹਨ।

## ਤੀਆਂ ਦੇ ਰੰਗ - ਰੋਆਇਲ ਵੋਮੈਨ ਕਲਚਰਲ ਐਸੋਸੀਏਸ਼ਨ ਦੇ ਸੰਗ ਗਿੱਧੇ ਦੇ ਰੰਗ ਵਿੱਚ ਰੰਗੇ ਗਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਤੀਆਂ ਅਤੇ ਧੀਆਂ ਦਾ ਬਹੁਤ ਹੀ ਗੂੜਾ ਰਿਸ਼ਤਾ ਹੈ। ਸਾਉਣ ਦੇ ਮਹੀਨੇ ਵਿੱਚ ਮਨਾਇਆ ਜਾਣ ਵਾਲਾ ਨਿਰੋਲ ਕੁੜੀਆਂ ਦਾ ਤਿਉਹਾਰ ਹੈ। ਤੀਆਂ ਦਾ ਤਿਉਹਾਰ ਬੀਤੇ ਦਿਨੀ ਰੋਆਇਲ ਵੋਮੈਨ ਕਲਚਰਲ ਐਸੋਸੀਏਸ਼ਨ ਦੀਆਂ ਮੈਂਬਰ ਔਰਤਾਂ ਵੱਲੋਂ ਪ੍ਰੇਰੀਵਿੰਡ ਪਾਰਕ ਵਿਖੇ ਬਹੁਤ ਹੀ ਉਤਸ਼ਾਹ ਅਤੇ ਜੋਸ਼ੋ ਖਰੋਸ਼ ਨਾਲ ਮਨਾਇਆ ਗਿਆ। ਮੇਲਾ ਤੀਆਂ ਦਾ, ਸੰਜੋਗ ਧੀਆਂ ਦਾ। ਪੁਰਾਣੇ ਸਮਿਆਂ ਦੌਰਾਨ ਦੂਰ ਦੁਰਾਡੇ ਵਿਆਹੀਆਂ ਕੁੜੀਆਂ ਸਾਉਣ ਦੇ ਮਹੀਨੇ ਪੇਕੀਂ ਆ ਇਕੱਠੀਆਂ ਹੋ ਕੇ, ਪੀਂਘਾਂ ਪਾਕੇ ਆਪਣੇ ਮਨ ਦੀਆਂ ਸੱਧਰਾਂ, ਰੀਝਾਂ ਜਾਂ ਖਾਹਸ਼ਾਂ ਨੂੰ ਗਿੱਧੇ ਵਿੱਚ ਬੋਲੀਆਂ ਪਾ ਕੇ ਨੱਚ ਨੱਚ ਕੇ ਪ੍ਰਗਟ ਕਰਦੀਆਂ ਸਨ।

ਕਨੇਡਾ ਵਰਗੇ ਮੁਲਕ ਵਿੱਚ ਆਪਣੇ ਇਸ ਸੱਭਿਆਚਾਰ ਨੂੰ ਸੰਭਾਲਣ ਲਈ ਗੁਰਮੀਤ ਕੌਰ ਸਰਪਾਲ ਜੀ ਨੇ ਉਪਰਾਲਾ ਕਰਕੇ ਤੀਆਂ ਦਾ ਤਿਉਹਾਰ ਮਨਾਇਆ। ਜਿਸ ਵਿੱਚ ਮੈਂਬਰ ਔਰਤਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਰਵਾਇਤੀ ਪਹਿਰਾਵਾ, ਘੱਗਰੇ ਪਾ ਕੇ, ਸਿਰਾਂ ਤੇ ਫੁਲਕਾਰੀਆਂ ਲੈ ਹੱਥਾਂ ਤੇ ਮਹਿੰਦੀ ਲਾ ਕੇ ਅਤੇ ਕਲਾਈਆਂ ਨੂੰ ਚੂੜੀਆਂ ਨਾਲ ਸਜੇ ਹੱਥਾਂ ਨੇ ਜਦੋਂ ਗਿੱਧਾ ਪਾਇਆ ਤਾਂ ਪੂਰੇ ਪਾਰਕ ਦੀ ਫ਼ਿਜ਼ਾ ਹੀ ਮਹਿਕ ਉੱਠੀ। ਹੋਰ ਕਮਿਉਨਿਟੀ ਦੀਆਂ ਲੇਡੀਜ਼ ਨੇ ਵੀ ਵਿੱਚ ਸ਼ਾਮਿਲ ਹੋ ਕੇ ਰੌਣਕਾਂ ਨੂੰ ਚਾਰ ਚੰਨ ਲਾ ਦਿੱਤੇ। ਅਖੀਰ ਵਿੱਚ ਖਾਣੇ ਦਾ ਅਨੰਦ ਮਾਣਿਆ। ਜੋ ਸਾਰੀਆਂ ਮੈਂਬਰ ਔਰਤਾਂ ਨੇ ਰਲ ਕੇ ਆਪੋ ਆਪਣੇ ਘਰੋਂ ਬਣਾਕੇ ਲਿਆਂਦਾ ਸੀ। ਇਸ ਤਰ੍ਹਾਂ ਵੰਨ ਸੁਵੰਨੇ ਭੋਜਨ ਦਾ ਅਨੰਦ ਮਾਣਿਆ। ਸਾਉਣ ਵੀਰ ਕੱਠੀਆਂ ਕਰੇ, ਭਾਦੋਂ ਚੰਦਰੀ ਵਿਛੋੜੇ ਪਾਵੇ ਅਖੀਰ ਵਿੱਚ ਬੋਲੀ ਪਾਕੇ ਤੀਆਂ ਦੀ ਸਮਾਪਤੀ ਕੀਤੀ ਗਈ।

## ਕੈਲਗਰੀ ਵਿੱਚ ਵੀਲ ਚੇਅਰ ਵਾਲੀਆਂ ਟੈਕਸੀਆਂ ਦੀ ਘਾਟ ਮਹਿਸੂਸ ਹੋਣ ਲੱਗੀ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਲੰਬੇ ਇੰਤਜ਼ਾਰ ਦੇ ਸਮੇਂ 'ਤੇ ਨਿਰਾਸ਼ਾ ਦੌਰ ਵਿਚ ਗੁਜਰਦੇ ਲੋੜਵੰਦਾਂ ਨੂੰ ਹੁਣ ਕੈਲਗਰੀ ਵਿਚ ਵ੍ਹੀਲਚੇਅਰ ਵਾਲੀਆਂ ਟੈਕਸੀਆਂ ਦੀ ਘਾਟ ਮਹਿਸੂਸ ਹੋ ਰਹੀ ਹੈ। ਫਰਜ ਕਰੋ ਕਿ ਰਾਤ ਦੇ ਖਾਣੇ ਲਈ ਬਾਹਰ ਜਾਣ ਦੀ ਕਲਪਨਾ ਕਰ ਬੈਠਾ ਉਹ ਵਿਅਕਤੀ ਜਾਂ ਔਰਤ ਜੋ ਵੀਲ ਚੇਅਰ ਦੇ ਸਹਾਰੇ ਹੀ ਜ਼ਿੰਦਗੀ ਗੁਜਾਰ ਰਿਹਾ ਹੈ ਜਾਂ ਰਹੀ ਹੈ ਅਤੇ ਵੀਰ ਚੇਅਰ ਵਾਲੀ ਟੈਕਸੀ ਦੇ ਸਹਾਰੇ ਹੀ ਉਹ ਬਾਹਰ ਜਾ ਸਕਦੇ ਹਨ। ਜਿਸ ਟੈਕਸੀ ਨੂੰ ਤੁਸੀਂ ਘੰਟੇ ਪਹਿਲਾਂ ਬੁਲਾਇਆ ਸੀ ਉਹ ਦਿਖਾਈ ਹੀ ਨਹੀਂ ਦਿੱਤੀ। ਇਹ ਕੈਲਗਰੀ ਦੇ ਉਹਨਾਂ ਵਸਨੀਕਾਂ ਨਾਲ ਵਾਪਰ ਰਿਹਾ ਹੈ ਜਿਨ੍ਹਾਂ ਨੂੰ ਵ੍ਹੀਲਚੇਅਰ ਐਕਸੈਸ ਦੀ ਲੋੜ ਹੈ। ਕੈਲਗਰੀ ਵਾਸੀ ਇਕ ਅਜਿਹੀ ਹੀ ਟੈਕਸੀ ਦੀ ਵਰਤੋ ਕਰਨ ਵਾਲੇ ਦਾ ਕਹਿਣਾ ਹੈ ਕਿ "ਮੈਂ ਤਿੰਨ ਘੰਟੇ ਪਹਿਲਾਂ ਹੀ ਬੁੱਕ ਕੀਤਾ ਸੀ, ਅਤੇ ਉਹ ਮੈਨੂੰ ਕਾਰ ਨਹੀਂ ਭੇਜ ਸਕੇ," "ਅਸੀਂ ਉਸ ਦਿਨ ਦੁਪਹਿਰ 5 ਵਜੇ ਰਾਤ ਦੇ ਖਾਣੇ ਲਈ ਜਾਣ ਦੀ ਕੋਸ਼ਿਸ਼ ਕੀਤੀ ਅਤੇ ਕੋਈ ਵੀ ਕਾਰ ਦਿਖਾਈ ਨਹੀਂ ਦਿੱਤੀ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਕਾਰਾਂ ਫਲੀਟ ਤੋਂ ਸੇਵਾਮੁਕਤ ਹੋ ਰਹੀਆਂ ਹਨ ਜਾਂ ਮਿਆਦ ਪੁੱਗਾ ਚੁੱਕੀਆਂ ਹਨ, ਉਹ ਡਰਾਈਵਰ ਹੁਣ ਇੱਕ ਨਵਾਂ ਵਾਹਨ ਖਰੀਦਣ ਦੀ ਸਮਰੱਥਾ ਨਹੀਂ ਰੱਖ ਸਕਦੇ ਜਿਸਦੀ ਕੀਮਤ ਲਗਭਗ 50,000 ਡਾਲਰ ਤੋਂ ਵੀ ਵੱਧ ਹੈ।" ਇਹ ਵੀ ਮੰਨਣਾ ਹੈ ਕਿ ਸ਼ਹਿਰ ਵਿੱਚ 100 ਤੋਂ ਵੱਧ ਅਜਿਹੀਆਂ ਟੈਕਸੀਆਂ ਸਨ, ਪਰ ਇਸ ਸਮੇਂ ਇਸ ਸੰਖਿਆ ਵਿਚ ਭਾਰੀ ਗਿਰਾਵਟ ਆਈ ਹੈ। ਪਰ ਸਿਟੀ ਆਫ਼ ਕੈਲਗਰੀ ਦਾ ਕਹਿਣਾ ਹੈ ਕਿ ਕੈਲਗਰੀ ਪਲੇਟਫਾਰਮ 'ਤੇ ਵਰਤਮਾਨ ਵਿਚ 52 ਕਾਰਾਂ ਹਨ ਅਤੇ ਇਹ ਸੰਖਿਆ ਜਨਵਰੀ 2022 ਤੋਂ ਸਥਿਰ ਹੈ।


















# ਗੱਲ ਘਰ ਘਰ ਦੀ

## ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਲਈ 'ਡਾਉਨ ਪੇਅਮੈਂਟ' ਵੱਡੀ ਚੁਣੌਤੀ




ਬੈਂਕ ਵਿਆਜ ਦਰਾਂ ਦੇ ਵਾਧੇ ਨੇ ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਦੇ ਸੁਫਨਿਆਂ ਉੱਪਰ ਵੱਡੀ ਸੱਟ ਮਾਰੀ ਹੈ। ਉਹਨਾਂ ਕਈ ਸਾਲਾਂ ਦੀ ਮਿਹਨਤ ਮਗਰੋਂ ਕਿਸੇ ਤਰ੍ਹਾਂ ਰਕਮ ਜੋੜ ਕੇ ਆਪਣੇ ਆਲ੍ਹਣੇ ਵਾਸਤੇ ਬੰਦੋਬਸਤ ਕੀਤਾ ਸੀ ਪਰ ਬੈਂਕ ਵਿਆਜ ਦਰ ਵਾਧਿਆਂ ਨੇ ਇਹਨਾਂ ਲੋਕਾਂ ਦਾ ਲੱਕ ਤੋੜ ਦਿੱਤਾ ਹੈ। ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਵਿਚੋਂ ਲੱਗਪਗ 70 ਪ੍ਰਤੀਸ਼ਤ ਦਾ ਕਹਿਣਾ ਹੈ ਕਿ ਮੌਜੂਦਾ ਸਮੇਂ 'ਡਾਉਨ ਪੇਅਮੈਂਟ' ਦਾ ਜੁਗਾੜ ਕਰਨਾ ਹੀ ਸਭ ਤੋਂ ਵੱਡਾ ਚੈਲੇਂਜ ਬਣ ਗਿਆ ਹੈ। ਮੌਰਗੇਜ ਸਟ੍ਰੈੱਸ ਟੈਸਟ ਹਰ ਵਾਰ ਦੇ ਵਿਆਜ ਵਾਧੇ ਨਾਲ ਔਖਾ ਹੁੰਦਾ ਗਿਆ ਹੈ।

ਘਰ ਬਣਾਉਣ ਵਾਲਿਆਂ ਨੇ ਮਾਰਕਿਟ ਤੰਗੀ ਦਾ ਅਹਿਸਾਸ ਵੇਖਦਿਆਂ ਨਿਰਮਾਣ ਕਾਰਜ ਹੌਲੀ ਵੀ ਕਰ ਦਿੱਤੇ ਹਨ ਤੇ ਘਟਾ ਵੀ ਦਿੱਤੇ ਹਨ। ਵੈਨਕੂਵਰ ਤੇ ਟੋਰੰਟੋ ਵਿੱਚ ਘਰਾਂ ਦੀਆਂ ਕੀਮਤਾਂ ਹੇਠਾਂ ਤਾਂ ਆਈਆਂ ਹਨ ਪਰ ਇੰਨੀਆਂ ਵੀ ਨਹੀਂ ਕਿ ਪਹਿਲੀ ਵਾਰ ਘਰ ਖ਼ਰਿਦਣ ਵਾਲੀਆਂ ਦੀ ਪਹੁੰਚ ਹੇਠ ਹੋਣ। ਇਸ ਲਈ ਉਹਨਾਂ ਨੇ ਕੈਲਗਰੀ ਵੱਲ ਆਉਣਾ ਸ਼ੁਰੂ ਕਰ ਦਿੱਤਾ ਹੈ।

ਇੰਟਰ-ਪ੍ਰੋਵਿੰਸ਼ੀਅਲ ਅਤੇ ਇੰਟਰਨੈਸ਼ਨਲ ਮਾਇਗ੍ਰੇਸ਼ਨ ਨੇ ਕੈਲਗਰੀ ਵਿੱਚ ਘਰ-ਸੰਕਟ ਵਧਾ ਦਿੱਤਾ ਹੈ। ਵਿਆਜ ਦਰ ਵਾਧੇ ਨੇ ਘਰ ਮਾਲਕਾਂ ਨੂੰ ਘਰਾਂ ਦੇ ਕਿਰਾਏ ਵਧਾਉਣ ਲਈ ਹੱਲਾਸ਼ੈਰੀ ਦੇ ਦਿੱਤੀ ਹੈ। ਸੂਬੇ ਵਿੱਚ ਰੈਂਟ ਕੰਟਰੋਲ ਸਿਸਟਮ ਨਾ ਹੋਣ ਕਰਕੇ ਘਰ ਮਾਲਕ ਮਨਮਰਜ਼ੀ ਨਾਲ ਕਿਰਾਏ ਵਧਾ ਰਹੇ ਹਨ।

ਪਹਿਲੀ ਵਾਰ ਘਰ ਖ਼ਰਦੀਣ ਵਾਲੇ ਅਕਸਰ ਆਪਣੇ ਮਾਪਿਆਂ, ਦੋਸਤਾਂ, ਰਿਸ਼ੇਤਦਾਰਾਂ ਤੋਂ (ਘਰੇਲੂ ਤੇ ਵਿਦੇਸ਼ੀ) ਸਹਾਇਤਾ ਪ੍ਰਾਪਤ ਕਰਦੇ ਰਹੇ ਹਨ ਤੇ ਡਾਉਨ ਪੇਅਮੈਂਟ ਕਰਨ ਵਿੱਚ ਸੌਖ ਹੋ ਜਾਂਦੀ ਸੀ ਪਰ ਹੁਣ ਅਜਿਹੀ (ਘਰੇਲੂ ਤੇ ਵਿਦੇਸ਼ੀ) ਸਹਾਇਤਾ ਲੈ ਕੇ ਵੀ ਮਨ ਚਾਹੇ ਘਰ ਦੀ ਕੀਮਤ ਵਾਸਤੇ ਡਾਉਨ ਪੇਅਮੈਂਟ ਕਰਨੀ ਔਖੀ ਹੋ ਗਈ ਹੈ। ਮੌਰਗੇਜ ਹਾਸਲ ਕਰਨ ਦੇ (ਹੇਰਾਫੇਰੀ ਤੋਂ ਬਿਨਾ ਵੀ) ਕਈ ਰਸਤੇ ਹਨ ਤੇ ਸਹੀ ਤੇ ਕਾਨੂੰਨੀ ਰਸਤਾ ਹੀ ਅਪਣਾਇਆ ਜਾਣਾ ਚਾਹੀਦਾ ਹੈ। ਤੁਸੀਂ ਵੀ ਘਰ ਖ਼ਰੀਦਣ-ਵੇਚਣ ਲਈ ਵਿਚਾਰ ਬਣਾ ਰਹੇ ਹੋ ਤਾਂ ਸੰਪਰਕ ਕਰੋ!

-ਅਮੂ ਨਾਗਰ!

## ਸਾਬਕਾ ਡੀ ਐਸ ਪੀ ਕਨੇਡਾ ਵਿੱਚ ਕੈਂਸਰ ਪੀੜਤਾਂ ਲਈ ਸਾਈਕਲ ਚਲਾਕੇ ਫੰਡ ਇਕੱਠਾ ਕਰ ਰਿਹਾ ਹੈ




ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਆਪਣੀ ਚੰਗੀ ਸਿਹਤ ਲਈ ਤਾਂ ਅਸੀਂ ਵੇਖਿਆ ਕਿ ਬਹੁਤ ਸਾਰੇ ਲੋਕ ਸਾਈਕਲ ਚਲਾਉਂਦੇ ਹਨ। ਪਰ ਸਿਹਤ ਦੀ ਸਲਾਮਤੀ ਦੇ ਨਾਲ ਨਾਲ ਹੋਰਨਾਂ ਦੀ ਸਿਹਤ ਸਲਾਮਤੀ ਲਈ ਉਪਰਾਲੇ ਕਰਨ ਵਾਲਿਆਂ ਵਿੱਚ ਕੈਲਗਰੀ ਵਿਜਟਿਰ ਵੀਜੇ ਉੱਪਰ ਘੁੰਮਣ ਫਿਰਨ ਆਏ ਪੰਜਾਬ ਪੁਲਿਸ ਦੇ ਸਾਬਕਾ ਡੀ ਐਸ ਪੀ ਸ: ਬਹਾਦਰ ਸਿੰਘ ਰਾਓ ਦਾ ਨਾਂ ਵਿਸ਼ੇਸ਼ ਤੌਰ 'ਤੇ ਆਉਂਦਾ ਹੈ। ਉਹ ਇਹਨੀ ਦਿਨੀ ਅਗਸਤ ਮਹੀਨੇ ਦੌਰਾਨ ਉਹ ਹਰ ਰੋਜ਼ ਸਾਈਕਲ ਚਲਾਕੇ ਇੱਕ ਨਿਸ਼ਾਨੇ ਦੀ ਪੂਰਤੀ ਵੱਲ ਅੱਗੇ ਵਧ ਰਹੇ ਹਨ। ਉਹਨਾਂ ਦਾ ਨਿਸ਼ਾਨਾ 500 ਕਿਲੋਮੀਟਰ ਸਾਈਕਲ ਚਲਾਕੇ 500 ਡਾਲਰ ਫੰਡ ਇਕੱਠਾ ਕਰਨਾ ਸੀ ਪਰ ਉਹਨਾਂ ਨੇ ਤਾਂ ਥੋੜੇ ਹੀ ਦਿਨਾਂ ਵਿੱਚ ਭਾਈਚਾਰੇ ਦੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ 2200 ਡਾਲਰ ਦੇ ਕਰੀਬ ਉਸ ਸੰਸਥਾ ਲਈ ਫੰਡ ਇਕੱਠਾ ਕਰ ਦਿੱਤਾ ਜੋ ਕਨੇਡਾ ਦੇ ਕੈਂਸਰ ਪੀੜਤ ਬੱਚਿਆਂ ਦੇ ਇਲਾਜ ਲਈ ਵਰਤਿਆ ਜਾਣਾ ਹੈ। ਉਹਨਾਂ ਦੀ ਸਾਈਕਲ ਯਾਤਰਾ ਹਾਲੇ ਵੀ ਜਾਰੀ ਹੈ ਹੁਣ ਉਹਨਾਂ ਨੇ 500 ਡਾਲਰ ਤੋਂ ਵਧਾਕੇ ਆਪਣਾ ਨਿਸ਼ਾਨਾ 2500 ਡਾਲਰ ਕਰ ਦਿੱਤਾ ਹੈ। ਉਮੀਂਦ ਹੈ ਕਿ ਦਾਨੀ ਲੋਕ ਉਹਨਾਂ ਦੇ ਨਿਸ਼ਾਨੇ ਦੇ ਨਾਲ ਨਾਲ ਚਲਦੇ ਰਹਿਣਗੇ। ਧਾਨ ਕਰਨ ਲਈ ਤੁਸੀਂ ਇਸ ਲਿੰਕ https://greatcycle challenge.ca/Riders/BahadurSinghRao ਉੱਪਰ ਜਾਕੇ ਆਪਣਾ ਯੋਗਦਾਨ ਪਾ ਸਕਦੇ ਹੋ । 13 ਅਗਸਤ 2023 ਵਾਲੇ ਦਿਨ ਸ: ਬਹਾਦਰ ਸਿੰਘ ਰਾਓ ਨੇ ਆਪਣਾ 59 ਜਨਮ ਦਿਨ ਮਨਾਇਆ ਤਾਂ ਉਸ ਦਿਨ ਸਾਈਕਲ ਵੀ 59 ਕਿਲੋਮੀਟਰ ਹੀ ਚਲਾ ਦਿੱਤਾ। ਅਦਾਰਾ ਪੰਜਾਬੀ ਅਖ਼ਬਾਰ ਦੀ ਸਮੁੱਚੀ ਟੀਮ ਜਿੱਥੇ ਉਹਨਾਂ ਦੇ ਜਨਮ ਦਿਨ ਮੌਕੇ ਉਹਨਾਂ ਨੂੰ ਮੁਬਾਰਕਬਾਦ ਆਖਦੀ ਹੈ ਨਾਲ ਦੀ ਨਾਲ ਹੀ 59 ਸਾਲਾ ਗੱਭਰੂ ਦੇ ਜਜ਼ਬੇ ਨੂੰ ਵੀ ਸਲਾਮ ਕਰਦੀ ਹੈ।

## ਅਰਪਨ ਲਿਖਾਰੀ ਸਭਾ ਦੀ ਮਾਸਿਕ ਮਿਲਣੀ ਮੌਕੇ ਨਾਵਲਕਾਰ ਸੁਰਿੰਦਰ ਸਿੰਘ ਨੇਕੀ ਨੂੰ ਜੀ ਆਇਆਂ ਨੂੰ ਆਖਿਆ ਗਿਆ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਰਪਨ ਲਿਖਰੀ ਸਭਾ ਮਹੀਨਾਵਾਰ ਇਕੱਤਰਤਾ ਡਾ. ਜੋਗਾ ਸਿੰਘ ਸਹੋਤਾ, ਡਾ. ਸੁਰਜੀਤ ਸਿੰਘ ਭੱਟੀ ਅਤੇ ਕੇਸਰ ਸਿੰਘ ਨੀਰ ਦੀ ਪ੍ਰਧਾਨਗੀ ਹੇਠ ਕੋਸੋ ਹਾਲ ਵਿੱਚ 12 ਅਗਸਤ 2023 ਨੂੰ ਕੋਸੋ ਹਾਲ ਵਿੱਚ ਭਰਵੇਂ ਇਕੱਠ ਵਿੱਚ ਹੋਈ। ਜਨਰਲ ਸਕੱਤਰ ਜਸਵੰਤ ਸਿੰਘ ਸੇਖੋਂ ਨੇ ਸਟੇਜ ਸੰਭਾਲਦਿਆਂ ਆਏ ਹੋਏ ਸਾਹਿਤ ਪ੍ਰੇਮੀਆਂ ਨੂੰ ਜੀ ਆਇਆ ਆਖਦਿਆਂ ਖੁਸ਼ੀਆਂ ਗਮੀਆਂ ਦੀਆਂ ਖ਼ਬਰਾਂ ਸਾਂਝੀਆਂ ਕੀਤੀਆਂ। ਸਿੱਖ ਕੌਮ ਦੇ ਮਹਾਨ ਜਰਨੈਲ ਸ੍ਰ ਜੱਸਾ ਸਿੰਘ ਰਾਮਗੜ੍ਹੀਏ ਦੇ ਤਿੰਨ ਸੌਵੇਂ ਜਨਮ ਦਿਨ ਅਤੇ ਮਾਲਵੇ ਦੇ ਪ੍ਰਸਿੱਧ ਕਵੀਸ਼ਰ ਬਾਬੂ ਰਜ਼ਬ ਅਲੀ ਦੇ ਜਨਮ ਦਿਨ ਤੇ ਉਨ੍ਹਾਂ ਨੂੰ ਯਾਦ ਕਰਦਿਆਂ ਦੀ ਵਧਾਈ ਦਿੱਤੀ। ਨਾਲ ਹੀ ਕੇਸਰ ਸਿੰਘ ਨੀਰ ਨੂੰ ਪੋਤਰੇ ਦੀ ਮਿਲ਼ੀ ਦਾਤ 'ਤੇ ਵਧਾਈ ਦਿੱਤੀ। ਪੰਜਾਬ ਤੋਂ ਨਾਮਵਰ ਨਾਵਲਕਾਰ ਸੁਰਿੰਦਰ ਸਿੰਘ ਨੇਕੀ ਦੇ ਕੈਲਗਰੀ ਪੁਹੰਚਣ ਤੇ ਉਨ੍ਹਾਂ ਨੂੰ ਜੀ ਆਇਆ ਕਹਿੰਦਿਆਂ ਉਨਾਂ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ। ਨਾਮਵਰ ਗ਼ਜ਼ਲਗੋ ਹਰਭਜਨ ਸਿੰਘ ਹੁੰਦਲ ਦੇ ਅਕਾਲ ਚਲਾਣੇ ਦੀ ਖ਼ਬਰ ਸਾਂਝੀ ਵੀ ਕੀਤੀ ਸਭਾ ਵੱਲੋ ਇੱਕ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਕੇਸਰ ਸਿੰਘ ਨੀਰ ਨੇ ਹਰਭਜਨ ਸਿੰਘ ਹੁੰਦਲ ਜੀਵਨ ਅਤੇ ਸਿਰਜਣਾ ਬਾਰੇ ਜਾਣਕਾਰੀ ਦੇ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਭਾਰਤ ਵਿੱਚ ਘੱਟ ਗਿਣਤੀਆਂ ਨਾਲ ਹੋ ਰਹੇ ਅਤਿਆਚਾਰ ਦੀ ਘੋਰ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ।

ਪ੍ਰੀਤਸਾਗਰ ਸਿੰਘ ਧਵਨ, ਡਾ. ਮਨਮੋਹਨ ਸਿੰਘ ਬਾਠ,ਗੁਰਚਰਨ ਕੌਰ ਥਿੰਦ, ਜਸਵੰਤ ਸਿੰਘ ਸੇਖੋਂ, ਸਰੂਪ ਸਿੰਘ ਮੰਡੇਰ,ਸਰਬਜੀਤ ਕੌਰ ਉੱਪਲ ,ਬੀਬੀ ਗੁਰਮੀਤ ਸਰਪਾਲ,ਜਗਦੀਸ਼ ਕੌਰ ਸਰੋਆ, ਜਸਵੀਰ ਸਿੰਘ ਸਿਹੋਤਾ ਸੁਰਿੰਦਰ ਕੌਰ ਕੈਂਥ, ਇਕਬਾਲ ਖ਼ਾਨ, ਲਖਵਿੰਦਰ ਸਿੰਘ ਜੌਹਲ, ਕੇਸਰ ਸਿੰਘ ਨੀਰ, ਪ੍ਰਿੰਸੀਪਲ ਅਮਰ ਸਿੰਘ ਕਿੰਗਰਾ, ਪ੍ਰਿਤਪਾਲ ਸਿੰਘ ਮੱਲ੍ਹੀ, ਬਲਬੀਰ ਕੌਰ ਮੱਲ੍ਹੀ, ਸੁਖਦੇਵ ਕੌਰ ਢਾਅ, ਸੁਖਵਿੰਦਰ ਸਿੰਘ ਤੂਰ, ਗੁਰਦਿਆਲ ਸਿੰਘ, ਗੋਪਾਲ ਸਿੰਘ ਵੈਦਵਾਨ, ਮੋਹਣ ਲਾਲ ਗਰਗ, ਮਹਿੰਦਰ ਕੌਰ ਕਾਲੀਰਾਏ, ਬਲਜੀਤ ਕੌਰ ਢਿੱਲੋਂ ਅਤੇ ਸਰਬਜੀਤ ਸਿੰਘ ਢਿੱਲੋਂ ਨੇ ਇਸ ਸਾਹਿਤਕ ਚਰਚਾ ਵਿੱਚ ਭਰਪੂਰ ਯੋਗਦਾਨ ਪਾਇਆ।ਨਾਮਵਾਰ ਨਾਵਲਕਾਰ ਸੁਰਿੰਦਰ ਸਿੰਘ ਨੇਕੀ ਨੇ ਬਹੁਤ ਹੀ ਸੰਖੇਪ ਸ਼ਬਦਾਂ ਵਿੱਚ ਆਪਣੀ ਲੇਖਣੀ ਬਾਰੇ ਗੱਲਬਾਤ ਸਾਂਝੀ ਕੀਤੀ ਨਾਲ ਹੀ ਜਿੰਦਗੀ ਨੂੰ ਮਾਣਨ ਅਤੇ ਮਾਤ ਭਾਸ਼ਾ ਨੂੰ ਨਾ ਭੁੱਲਣ ਦੀ ਅਪੀਲ ਕੀਤੀ। ਸਤਨਾਮ ਸਿੰਘ ਢਾਅ ਨੇ 15 ਅਗਸਤ ਨੂੰ ਆਜ਼ਾਦੀ ਦਿਵਸ ਦੀ ਗੱਲ ਕਰਦਿਆਂ ਆਖਿਆ ਕਿ ਜਿੱਥੇ ਆਜ਼ਦੀ ਮਿਲੀ ਦੀ ਖੁਸ਼ੀ ਹੈ ਉੱਥੇ ਸਾਨੂੰ ਉਸ ਉਜਾੜੇ ਅਤੇ ਜਾਨੀ ਨੁਕਸਾਨ ਦਾ ਕਦੇ ਨਾ ਭੁਲੱਣ ਵਾਲਾ ਦੁੱਖ ਵੀ ਹੈ। ਅਖ਼ੀਰ ਤੇ ਡਾ. ਜੋਗਾ ਸਿੰਘ ਨੇ ਆਏ ਹੋਏ ਸਾਰੇ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕਰਦਿਆਂ ਅਗਲੀ 9 ਸਤੰਬਰ ਨੂੰ ਹੋਣ ਵਾਲੀ ਮੀਟਿੰਗ ਲਈ ਸਾਹਿਤ ਪ੍ਰੇਮੀਆਂ ਨੂੰ ਸੱਦਾ ਦਿੱਤਾ।

## ਫੋਰਡ ਸਰਕਾਰ ਨੂੰ ਫਾਰਮਲੈਂਡ ਤੇ ਗ੍ਰੀਨਬੈਲਟ ਦੇ ਹੋਰਨਾਂ ਇਲਾਕਿਆਂ ਉੱਤੇ ਡਿਵੈਲਪਮੈਂਟ ਨਾ ਕਰਨ ਦੀ ਅਪੀਲ ਕੀਤੀ ਗਈ

ਟੋਰਾਂਟੋ(ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਓਨਟਾਰੀਓ ਦੀ ਆਡੀਟਰ ਜਨਰਲ ਬੌਨੀ ਲਿਜ਼ਿਕ ਵੱਲੋਂ ਇੱਕ ਰਿਪੋਰਟ ਪੇਸ਼ ਕੀਤੀ ਗਈ ਸੀ ਕਿ ਗ੍ਰੀਨ ਬੈਲਟ ਦੀਆਂ ਜ਼ਮੀਨਾਂ ਪੱਖਪਾਤੀ ਢੰਗ ਨਾਲ ਕੁੱਝ ਖ਼ਾਸ ਬਿਲਡਰਾਂ ਨੂੰ ਦੇ ਦਿੱਤੀਆਂ ਗਈਆਂ ਸਨ। ਇਸ ਉਪਰੰਤ ਪਿੱਕਰਿੰਗ ਵਿੱਚ ਇੱਕਠੇ ਹੋ ਕੇ ਲੋਕਾਂ ਵੱਲੋਂ ਇੱਕ ਰੈਲੀ ਕੀਤੀ ਗਈ ਅਤੇ ਫੋਰਡ ਸਰਕਾਰ ਨੂੰ ਫਾਰਮਲੈਂਡ ਤੇ ਗ੍ਰੀਨਬੈਲਟ ਦੇ ਹੋਰਨਾਂ ਇਲਾਕਿਆਂ ਉੱਤੇ ਡਿਵੈਲਪਮੈਂਟ ਨਾ ਕਰਨ ਦੀ ਅਪੀਲ ਕੀਤੀ ਗਈ। ਮੁਜ਼ਾਹਰਾਕਾਰੀ ਕਿੰਗਸਟਨ ਰੋਡ ਉੱਤੇ ਸਥਿਤ ਪ੍ਰੋਵਿੰਸ਼ੀਅਲ ਵਿੱਤ ਮੰਤਰੀ ਪੀਟਰ ਬੈਥਲਨਫੈਲਵੀ ਦੇ ਆਫਿਸ ਦੇ ਬਾਹਰ ਇੱਕਠੇ ਹੋਏ ਤੇ ਉਨ੍ਹਾਂ ਆਖਿਆ ਕਿ ਗ੍ਰੀਨਬੈਲਟ ਦੇ ਇਲਾਕੇ ਵਿੱਚ ਰਿਹਾਇਸ਼ੀ ਏਰੀਆ ਬਣਾਉਣ ਨਾਲ ਕਮਿਊਨਿਟੀਜ਼ ਦੀਵਾਲੀਆ ਹੋ ਜਾਣਗੀਆਂ।ਇਹ ਵੀ ਆਖਿਆ ਗਿਆ ਕਿ ਇਕਹਿਰੇ ਪਰਿਵਾਰਾਂ ਲਈ ਘਰ ਬਣਾਉਣ ਨਾਲ ਸਪੇਸ ਦੀ ਸਹੀ ਵਰਤੋਂ ਨਹੀਂ ਹੋ ਸਕੇਗੀ। ਵਰਨਣਯੋਗ ਹੈ ਗ੍ਰੀਨ ਬੈਲਟ ਦੀਆਂ ਜ਼ਮੀਨਾਂ ਬਾਰੇ ਰਿਪੋਰਟ ਨਸ਼ਰ ਹੋਣ ਉੱਤੇ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਸੀ ਕਿ ਜ਼ਮੀਨ ਦੀ ਚੋਣ ਕਰਨ ਦੀ ਪ੍ਰਕਿਰਿਆ ਵਿੱਚ ਕੁੱਝ ਖਾਮੀਆਂ ਹੋ ਸਕਦੀਆਂ ਹਨ ਪਰ ਕਿਸੇ ਨੂੰ ਵੀ ਖਾਸ ਲਾਹਾ ਨਹੀਂ ਪਹੁੰਚਾਇਆ ਗਿਆ। ਉਨ੍ਹਾਂ ਇਹ ਵੀ ਆਖਿਆ ਸੀ ਕਿ ਪਾਈਆਂ ਗਈਆਂ ਖਾਮੀਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਤੇ ਇਸ ਕੰਮ ਨੂੰ ਬਿਹਤਰ ਢੰਗ ਨਾਲ ਨੇਪਰੇ ਚਾੜ੍ਹਿਆ ਜਾਵੇਗਾ।

## ਇਕੁਆਡੋਰ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਦੀ ਗੋਲੀਆਂ ਮਾਰਕੇ ਹੱਤਿਆ ਕਰ ਦਿੱਤੀ ਗਈ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਇਕੁਆਡੋਰ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਫਰਨਾਂਡੋ ਵਿਲਾਵਿਸੇਨਸ਼ੀਓ ਦੀ ਦੇਸ਼ ਦੀ ਰਾਜਧਾਨੀ ਕਿਊਟੋ ਵਿੱਚ ਸਿਆਸੀ ਰੈਲੀ ਦੌਰਾਨ ਅਣਪਛਾਤੇ ਬੰਦੂਕਧਾਰੀ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਰਾਸ਼ਟਰਪਤੀ ਗੁਲੇਰਮੋ ਲਾਸੋ ਨੇ ਇਹ ਜਾਣਕਾਰੀ ਦਿੱਤੀ। ਇਹ ਕਤਲ ਅਜਿਹੇ ਸਮੇਂ ਹੋਇਆ ਹੈ ਜਦੋਂ ਦੱਖਣੀ ਅਮਰੀਕੀ ਦੇਸ਼ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਹਿੰਸਾ ਆਪਣੇ ਸਿਖਰ 'ਤੇ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀ? 'ਚ ਫਰਨਾਂਡੋ ਨੂੰ ਸੁਰੱਖਿਆ ਕਰਮਚਾਰੀਆਂ ਨਾਲ ਘਿਰਿਆ ਹੋਇਆ ਘਟਨਾ ਸਥਾਨ ਛੱਡਦੇ ਦੇਖਿਆ ਜਾ ਸਕਦਾ ਹੈ। ਵੀਡੀ? 'ਚ ਉਹ ਚਿੱਟੇ ਰੰਗ ਦੇ ਟਰੱਕ 'ਚ ਦਾਖਲ ਹੁੰਦੇ ਹੋਏ ਨਜ਼ਰ ਆ ਰਹੇ ਹਨ ਅਤੇ ਫਿਰ ਉਨ੍ਹਾਂ 'ਤੇ ਗੋਲੀਆਂ ਚਲਦੀਆਂ ਦੇਖੀਆਂ ਗਈਆਂ। ਫਰਨਾਂਡੋ (59) 'ਬਿਲਡ ਇਕੁਆਡੋਰ ਮੂਵਮੈਂਟ' ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਸਨ। ਅਗਸਤ ਦੇ ਅਖੀਰ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਉਹ ਅੱਠ ਰਾਸ਼ਟਰਪਤੀ ਉਮੀਦਵਾਰਾਂ ਵਿੱਚੋਂ ਇੱਕ ਸਨ । ਉਹ ਵਿਆਹੇ ਸਨ ਤੇ ਉਨ੍ਹਾਂ ਦੇ ਪੰਜ ਬੱਚੇ ਹਨ।

Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

ਦਾਖਲਾ ਸ਼ੁਰੂ ਹੈ
ਖ਼ੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜਨਿਸ ਚਲਾਓ
Massage Therapy Diploma:
Your Path to a brighter future!
• A 2-year program designed for your needs
• Flexible schedules available for working people
• Start working from the comfort of your home.
• Become a Registered Massage Therapist and be eligible to join different organizations.
• As an RMT, work in hospitals, spas, fitness centers, or run your own home business
• New batches starting 9th of August 2023
• Average salary of a massage therapist is $38 - $70
• International Student Accepted
GD COLLEGE CALGARY
Refer a student to our program and Get upto $500
Student Loan and Grant options are also available.
Contact Us:
587-349-1110
www.gdcollege.ca | E-mail: info@gdcollege.ca
108-1935 27th Ave NE, Calgary, AB, T2E 4E7

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੈਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
Contact: DEEP
4205-17 Ave SE
Calgary (AB)
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Fax: 403 313 9993
Email: deep@neauto.ca
www.neauto.ca Ph. 403-263-1000, 403-250-7038

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
RESTAURANT & SWEETS
ਤੁਹਾਡੇ ਏਰੀਏ ਵਿੱਚ ਈਸਟ ਇੰਡੀਆ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
Lunch Special: 6 Days A Week
ਸਮੋਸਿਆਂ ਦੀ ਹੋਲ ਸੇਲ ਖਰੀਦਦਾਰੀ ਲਈ ਸੰਪਰਕ ਕਰੋ
We do Catering for all Occasions. Call us Advance Booking!
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

## ਸੰਪਾਦਕੀ



ਰਿਸ਼ਤਿਆਂ ਦਾ ਗਲਤ ਇਸਤੇਮਾਲ ਕਦੇ ਨਾ ਕਰੋ, ਚੰਗੇ ਲੋਕ ਜ਼ਿੰਦਗੀ ਵਿਚ ਬਾਰ ਬਾਰ ਨਹੀਂ ਆਉਂਦੇ

# ਪੱਥਰ ਯੁੱਗ ਦੀ ਸੋਚ

ਪਿਛਲੇ ਦਿਨੀਂ ਪੰਜਾਬ ਵਿੱਚ ਇੱਕ ਲੜਕੀ ਦਾ ਪਿ? ਨੇ ਇਸ ਲਈ ਕਤਲ ਕਰ ਦਿੱਤਾ ਕਿਉਂਕਿ ਉਹ ਦੋ ਦਿਨ ਆਪਣੇ ਪ੍ਰੇਮੀ ਨਾਲ ਆਪਣੇ ਘਰੋਂ ਬਾਹਰ ਰਹੀ। ਇਸ ਉੱਤੇ ਤਰ੍ਹਾਂ ਤਰ੍ਹਾਂ ਦੀਆਂ ਪ੍ਰਤੀਕ੍ਰਿਆਵਾਂ ਆਈਆਂ। ਪਰ ਇੱਕ ਗੱਲ ਸਭ ਨੇ ਸਵੀਕਾਰ ਕੀਤੀ ਕਿ ਲੜਕੀ ਦਾ ਕਤਲ ਕਰਨਾ ਗ਼ਲਤ ਸੀ। ਦੂਜਾ ਇਹ ਵੀ ਕਿ ਲੜਕੀਆਂ ਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਦੋ ਢਾਈ ਸਾਲ ਦੇ ਪ੍ਰੇਮ ਦੇ ਬਦਲੇ ਆਪਣੇ ਮਾਪਿਆਂ ਦੇ 20-22 ਸਾਲ ਭੁੱਲਣੇ ਨਹੀਂ ਚਾਹੀਦੇ ਕਿ ਉਨ੍ਹਾਂ ਨੇ ਕਿਹੜੇ ਯਤਨਾਂ ਨਾਲ ਉਨ੍ਹਾਂ ਨੂੰ ਪਾਲਿਆ ਅਤੇ ਪੜ੍ਹਾਇਆ। ਲੇਕਿਨ ਇਹ ਗੱਲ ਜ਼ਰੂਰ ਹੈ ਕਿ ਕਈ ਲੋਕ ਹਾਲੇ ਵੀ ਲੜਕੀਆਂ ਦੀ ਆਜ਼ਾਦੀ ਦੇ ਹੱਕ ਵਿੱਚ ਨਹੀਂ ਹਨ। ਉਂਜ ਤਾਂ ਅਸੀਂ ਵਿਸ਼ਵ ਗੁਰੂ ਬਣਨ ਦੀਆਂ ਸ਼ੇਖ਼ੀਆਂ ਮਾਰਦੇ ਹਾਂ। ਪਰ ਸਾਡੀ ਮਾਨਸਿਕਤਾ ਹਾਲੇ ਵੀ ਪੱਥਰ ਯੁੱਗ ਵਾਲੀ ਲੱਗਦੀ ਹੈ। ਅਣਖ ਦੇ ਨਾਮ ਉੱਤੇ ਕਤਲ ਉਦੋਂ ਵੀ ਹੋ ਰਹੇ ਹਨ ਜਦੋਂ ਅਸੀਂ ਇਸ ਗੱਲ ਦੀ ਫੜ੍ਹ ਮਾਰਦੇ ਹਾਂ ਕਿ ਅਸੀਂ ਇੰਨੀ ਤਰੱਕੀ ਕਰ ਰਹੇ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਅਸੀਂ ਵਿਸ਼ਵ ਗੁਰੂ ਕਹਾਵਾਂਗੇ। ਇਹ ਕਤਲ ਹਰਿਆਣੇ ਵਿੱਚ ਆਮ ਹੁੰਦੇ ਹਨ ਅਤੇ ਕਦੇ ਕਦੇ ਪੰਜਾਬ ਵਿਚ ਵੀ ਅਜਿਹੀਆਂ ਮੰਦਭਾਗੀ ਖ਼ਬਰਾਂ ਸੁਣਨ ਨੂੰ ਮਿਲਦੀਆਂ ਰਹਿੰਦੀਆਂ ਹਨ। ਹਾਲ ਹੀ ਵਿੱਚ ਗੁਜਰਾਤ ਦੇ ਸੂਰਤ ਜ਼ਿਲੇ 'ਚ ਆਪਣੀ ਪਸੰਦ ਦੇ ਨੌਜਵਾਨ ਨਾਲ ਵਿਆਹ ਕਰਾਉਣ 'ਤੇ ਇਕ ਨੌਜਵਾਨ ਔਰਤ ਨੂੰ ਉਸ ਦੇ ਭਰਾ ਨੇ ਜਿਸ ਤਰ੍ਹਾਂ ਮਾਰ ਦਿੱਤਾ, ਉਹ ਇਕ ਵਾਰ ਫਿਰ ਝੂਠੀ ਇੱਜ਼ਤ ਦੇ ਨਾਂ 'ਤੇ ਸਮਾਜ 'ਚ ਫੈਲੀ ਬਦਸਲੂਕੀ ਨੂੰ ਦਰਸਾਉਂਦਾ ਹੈ। ਇਸ ਘਟਨਾ ਨੇ ਇੱਕ ਵਾਰ ਫਿਰ ਇਸ ਲੋੜ ਨੂੰ ਰੇਖਾਂਕਿਤ ਕਰ ਦਿੱਤਾ ਹੈ ਕਿ ਆਰਥਿਕਤਾ ਤੋਂ ਲੈ ਕੇ ਹਰ ਮੋਰਚੇ 'ਤੇ ਵਿਕਾਸ ਦੇ ਦਾਅਵਿਆਂ ਦਰਮਿਆਨ ਸਮਾਜਿਕ ਪੱਧਰ 'ਤੇ ਭੇਦ-ਭਾਵ ਨੂੰ ਦੂਰ ਕਰਨ ਲਈ ਬਹੁਤ ਕੁੱਝ ਕਰਨ ਦੀ ਲੋੜ ਹੈ। ਸੂਰਤ ਦੇ ਲਿੰਬਾਇਤ ਇਲਾਕੇ 'ਚ ਇੱਕ ਮੁਟਿਆਰ ਅਤੇ ਉਸ ਦੇ ਗੁਆਂਢੀ ਦਾ ਨੌਜਵਾਨ ਇੱਕ-ਦੂਜੇ ਨੂੰ ਪਸੰਦ ਕਰਦੇ ਸਨ। ਲੜਕੀ ਦੇ ਪਰਿਵਾਰ ਵਾਲਿਆਂ ਦੀ ਮਰਜ਼ੀ ਦੇ ਖ਼ਿਲਾਫ਼ ਦੋਵਾਂ ਨੇ ਅਦਾਲਤ ਵਿੱਚ ਆਪਸੀ ਸਹਿਮਤੀ ਨਾਲ ਵਿਆਹ ਕਰਵਾ ਲਿਆ। ਹਾਲਾਂਕਿ, ਲੜਕੇ ਦੇ ਪਰਿਵਾਰ ਵਿੱਚ ਇਸ ਸਬੰਧ ਨੂੰ ਸਵੀਕਾਰ ਕੀਤਾ ਗਿਆ ਸੀ ਅਤੇ ਉਨ੍ਹਾਂ ਨੇ ਸਮਾਜਿਕ ਰੀਤੀ-ਰਿਵਾਜਾਂ ਅਨੁਸਾਰ ਵਿਆਹ ਦੀ ਰਸਮ ਦਾ ਆਯੋਜਨ ਕੀਤਾ ਸੀ। ਪਰ ਲੜਕੀ ਦੇ ਰਿਸ਼ਤੇਦਾਰ ਦੇ ਇੱਕ ਭਰਾ ਨੇ ਸਮਾਗਮ ਦੇ ਵਿਚਕਾਰ ਜਾ ਕੇ ਉਸ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ। ਖ਼ਬਰਾਂ ਮੁਤਾਬਕ ਕਤਲ ਦੇ ਦੋਸ਼ੀ ਅਤੇ ਲੜਕੀ ਦੇ ਪਰਿਵਾਰਕ ਮੈਂਬਰ ਉਸ ਦੇ ਜਾਤ ਤੋਂ ਬਾਹਰ ਵਿਆਹ ਕਰਨ ਤੋਂ ਨਾਖੁਸ਼ ਸਨ। ਦਰਅਸਲ, ਸਮਾਜਿਕ-ਆਰਥਿਕ ਸਥਿਤੀ ਤੋਂ ਬਾਹਰ ਲੜਕੀ ਦਾ ਆਪਣੀ ਪਸੰਦ ਦੇ ਲੜਕੇ ਨਾਲ ਵਿਆਹ ਕਰਨਾ ਅਤੇ ਇਸ 'ਤੇ ਪਰਿਵਾਰ ਅਤੇ ਸਮਾਜ ਵੱਲੋਂ ਜ਼ੁਬਾਨੀ ਇਤਰਾਜ਼ ਇੱਕ ਅਜਿਹਾ ਸਵਾਲ ਹੈ, ਜੋ ਆਮ ਤੌਰ 'ਤੇ ਅੱਜ ਵੀ ਵਿਕਾਸ ਅਤੇ ਵਿਕਾਸ ਦੇ ਵਿਚਕਾਰ ਬਹੁਤ ਅਫਸੋਸਜਨਕ ਰੂਪ ਵਿੱਚ ਉਭਰਦਾ ਹੈ। ਹਰ ਪੱਧਰ 'ਤੇ ਆਧੁਨਿਕਤਾ ਆਉਂਦੀ ਹੈ ਸਰਕਾਰਾਂ ਵੱਲੋਂ ਹਰ ਰੋਜ਼ ਸਮਾਜ ਭਲਾਈ ਦੇ ਪ੍ਰੋਗਰਾਮਾਂ ਦਾ ਐਲਾਨ ਕੀਤਾ ਜਾਂਦਾ ਹੈ, ਸਮਾਜ ਸੁਧਾਰ ਦੇ ਯਤਨਾਂ ਦੇ ਦਾਅਵੇ ਕੀਤੇ ਜਾਂਦੇ ਹਨ, ਪਰ ਸੱਚਾਈ ਇਹ ਹੈ ਕਿ ਸਦੀਆਂ ਤੋਂ ਜਾਤ-ਪਾਤ ਅਤੇ ਵਰਗ ਦੇ ਦੁਖਾਂਤ ਪਾੜੇ ਨੂੰ ਪੂਰਾ ਕਰਨ ਵਿੱਚ ਕੋਈ ਸਫ਼ਲਤਾ ਨਹੀਂ ਮਿਲੀ ਹੈ। ਆਖ਼ਰ ਕੀ ਕਾਰਨ ਹੈ ਕਿ ਔਰਤ ਅਤੇ ਹੋਰ ਪਰੰਪਰਾਵਾਂ ਬਾਰੇ ਰੂੜ੍ਹੀਵਾਦੀ ਧਾਰਨਾਵਾਂ ਮਨੁੱਖ ਦੇ ਅੰਦਰ ਇੰਨੀਆਂ ਡੂੰਘੀਆਂ ਹਨ ਕਿ ਉਹ ਇਸ ਵਿਚ ਤਬਦੀਲੀ ਨੂੰ ਸਵੀਕਾਰ ਕਰਨ ਤੋਂ ਅਸਮਰੱਥ ਹੈ! ਸਿੱਖਿਆ ਤੋਂ ਲੈ ਕੇ ਜੀਵਨ ਸ਼ੈਲੀ ਤੱਕ, ਜ਼ਿਆਦਾਤਰ ਲੋਕ ਉੱਚ ਗੁਣਵੱਤਾ ਵਾਲੀ ਸਿੱਖਿਆ ਅਤੇ ਸਮੇਂ ਦੇ ਨਾਲ ਬਦਲਦੇ ਰੁਝਾਨਾਂ ਅਨੁਸਾਰ ਆਧੁਨਿਕ ਪਹਿਰਾਵੇ ਅਤੇ ਜੀਵਨ ਸ਼ੈਲੀ ਨੂੰ ਅਪਣਾਉਣ ਦੀ ਪੂਰੀ ਕੋਸ਼ਿਸ਼ ਕਰਦੇ ਹਨ। ਪਰ ਔਰਤਾਂ ਬਾਰੇ ਪ੍ਰਚਲਿਤ ਪਿਤਰੀ-ਪ੍ਰਧਾਨਤਾ, ਇਸ ਤਰ੍ਹਾਂ ਜਾਤ-ਪਾਤ ਅਤੇ ਧਰਮ, ਇਸ ਕਦਰ ਹਾਵੀ ਹੋ ਜਾਂਦੇ ਹਨ ਕਿ ਕੁੱਝ ਲੋਕ ਇਸ ਮੁੱਦੇ 'ਤੇ ਨਾ ਸਿਰਫ਼ ਸਮਾਜਿਕ ਬਾਈਕਾਟ ਕਰਨ ਤੋਂ ਝਿਜਕਦੇ ਹਨ, ਸਗੋਂ ਹਿੰਸਾ ਅਤੇ ਕਤਲ ਵੀ ਕਰਦੇ ਹਨ। ਕਿਸੇ ਵੀ ਸਮਾਜ ਦੇ ਸੱਭਿਅਕ ਅਤੇ ਆਧੁਨਿਕ ਹੋਣ ਦੀ ਪਰਖ ਇਹ ਹੈ ਕਿ ਉਹ ਬਾਲਗ ਨੌਜਵਾਨ ਦੀ ਚੋਣ ਜਾਂ ਅਧਿਕਾਰਾਂ ਦਾ ਸਤਿਕਾਰ ਕਰਦਾ ਹੈ। ਪਰ ਜਾਪਦਾ ਹੈ ਕਿ ਸੰਵਿਧਾਨਕ ਜਾਂ ਕਾਨੂੰਨੀ ਪ੍ਰਬੰਧਾਂ ਦੇ ਬਾਵਜੂਦ ਸਮਾਜ ਦਾ ਇੱਕ ਵੱਡਾ ਤਬਕਾ ਨਾ ਸਿਰਫ਼ ਮਨੋਵਿਗਿਆਨਕ ਤੌਰ 'ਤੇ ਵਿਗੜੇ ਹੋਏ ਰੂੜ੍ਹੀਆਂ ਵਿੱਚ ਜਕੜਿਆ ਹੋਇਆ ਹੈ, ਸਗੋਂ ਇਸ ਦੇ ਪ੍ਰਭਾਵ ਹੇਠ ਅਪਰਾਧਿਕ ਕਾਰਵਾਈਆਂ ਵੀ ਕਰਦਾ ਹੈ। ਇਹ ਸਮਝਣਾ ਔਖਾ ਹੈ ਕਿ ਇੱਕ ਮੁਟਿਆਰ ਨੂੰ ਸਿਰਫ਼ ਇਸ ਲਈ ਮਾਰ ਕੇ ਕੀ ਇੱਜ਼ਤ ਬਚਾਈ ਜਾ ਸਕਦੀ ਹੈ ਕਿਉਂਕਿ ਉਸ ਨੇ ਆਪਣੀ ਮਰਜ਼ੀ ਨਾਲ ਵਿਆਹ ਕੀਤਾ ਸੀ। ਸਗੋਂ ਅਜਿਹਾ ਕਰਨ ਨਾਲ ਕੀ ਹੁੰਦਾ ਹੈ ਕਿ ਝੂਠੀ ਇੱਜ਼ਤ ਦੇ ਨਾਂ 'ਤੇ ਕਤਲ ਕਰਨ ਵਾਲੇ ਅਜਿਹੇ ਗੁਨਾਹ ਦੀ ਸਜ਼ਾ ਭੁਗਤਦਿਆਂ ਸਾਰੀ ਉਮਰ ਗੁਜ਼ਾਰ ਦਿੰਦੇ ਹਨ। ਸਮਾਜਿਕ ਵੰਡ ਅਤੇ ਵਿਸ਼ਵਾਸਾਂ ਦੇ ਅੰਤ ਤੋਂ ਪੈਦਾ ਹੋਈ ਨਿਰਾਸ਼ਾ ਕਈ ਵਾਰ ਵਿਅਕਤੀ ਨੂੰ ਵਿਗਾੜ ਕੇ ਅਣਮਨੁੱਖੀ ਬਣਾ ਦਿੰਦੀ ਹੈ। ਇਸ ਸੋਚ ਤੋਂ ਪ੍ਰੇਰਿਤ ਲੋਕ ਕਦੇ ਵੀ ਸਮਾਜ ਨੂੰ ਆਧੁਨਿਕ ਨਹੀਂ ਹੋਣ ਦਿੰਦੇ ਅਤੇ ਨਾ ਹੀ ਆਪਣੇ ਹਿੱਤਾਂ ਨੂੰ ਯਕੀਨੀ ਬਣਾਉਣ ਦੇ ਯੋਗ ਹੁੰਦੇ ਹਨ। ਲੋੜ ਇਸ ਗੱਲ ਦੀ ਹੈ ਕਿ ਸਰਕਾਰ ਸਮਾਜਿਕ ਵਿਕਾਸ ਲਈ ਪੱਖਪਾਤ ਨੂੰ ਦੂਰ ਕਰਨ ਲਈ ਨੀਤੀਗਤ ਪਹਿਲਕਦਮੀ ਵੀ ਕਰੇ। ਨਹੀਂ ਤਾਂ ਝੂਠੀ ਇੱਜ਼ਤ ਦੇ ਨਾਂ 'ਤੇ ਹੋ ਰਹੇ ਕਤਲ ਸਮਾਜ ਦੀਆਂ ਆਧੁਨਿਕ ਅਤੇ ਮਾਨਵੀ ਕਦਰਾਂ-ਕੀਮਤਾਂ 'ਤੇ ਸਵਾਲ ਖੜ੍ਹੇ ਕਰਦੇ ਰਹਿਣਗੇ।

**ਸੁਖਜਿੰਦਰ ਸਮਰਾ**
ਮੋ. 1 780 300 2000

**403 640 2000**
**punjabiakhbaar@gmail.com**

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਪੰਚਾਇਤਾਂ ਭੰਗ ਕਰਨਾ ਗੈਰ-ਲੋਕਤੰਤਰਿਕ



**ਗੁਰਮੀਤ ਸਿੰਘ ਪਲਾਹੀ**

**ਪੰਜਵਾਂ ਤੇ ਅਹਿਮ ਪੱਖ ਇਹ ਹੈ ਕਿ ਚੋਣਾਂ ਦਸੰਬਰ 2023 ਤੱਕ ਹੋਣੀਆਂ ਹਨ, ਉਦੋਂ ਤੱਕ ਹੁਣ ਧੜੇਬੰਦੀ ਦਾ ਪਿੰਡਾਂ 'ਚ ਭਰਵਾਂ ਦੌਰ ਚੱਲੇਗਾ। ਸਰਕਾਰੀ ਧਿਰ, ਆਪਣੇ ਧੜੇ ਨੂੰ ਮਜ਼ਬੂਤ ਕਰਨ ਲਈ ਪ੍ਰਬੰਧਕਾਂ, ਪ੍ਰਸਾਸ਼ਕਾਂ ਰਾਹੀਂ ਆਪਣੇ ਬੰਦਿਆਂ ਰਾਹੀਂ ਪੰਚਾਇਤ ਫੰਡਾਂ 'ਚ ਪਈਆਂ ਗ੍ਰਾਂਟਾਂ ਖਰਚੇਗਾ ਅਤੇ ਉਹ ਬੰਦੇ ਫਿਰ ਕੀਤੇ ਵਿਕਾਸ ਦੇ ਨਾਮ ਉਤੇ ਲੋਕਾਂ ਤੋਂ ਵੋਟ ਮੰਗਣਗੇ। ਇਹੋ ਜਿਹੇ ਹਾਲਾਤਾਂ ਚ ਪਿੰਡਾਂ ਚ ਲੜਾਈ, ਝਗੜੇ ਤਾਂ ਵਧਣਗੇ ਹੀ।**

ਪੰਜਾਬ ਸਰਕਾਰ ਵਲੋਂ ਸਥਾਨਕ ਸਰਕਾਰਾਂ ਕਹਾਉਂਦੀਆਂ ਪਿੰਡ ਪੰਚਾਇਤਾਂ, ਬਲਾਕ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ ਨੂੰ ਉਹਨਾ ਦੀ 5 ਸਾਲ ਦੀ ਮਿਆਦ ਖ਼ਤਮ ਹੋਣ ਤੋਂ 4-5 ਮਹੀਨੇ ਪਹਿਲਾਂ ਹੀ ਭੰਗ ਕਰ ਦਿੱਤਾ ਹੈ। ਇੱਕ ਨੋਟੀਫੀਕੇਸ਼ਨ ਰਾਹੀਂ ਸਰਪੰਚਾਂ ਦੀ ਥਾਂ ਅਫ਼ਸਰਸ਼ਾਹੀ ਉਹਨਾ ਦੇ ਅਧਿਕਾਰਾਂ ਦੀ ਵਰਤੋਂ ਕਰੇਗੀ ਅਤੇ ਪੰਚਾਇਤਾਂ ਉਤੇ ਪ੍ਰਬੰਧਕ ਪ੍ਰਾਸ਼ਾਸਕ ਲਗਾ ਦਿੱਤਾ ਗਏ ਹਨ। ਇੱਕ ਹੋਰ ਨੋਟੀਫੀਕੇਸ਼ਨ ਜਾਂ ਪੱਤਰ ਰਾਹੀਂ ਸਰਪੰਚਾਂ ਨੂੰ ਪੰਚਾਇਤ ਖਾਤਿਆਂ ਵਿਚੋਂ ਕੋਈ ਵੀ ਲੈਣ-ਦੇਣ ਕਰਨ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ।

ਪੰਜਾਬ ਦਾ ਪੇਂਡੂ ਪੰਚਾਇਤੀ ਢਾਂਚਾ ਲੜਖੜਾ ਗਿਆ ਹੈ। ਪੰਜਾਬ ਸਰਕਾਰ ਉਤੇ ਵੱਡੇ ਸਵਾਲ ਉੱਠਣ ਲੱਗੇ ਹਨ ਕਿ ਸਰਕਾਰ ਦਾ ਇਹ ਫੈਸਲਾ ਗੈਰ-ਲੋਕਤੰਤਰੀ ਹੈ, ਕਿ ਜਦੋਂ ਗ੍ਰਾਮ ਸਭਾਵਾਂ (ਪਿੰਡ ਦੇ ਵੋਟਰਾਂ) ਨੇ 5 ਸਾਲ ਲਈ ਪੰਚਾਇਤਾਂ ਚੁਣੀਆਂ ਸਨ, ਆਪਣੀਆਂ ਸਥਾਨਕ ਸਰਕਾਰਾਂ ਬਣਾਈਆਂ ਸਨ ਤਾਂ ਸਰਕਾਰ ਨੇ ਸਿਰਫ਼ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਸਥਾਨਕ ਸਰਕਾਰਾਂ ਕਿਉਂ ਭੰਗ ਕੀਤੀਆਂ ਹਨ ?

ਮੌਜੂਦਾ ਸਮੇਂ ਪੰਜਾਬ ਵਿੱਚ 13,326 ਪਿੰਡ ਪੰਚਾਇਤਾਂ ਹਨ। ਕੁਲ ਮਿਲਾਕੇ 153 ਬਲਾਕ ਸੰਮਤੀਆਂ ਅਤੇ 23 ਜ਼ਿਲਾ ਪ੍ਰੀਸ਼ਦਾਂ ਹਨ। ਬਿਨ੍ਹਾਂ ਸ਼ੱਕ ਬਲਾਕ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਦੀ ਮਿਆਦ ਤਾਂ ਪੂਰੀ ਹੋ ਗਈ ਸੀ, ਪਰ ਪੰਚਾਇਤਾਂ ਨੂੰ ਸਮੇਂ ਤੋਂ ਪਹਿਲਾਂ ਭੰਗ ਕੀਤੇ ਜਾਣ 'ਤੇ ਸਵਾਲ ਉਠਣੇ ਲਾਜ਼ਮੀ ਸਨ।

ਸਵਾਲ ਤਾਂ ਉਸ ਵੇਲੇ ਵੀ ਉਠੇ ਸਨ ਜਦੋਂ ਕਾਂਗਰਸੀ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਸਮੇਂ ਤੋਂ 2002 ਵਿੱਚ ਪੰਚਾਇਤਾਂ ਭੰਗ ਕਰ ਦਿੱਤੀਆਂ ਸਨ। ਪੰਜਾਬ 'ਚ ਪੰਚਾਇਤਾਂ ਜੂਨ 1998 'ਚ ਚੁਣੀਆਂ ਗਈਆਂ ਸਨ, ਪੰਚਾਇਤਾਂ ਦੀ ਪਹਿਲੀ ਮੀਟਿੰਗ ਅਗਸਤ 1998 'ਚ ਹੋਈ ਸੀ।

ਉਸ ਸਮੇਂ ਮਾਨਯੋਗ ਪੰਜਾਬ -ਹਰਿਆਣਾ ਹਾਈਕੋਰਟ ਚੰਗੀਗੜ੍ਹ ਨੇ ਸਮੇਂ ਤੋਂ ਪਹਿਲਾਂ ਭੰਗ ਕੀਤੀਆਂ ਪੰਚਾਇਤਾਂ ਸਬੰਧੀ ਫੈਸਲੇ @ਚ ਕਿਹਾ ਸੀ ਕਿ ਕਾਂਗਰਸ ਦਾ ਰਾਜ ਭਾਗ ਆਉਣ ਦਾ ਭਾਵ ਇਹ ਨਹੀਂ ਹੈ ਕਿ ਚੁਣੀਆਂ ਹੋਈਆਂ ਪੰਚਾਇਤਾਂ ਸਮੇਂ ਤੋਂ ਪਹਿਲਾਂ ਭੰਗ ਕਰ ਦਿੱਤੀਆਂ ਜਾਣ। ਮਾਨਯੋਗ ਜੱਜ ਸਾਹਿਬਾਨ ਨੇ ਕਿਹਾ ਸੀ ਕਿ ਸੂਬਾ ਸਰਕਾਰ ਕੋਲ ਚੁਣੀਆਂ ਪੰਚਾਇਤਾਂ ਨੂੰ ਸਮੇਂ ਤੋਂ ਪਹਿਲਾਂ ਭੰਗ ਕਰਨ ਦਾ ਕੋਈ ਅਧਿਕਾਰ ਹੀ ਨਹੀਂ ਹੈ। ਭਾਵੇਂ ਕਿ ਜੱਜ ਸਾਹਿਬਾਨ ਨੇ ਕਈ ਹੋਰ ਤੱਥਾਂ ਨੂੰ ਵੀ ਸਪਸ਼ਟ ਕੀਤਾ ਸੀ।

ਜਦੋਂ ਵੀ ਪੰਜਾਬ 'ਚ ਸੂਬਾ ਸਰਕਾਰਾਂ 'ਚ ਸੱਤਾ ਤਬਦੀਲੀ ਹੋਈ, ਉਦੋਂ ਹੀ ਸਭ ਤੋਂ ਪਹਿਲਾਂ ਪੰਚਾਇਤਾਂ ਨੂੰ ਭੰਗ ਕਰ ਦਿੱਤਾ ਗਿਆ। ਭਾਵੇਂ ਉਹ ਸਰਕਾਰਾਂ ਕਾਂਗਰਸ ਦੀਆਂ ਸਨ ਜਾਂ ਅਕਾਲੀਆਂ ਦੀਆਂ ਜਾਂ ਹੁਣ ਆਮ ਆਦਮੀ ਪਾਰਟੀ ਦੀਆਂ।

ਇਥੇ ਸਵਾਲ ਤਾਂ ਇਹ ਉੱਠਦਾ ਹੈ ਕਿ ਆਮ ਆਦਮੀ ਪਾਰਟੀ ਜਾਂ ਸਰਕਾਰ ਜਿਹੜੀ ਲੋਕਾਂ ਨੂੰ ਸਵਾਲ ਖੜੇ ਕਰਨ ਦਾ ਸੱਦਾ ਦਿੰਦੀ ਹੋਈ ਪੰਜਾਬ 'ਚ ਤਾਕਤ ਵਿੱਚ ਆਈ ਸੀ, ਉਹ ਲੋਕਾਂ ਦਾ ਖਿਆਲ ਨਾ ਰੱਖਣ ਵਾਲੀਆਂ ਰਿਵਾਇਤੀ ਪਾਰਟੀਆਂ ਦੀ ਕਤਾਰ ਵਿੱਚ ਆਪ ਖੜੀ ਕਿਉਂ ਹੋ ਗਈ ? ਸਵਾਲ ਇਹ ਵੀ ਉੱਠਦਾ ਹੈ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਤਾਂ ਆਮ ਆਦਮੀ ਪਾਰਟੀ ਪਿੰਡਾਂ 'ਚ ਗ੍ਰਾਮ ਸਭਾਵਾਂ ਦੇ ਆਦੇਸ਼ ਨਾਲ ਚਲਾਉਣ ਦਾ ਪੱਖ ਪੂਰਦੀ ਸੀ, ਪਰ ਸਰਕਾਰ ਵਲੋਂ ਗ੍ਰਾਮ ਸਭਾਵਾਂ ਭਾਵ ਪਿੰਡਾਂ ਦੇ ਵੋਟਰਾਂ ਤੋਂ ਪੰਚਾਇਤਾਂ ਸਮੇਂ ਤੋਂ ਪਹਿਲਾਂ ਭੰਗ ਕਰਨ ਦੀ ਸਲਾਹ ਲੈਣੀ ਵੀ ਗਨੀਮਤ ਨਹੀਂ ਸਮਝੀ।

ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 209 ਸਬ-ਸੈਕਸ਼ਨ (1) (ਪੰਜਾਬ ਐਕਟ 9 ਆਫ 1994) ਦੀ ਵਰਤੋਂ ਕਰਦਿਆਂ, ਸਮੇਂ ਤੋਂ ਪਹਿਲਾਂ ਪੰਚਾਇਤਾਂ ਭੰਗ ਕਰਨ ਦਾ ਕਾਰਨ ਦਸਣਾ ਜ਼ਰੂਰੀ ਹੁੰਦਾ ਹੈ।

ਹੋ ਸਕਦਾ ਹੈ ਕਿ ਸਰਕਾਰ ਪਿਛਲੀਆਂ ਸਰਕਾਰ ਸਮੇਂ ਚੁਣੀਆਂ ਪੰਚਾਇਤਾਂ ਦੇ ਕੰਮ ਕਾਰ ਤੋਂ ਖੁਸ਼ ਨਾ ਹੋਵੇ। ਇਹ ਵੀ ਸਰਕਾਰ ਮਹਿਸੂਸ ਕਰ ਰਹੀ ਹੋਵੇ ਕਿ ਪੰਚਾਇਤਾਂ 'ਚ ਭ੍ਰਿਸ਼ਟਾਚਾਰ ਫੈਲਿਆਂ ਹੋਇਆ ਹੈ ਅਤੇ ਬਹੁਤੇ ਸਰਪੰਚ, ਪੰਚਾਇਤੀ ਮੁਲਾਜ਼ਮਾਂ, ਅਫ਼ਸਰਾਂ ਨਾਲ ਰਲਕੇ ਫੰਡਾਂ ਦੀ ਦੁਰਵਰਤੋਂ ਕਰਦੇ ਹਨ ਪਰ ਹੁਣ ਜਦੋਂ ਸਰਪੰਚਾਂ ਜਾਂ ਪੰਚਾਇਤਾਂ ਨੂੰ ਨੁਕਰੇ ਲਾਕੇ, ਸਭੋ ਕੁਝ ਅਫ਼ਸਰਸ਼ਾਹੀ ਹੱਥ ਫੜਾ ਦਿੱਤਾ ਗਿਆ ਹੈ ਤਾਂ ਕੀ ਫੰਡਾਂ ਦੀ ਦੁਰਵਰਤੋਂ, ਭ੍ਰਿਸ਼ਟਾਚਾਰ ਦਾ ਵਰਤਾਰਾ ਖ਼ਤਮ ਹੋ ਜਾਏਗਾ ? ਉਂਜ ਦਸਣਾ ਤਾਂ ਬਣਦਾ ਹੀ ਸੀ ਕਿ ਪੰਚਾਇਤਾਂ ਕਿਸ ਲੋਕ ਹਿੱਤ ਵਿੱਚ ਭੰਗ ਕੀਤੀਆਂ ਗਈਆਂ ਹਨ।

ਦੇਸ਼ ਵਿੱਚ ਤਿੰਨ ਕਿਸਮ ਦੀਆਂ ਸਰਕਾਰਾਂ ਹਨ। ਕੇਂਦਰ ਸਰਕਾਰ, ਲੋਕਾਂ ਦੀ ਚੁਣੀ ਹੋਈ ਦੇਸ਼ ਦੀ ਸਰਕਾਰ। ਸੂਬਾ ਸਰਕਾਰ, ਸੂਬੇ ਦੇ ਲੋਕਾਂ ਦੀ ਚੋਣੀ ਹੋਈ ਸਰਕਾਰ। ਸਥਾਨਕ ਸਰਕਾਰਾਂ, ਭਾਵ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਪਿੰਡਾਂ ਲਈ ਅਤੇ ਨਗਰਪਾਲਿਕਾਵਾਂ ਆਦਿ ਸ਼ਹਿਰਾਂ ਲਈ, ਜੋ ਬਕਾਇਦਾ ਤੌਰ ਤੇ ਪੰਜ ਸਾਲਾਂ ਲਈ ਚੁਣੀਆਂ ਜਾਂਦੀਆਂ ਹਨ। ਭਾਰਤੀ ਸੰਵਿਧਾਨ 'ਚ ਤਿੰਨਾਂ ਸਰਕਾਰਾਂ ਦੀ ਵਿਵਸਥਾ ਹੈ। ਕੇਂਦਰ ਤੇ ਸੂਬਾ ਸਰਕਾਰ ਦੀਆਂ ਤਾਂ ਆਪੋ-ਆਪਣੀਆਂ ਸ਼ਕਤੀਆਂ ਹਨ। ਸੰਵਿਧਾਨ 'ਚ ਦਰਜ਼ ਹਨ। ਪੰਚਾਇਤੀ ਪ੍ਰਬੰਧ ਲਈ ਸੰਵਿਧਾਨ 'ਚ 73 ਵੀਂ ਸੋਧ 1992 'ਚ ਕਰਕੇ ਪੰਚਾਇਤਾਂ ਨੂੰ ਵੀ ਬਰਾਬਰ ਦੇ ਅਧਿਕਾਰ ਹਨ।

ਜੇਕਰ ਸੂਬਾ ਸਰਕਾਰ ਭੰਗ ਕਰਨੀ ਹੈ ਤਾਂ ਨਿਯਮ ਹਨ। ਸਰਕਾਰ ਦੇ ਨੁਮਾਇੰਦੇ ਸਮੇਂ ਤੋਂ ਪਹਿਲਾਂ ਭੰਗ ਕਰਨ ਲਈ ਮਤਾ ਪਾਸ ਕਰਦੇ ਹਨ। ਇਵੇਂ ਹੀ ਕੇਂਦਰ ਦੀ ਸਰਕਾਰ ਸਮੇਂ ਤੋਂ ਪਹਿਲਾਂ ਭੰਗ ਕਰਨ ਤੇ ਅਗਾਊਂ ਚੋਣਾਂ ਕਰਾਉਣ ਦੇ ਵੀ ਨਿਯਮ ਹਨ। ਸੰਵਿਧਾਨ ਦੀ ਧਾਰਾ 24-ਈ ਅਨੁਸਾਰ ਪੰਚਾਇਤਾਂ ਸਬੰਧੀ ਵੀ ਨਿਯਮ ਹਨ। ਜੇਕਰ ਕੇਂਦਰ @ਚ ਚੁਣੇ ਮੈਂਬਰਾਂ ਦੀ ਹਾਊਸ ਭੰਗ ਕਰਨ ਦੀ ਸੁਣੀ ਜਾਂਦੀ ਹੈ, ਜੇਕਰ ਸੂਬੇ 'ਚ ਚੁਣੇ ਮੈਂਬਰਾਂ ਦੀ ਸਦਨ ਭੰਗ ਕਰਨ ਦੀ ਸੁਣੀ ਜਾਂਦੀ ਹੈ ਤਾਂ ਬਰਾਬਰ ਦੇ ਅਧਿਕਾਰ ਮਿਲੇ ਹੋਣ ਦੇ ਬਾਵਜੂਦ ਵੀ ਸਥਾਨਕ ਸਰਕਾਰਾਂ ਨੂੰ ਭੰਗ ਕਰਨ ਦਾ ਆਪਹੁਦਰਾ ਅਤੇ ਗੈਰ ਸੰਵਿਧਾਨਿਕ ਕੰਮ ਕਿਉਂ ਕੀਤਾ ਜਾਂਦਾ ਹੈ।

ਪੰਚਾਇਤੀ ਰਾਜ ਪ੍ਰਬੰਧ ਨੂੰ ਸਹੀ ਢੰਗ ਨਾਲ ਲਾਗੂ ਕਰਨ ਵੱਲ 73ਵੀਂ ਸੋਧ ਵੱਡਾ ਕਦਮ ਕਿਹਾ ਗਿਆ। ਇਸ ਸੋਧ ਅਧੀਨ ਪੰਚਾਇਤਾਂ ਦੇ ਗਠਨ ਨੂੰ ਸੰਵਿਧਾਨਿਕ ਮਾਨਤਾ ਦਿੱਤੀ ਗਈ। ਧਾਰਾ 243 ਦੀਆਂ ਵੱਖੋ-ਵੱਖਰੀਆਂ ਮੱਦਾ 243-ਏ ਤੋਂ ਲੈ ਕੇ 243-ਓ ਤੱਕ ਪੰਚਾਇਤਾਂ ਦੇ ਸਬੰਧ 'ਚ ਪ੍ਰਾਵਾਧਾਨਾਂ ਦਾ ਵਰਨਣ ਹੋਇਆ। ਗ੍ਰਾਮ ਸਭਾ ਦੀ ਸਥਾਪਨਾ ਤੋਂ ਲੈ ਕੇ ਪੰਚਾਇਤਾਂ ਦੀਆਂ ਸ਼ਕਤੀਆਂ ਅਧਿਕਾਰਾਂ, ਗਠਨ ਆਦਿ ਬਾਰੇ ਵਿਸਥਾਰਿਤ ਵਰਨਣ ਕੀਤਾ ਗਿਆ। ਪੰਚਾਇਤਾਂ ਨੂੰ ਵਧ ਅਧਿਕਾਰ ਦਿੱਤੇ ਗਏ।

ਇਹ ਸਪਸ਼ਟ ਕੀਤਾ ਗਿਆ ਕਿ ਪੇਂਡੂ ਭਾਰਤ @ਚ ਸਥਾਨਕ ਸਰਕਾਰ ਇੱਕ ਮੁਢਲੀ ਪ੍ਰਣਾਲੀ ਹੈ। ਇਹਨਾ ਸੰਸਥਾਵਾਂ ਦਾ ਕੰਮ ਪਿੰਡਾਂ ਦਾ ਆਰਥਿਕ ਵਿਕਾਸ ਕਰਨਾ, ਸਮਾਜਿਕ ਨਿਆਂ ਨੂੰ ਮਜ਼ਬੂਤ ਕਰਨਾ ਅਤੇ ਸੂਬਾ ਅਤੇ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਲਾਗੂ ਕਰਨਾ ਹੈ। ਸਥਾਨਕ ਸਰਕਾਰਾਂ ਨੂੰ ਦੋਵੇਂ ਸਰਕਾਰਾਂ, ਕੇਂਦਰ ਤੇ ਸੂਬਾ ਸਰਕਾਰ ਦੇ ਬਰਾਬਰ ਸੰਵਿਧਾਨਿਕ ਅਧਿਕਾਰ ਮਿਲੇ।

ਪਰ ਕੁਝ ਇੱਕ ਸੂਬਾ ਸਰਕਾਰਾਂ ਨੂੰ ਛੱਡਕੇ ਵੱਡੀ ਗਿਣਤੀ ਸੂਬਾ ਸਰਕਾਰਾਂ ਨੇ ਪੰਚਾਇਤਾਂ ਨੂੰ ਅਧਿਕਾਰ ਨਹੀਂ ਦਿੱਤੇ ਹੋਏ। ਸਰਕਾਰੀ ਦਖ਼ਲ ਦੇ ਨਾਲ-ਨਾਲ ਸਿਆਸੀ ਦਖ਼ਲ ਨੇ ਪੰਚਾਇਤੀ ਪ੍ਰਬੰਧ ਨੂੰ ਖੋਖਲਾ ਕੀਤਾ ਹੋਇਆ ਹੈ। ਯੋਜਨਾਵਾਂ ਅਧੀਨ ਜਿਹੜੀ ਸਹਾਇਤਾ ਵਿੱਤ ਕਮਿਸ਼ਨ ਰਾਹੀਂ ਸਿੱਧਿਆਂ ਪੰਚਾਇਤੀ ਫੰਡਾਂ 'ਚ ਆਉਣੀ ਹੁੰਦੀ ਹੈ, ਉਸ ਉਤੇ ਵੀ ਅਫ਼ਸਰਸ਼ਾਹੀ ਤੇ ਕਾਬਜ ਸਿਆਸੀ ਧਿਰਾਂ ਆਪਣਾ ਕੁੰਡਾ ਰੱਖਦੀਆਂ ਹਨ। ਪੰਚਾਇਤੀ ਰਾਜ ਪ੍ਰਬੰਧਨ ਅਧੀਨ ਪੰਜਾਬ ਦੀ ਹਾਲਤ ਤਾਂ ਜ਼ਿਆਦਾ ਖਸਤਾ ਹੈ, ਜਿਸ ਅਨੁਸਾਰ ਪੰਚਾਇਤਾਂ ਤਾਂ ਪੰਚਾਇਤ ਸਕੱਤਰਾਂ ਅਤੇ ਮੁਲਾਜ਼ਮਾਂ ਦੇ ਰਹਿਮੋ-ਕਰਮ ਉਤੇ ਹੈ। ਗ੍ਰਾਮ ਸਭਾਵਾਂ, ਆਮ ਇਜਲਾਸ ਕਰਨ ਦੀ ਪਰੰਪਰਾਂ ਤਾਂ ਬੱਸ ਕਾਗਜ਼ੀ ਹੈ। ਸਰਪੰਚ, ਬਲਾਕ ਪੰਚਾਇਤਾਂ ਦਫ਼ਤਰਾਂ ਦੇ ਚੱਕਰ ਕੱਟਦੇ, ਕਾਰਵਾਈ ਰਜਿਸਟਰ ਲੈ ਕੇ ਬਿੱਲ ਆਦਿ ਦੇ ਭੁਗਤਾਣ ਲਈ, ਆਮ ਵੇਖੇ ਜਾਂਦੇ ਹਨ। ਸਿਤਮ ਦੀ ਗੱਲ ਤਾਂ ਇਹ ਹੈ ਕਿ ਬਲਾਕਾਂ 'ਚ ਪੰਚਾਇਤ ਸਕੱਤਰ, ਜਿਹਨਾ ਕੋਲ ਅਥਾਹ ਪੰਚਾਇਤੀ ਸ਼ਕਤੀਆਂ ਇਕੱਠੀਆਂ ਹੋ ਚੁੱਕੀਆਂ ਹਨ, ਕੋਲ ਦੋ-ਦੋ, ਤਿੰਨ-ਤਿੰਨ ਦਰਜਨਾਂ ਤੱਕ ਪੰਚਾਇਤਾਂ ਦੇ ਚਾਰਜ ਹਨ। ਇਹੋ ਜਿਹੇ ਹਾਲਾਤ ਵਿੱਚ ਪੇਂਡੂ ਵਿਕਾਸ ਦੀ ਕੀ ਤਵੱਕੋ ਹੋ ਸਕਦੀ ਹੈ ?

ਪੇਂਡੂ ਪੰਚਾਇਤਾਂ, ਸਥਾਨਕ ਸਰਕਾਰ ਨਾਲ ਸੂਬਾ ਸਰਕਾਰਾਂ ਦੇ ਧੱਕੇ ਦੀ ਦਾਸਤਾਨ ਇਥੇ ਹੀ ਖ਼ਤਮ ਨਹੀਂ ਹੁੰਦੀ। ਆਮਦਨ ਜ਼ਮੀਨ ਦੇ ਠੇਕੇ ਭਾਵ ਕਿਰਾਏ ਦੀ ਹੈ ਜਾਂ ਪੰਚਾਇਤੀ ਹੁਕਮਾਂ ਦੇ ਕਿਰਾਏ ਦੀ ਜਾਂ ਹੋਰ, ਇਸ ਵਿਚੋਂ ਪਿੰਡਾਂ ਨੂੰ ਆਮਦਨ ਵਿਚੋਂ ਲਗਭਗ ਤੀਜਾ ਹਿੱਸਾ (30 ਫੀਸਦੀ) ਬਲਾਕ ਸੰਮਤੀਆਂ ਪੰਚਾਇਤ ਸਕੱਤਰਾਂ ਦੀ ਤਨਖ਼ਾਹ ਲਈ ਹਰ ਵਰ੍ਹੇ ਲੈ ਜਾਂਦੀਆਂ ਹਨ। ਅਸਲ ਵਿੱਚ ਤਾਂ ਸੰਵਿਧਾਨ ਦੀ ਰੂਹ ਅਨੁਸਾਰ ਪੰਚਾਇਤਾਂ ਨੂੰ ਦਿੱਤੇ ਗਏ ਅਧਿਕਾਰ, ਸਥਾਨਕ ਸਰਕਾਰਾਂ ਦੀ ਪਦਵੀ, ਕੰਮ ਕਰਨ ਦੀ ਖੁੱਲ੍ਹ ਸਭ ਕੁਝ ਸੂਬਾ ਸਰਕਾਰ ਅਤੇ ਹਾਕਮਾਂ ਵਲੋਂ ਹਥਿਆਈ ਜਾ ਚੁੱਕੀ ਹੈ ਅਤੇ ਹਥਿਆਈ ਜਾਂਦੀ ਰਹੀ ਹੈ। ਇੱਕ ਆਖ਼ਰੀ ਤਸੱਲੀ ਪੰਚਾਇਤੀ ਨੁਮਾਇੰਦਿਆਂ ਦੀ ਇਹੋ ਹੈ ਕਿ ਅਸੀਂ ਲੋਕਾਂ ਦੇ ਚੁਣੇ ਹੋਏ ਹਾਂ, ਉਸ ਨੂੰ ਵੀ ਮੌਜੂਦਾ ਸਰਕਾਰ ਨੇ ਰਾਤੋਂ-ਰਾਤ ਖੋਹ ਲਿਆ ਹੈ। ਕੇਂਦਰ ਸਰਕਾਰ ਵਲੋਂ ਰਾਤੋ-ਰਾਤ ਨੋਟਬੰਦੀ ਲਾਗੂ ਕਰਨ ਵਾਂਗਰ।

ਉਹ ਸਰਕਾਰ ਜਿਹੜੀ ਕੇਂਦਰ ਸਰਕਾਰ ਉਤੇ ਚੁਣੀ ਹੋਈ ਸੂਬਾ ਸਰਕਾਰ ਦੇ ਕੰਮ ਕਾਜ ਚ ਵਿਘਨ ਪਾਉਣ ਤੇ ਤਾਕਤਾਂ ਹਥਿਆਉਣ ਦਾ ਇਲਜ਼ਾਮ ਲਾਉਂਦੀ ਹੈ ਅਤੇ ਤਾਕਤਾਂ ਖੋਹੇ ਜਾਣ ਤੇ ਤਰਲੋ ਮੱਛੀ ਹੋ ਰਹੀ ਹੈ। ਆਖ਼ਰ ਉਸਨੇ ਸਥਾਨਕ ਸਰਕਾਰ ਦੇ ਹੱਕ ਖੋਹਣ ਦਾ ਗੈਰ-ਲੋਕਤੰਤਰਿਕ ਫੈਸਲਾ ਕਿਉਂ ਲਿਆ ?

ਆਖ਼ਰ ਕੀ ਅਸਰ ਹੋਏਗਾ ਪੰਜਾਬ 'ਚ ਅਗਾਊਂ ਪੰਚਾਇਤਾਂ ਭੰਗ ਕੀਤੇ ਜਾਣ ਦਾ ਆਮ ਲੋਕਾਂ ਉਤੇ ? ਪਹਿਲੀ ਗੱਲ ਤਾਂ ਇਹ ਕਿ ਲੋਕਾਂ ਵਿੱਚ ਹਾਕਮ ਧਿਰ ਵਿਰੁੱਧ ਰੋਸ ਪੈਦਾ ਹੋਏਗਾ ਕਿ ਇਹ ਧਿਰ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਪ੍ਰਵਾਹ ਨਹੀਂ ਕਰਦੀ। ਜਦਕਿ ਗਵਰਨਰ ਪੰਜਾਬ ਤੇ ਕੇਂਦਰੀ ਸਰਕਾਰ ਉਤੇ ਉਹ ਦੋਸ਼ ਤਾਂ ਇਹ ਲਾਉਂਦੀ ਹੈ ਕਿ ਉਹ ਚੁਣੀ ਹੋਈ ਸੂਬਾ ਸਰਕਾਰ ਨੂੰ ਪ੍ਰੇਸ਼ਾਨ ਕਰਕੇ ਗੈਰ-ਲੋਕਤੰਤਰਿਕ ਕਾਰਵਾਈ ਕਰ ਰਹੇ ਹਨ।

ਦੂਜਾ ਪਿੰਡਾਂ ਦੇ ਨਿੱਤ ਪ੍ਰਤੀ ਦੇ ਆਮ ਲੋਕਾਂ ਦੇ ਕੰਮ ਪ੍ਰਭਾਵਤ ਹੋਣਗੇ। ਆਮ ਦਫ਼ਤਰੀ ਕੰਮਾਂ ਲਈ ਤਸਦੀਕ ਕੌਣ ਕਰੇਗਾ ? ਲੋਕਾਂ ਦੇ ਝਗੜੇ ਕੌਣ ਨਿਬੇੜੇਗਾ ?

ਤੀਜਾ ਪਹਿਲਾਂ ਹੀ ਪ੍ਰਭਾਵਤ ਵਿਕਾਸ ਕੰਮ ਹੋਰ ਵੀ ਰੁਕ ਜਾਣਗੇ, ਕਿਉਂਕਿ ਬਲਾਕ ਦਫ਼ਤਰਾਂ ਜਿਥੇ ਪਹਿਲਾਂ ਹੀ ਕਰਮਚਾਰੀਆਂ ਦੀ ਕਮੀ ਹੈ ਅਤੇ ਜਿਹਨਾ ਨੂੰ ਪ੍ਰਬੰਧਕ ਲਗਾਇਆ ਜਾਏਗਾ, ਉਹਨਾ ਵਿਚੋਂ ਬਹੁਤੇ ਸਿਆਸੀ ਚੱਕੀ 'ਚ ਪਿੱਸਣ ਦੇ ਡਰੋਂ ਨਵੇਂ ਪੁਰਾਣੇ ਵਿਕਾਸ ਕੰਮਾਂ ਨੂੰ ਹੱਥ ਹੀ ਨਹੀਂ ਪਾਉਣਗੇ। ਉਂਜ ਵੀ ਜਦੋਂ ਸੂਬਾ ਚੋਣ ਕਮਿਸ਼ਨ ਦਸੰਬਰ ਤੱਕ ਨੇਪਰੇ ਚਾੜ੍ਹੀਆਂ ਜਾਣ ਵਾਲੀਆਂ ਚੋਣਾਂ ਲਈ ਐਲਾਨ ਕਰ ਦੇਵੇਗਾ ਤਾਂ ਚੋਣ ਜਾਬਤਾ ਲਾਗੂ ਹੋ ਜਾਏਗਾ।

ਚੌਥੇ ਇਹ ਕਿ ਜਿਹਨਾ ਸਰਪੰਚਾਂ ਨੇ ਵਿਕਾਸ ਕੰਮ ਕਰਵਾਏ ਹਨ, ਉਹਨਾ ਦੀਆਂ ਅਦਾਇਗੀਆਂ, ਫਰਮਾਂ ਨੂੰ ਕੀਤੀਆਂ ਜਾਣ ਵਾਲੀਆਂ ਹਨ, ਜਿਹੜੀਆਂ ਕਈਆਂ ਪੰਚਾਇਤਾਂ 'ਚ ਲੱਖਾਂ 'ਚ ਹਨ, ਉਹਨਾ ਦੀ ਅਦਾਇਗੀ ਕੌਣ ਤੇ ਕਦੋਂ ਕੋਈ ਕਰੇਗਾ ? ਵਿਕਾਸ ਕੰਮ ਬਿਲਕੁਲ ਰੁਕ ਜਾਣਗੇ।ਕਿਉਂਕਿ ਇਕ ਸਖ਼ਤ ਮਹਿਕਮਾਨਾ ਹੁਕਮ ਅਨੁਸਾਰ ਮਿਤੀ 12 ਅਗਸਤ 2023 ਤੋਂ ਕਿਸੇ ਵੀ ਪੰਚਾਇਤੀ ਖਾਤੇ @ਚ ਲੈਣ-ਦੇਣ ਬੰਦ ਕਰ ਦਿੱਤਾ ਗਿਆ ਹੈ। ਇਸ ਨਾਲ ਪੰਚਾਇਤਾਂ ਦੇ ਸਰਪੰਚ ਕਸੂਤੇ ਫਸ ਗਏ ਹਨ, ਉਹਨਾ ਉਤੇ ਇਹ ਇੱਕ ਕਿਸਮ ਦੀ ਨਿੱਜੀ ਦੇਣਦਾਰੀ ਬਨਣ ਦੇ ਖਦਸ਼ੇ ਪ੍ਰਗਟਾਏ ਜਾ ਰਹੇ ਹਨ।

ਪੰਜਵਾਂ ਤੇ ਅਹਿਮ ਪੱਖ ਇਹ ਹੈ ਕਿ ਚੋਣਾਂ ਦਸੰਬਰ 2023 ਤੱਕ ਹੋਣੀਆਂ ਹਨ, ਉਦੋਂ ਤੱਕ ਹੁਣ ਧੜੇਬੰਦੀ ਦਾ ਪਿੰਡਾਂ 'ਚ ਭਰਵਾਂ ਦੌਰ ਚੱਲੇਗਾ। ਸਰਕਾਰੀ ਧਿਰ, ਆਪਣੇ ਧੜੇ ਨੂੰ ਮਜ਼ਬੂਤ ਕਰਨ ਲਈ ਪ੍ਰਬੰਧਕਾਂ, ਪ੍ਰਸਾਸ਼ਕਾਂ ਰਾਹੀਂ ਆਪਣੇ ਬੰਦਿਆਂ ਰਾਹੀਂ ਪੰਚਾਇਤ ਫੰਡਾਂ 'ਚ ਪਈਆਂ ਗ੍ਰਾਂਟਾਂ ਖਰਚੇਗਾ ਅਤੇ ਉਹ ਬੰਦੇ ਫਿਰ ਕੀਤੇ ਵਿਕਾਸ ਦੇ ਨਾਮ ਉਤੇ ਲੋਕਾਂ ਤੋਂ ਵੋਟ ਮੰਗਣਗੇ। ਇਹੋ ਜਿਹੇ ਹਾਲਾਤਾਂ ਚ ਪਿੰਡਾਂ ਚ ਲੜਾਈ, ਝਗੜੇ ਤਾਂ ਵਧਣਗੇ ਹੀ।

ਛੇਵਾਂ ਤੇ ਇੱਕ ਹੋਰ ਪੱਖ ਇਹ ਕਿ ਜਿਹਨਾ ਪੰਚਾਇਤਾਂ ਵਲੋਂ ਪਿੰਡਾਂ ਚ ਨਜਾਇਜ਼ ਕਬਜ਼ੇ ਰੋਕਣ ਅਤੇ ਪਹਿਲੇ ਕਬਜ਼ੇ ਛੁਡਾਉਣ ਲਈ ਅਦਾਲਤੀ ਕੇਸ ਕੀਤੇ ਹੋਏ ਹਨ, ਉਹਨਾ ਦੀ ਪੈਰਵੀ ਕੌਣ ਕਰੇਗਾ ? ਇਸ ਸਮੇਂ ਦੌਰਾਨ ਪੰਚਾਇਤ ਜ਼ਮੀਨਾਂ ਉਤੇ ਨਜਾਇਜ਼ ਕਬਜ਼ੇ ਵਧਣਗੇ।

ਇਸ ਤਰ੍ਹਾਂ ਆਉਣ ਵਾਲਾ ਲਗਭਗ ਅੱਧੇ ਸਾਲ ਤੋਂ ਵੱਧ ਦਾ ਵਕਫ਼ਾ ਪਿੰਡਾਂ 'ਚ ਨਿਆਂ, ਵਿਕਾਸ ਦੇ ਮਾਮਲੇ 'ਚ ਲਟਕਾਅ ਵਾਲਾ ਰਹੇਗਾ। ਆਮ ਤੌਰ 'ਤੇ ਪਿੰਡਾਂ 'ਚ ਲੋਕ ਪੰਚਾਇਤਾਂ ਨੂੰ ਵਿਕਾਸ ਕਾਰਜਾਂ ਲਈ ਆਪਣੇ ਕੋਲੋਂ ਸਹਾਇਤਾ ਦੇਂਦੇ ਹਨ, ਪ੍ਰਵਾਸੀ ਪੰਜਾਬੀ ਵਿਕਾਸ ਕੰਮਾਂ 'ਚ ਯੋਗਦਾਨ ਪਾਉਂਦੇ ਹਨ। ਇਹ ਯੋਗਦਾਨ ਇਸ ਸਮੇਂ 'ਚ ਲਗਭਗ ਬੰਦ ਹੋ ਜਾਵੇਗਾ, ਕਿਉਂਕਿ ਕੋਈ ਵੀ ਵਿਅਕਤੀ ਪੰਜਾਬ ਦੀ ਸਰਕਾਰੀ ਮਸ਼ੀਨਰੀ ਉਤੇ ਭਰੋਸਾ ਨਹੀਂ ਕਰਦਾ, ਦਾਨ ਦੇਣ ਦੀ ਗੱਲ ਤਾਂ ਸ਼ਾਇਦ ਸੋਚ ਹੀ ਨਹੀਂ ਸਕੇਗਾ।

ਵੈਸੇ ਤਾਂ ਪਿੰਡਾਂ ਦੀ ਹਾਲਤ ਪਹਿਲਾਂ ਹੀ ਬਹੁਤ ਭੈੜੀ ਹੈ । ਪੇਂਡੂ ਸੜਕਾਂ ਟੁੱਟੀਆਂ ਪਈਆਂ ਹਨ। ਪਿੰਡਾਂ 'ਚ ਖੁਲ੍ਹੇ ਹਸਪਤਾਲਾਂ 'ਚ ਸਟਾਫ਼, ਦਵਾਈਆਂ ਦੀ ਕਮੀ ਹੈ। ਪੇਂਡੂ ਸਕੂਲਾਂ 'ਚ ਅਧਿਆਪਕਾਂ ਦੀਆਂ ਅੱਧੀਆਂ ਤੱਕ ਅਸਾਮੀਆਂ ਖਾਲੀ ਹਨ। ਸਥਾਨਕ ਸਰਕਾਰਾਂ ਦੇ ਗਾਇਬ ਹੋਣ ਨਾਲ ਪਿੰਡਾਂ ਦੇ ਸਰਕਾਰੀ ਅਦਾਰਿਆਂ ਦੀ ਦੇਖਭਾਲ, ਸਹਾਇਤਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਏਗੀ।

ਪੇਂਡੂਆਂ ਨਾਲ ਅਤੇ ਉਹਨਾ ਦੀ ਸਥਾਨਕ ਸਰਕਾਰਾਂ ਨਾਲ ਜਿਸ ਕਿਸਮ ਦਾ ਵਰਤਾਰਾ ਕੀਤਾ ਗਿਆ ਹੈ, ਇਹ ਘੋਰ ਅਨਿਆਂ ਹੈ। ਸ਼ਹਿਰਾਂ ਦੇ ਮੁਕਾਬਲੇ ਪੇਂਡੂ ਪਹਿਲਾ ਹੀ ਜ਼ਿਆਦਾ ਪੀੜਤ ਹਨ, ਪੇਂਡੂਆਂ ਕੋਲ ਉਹ ਸਹੂਲਤਾਂ ਨਹੀਂ ਜੋ ਸ਼ਹਿਰੀਆਂ ਕੋਲ ਹਨ। ਸਹੂਲਤਾਂ ਦਾ ਇਹ ਪਾੜਾ ਪਿਛਲੇ ਦਹਾਕਿਆਂ 'ਚ ਘਟਿਆ ਨਹੀਂ ਸਗੋਂ ਵਧਿਆ ਹੀ ਹੈ।

ਮੌਜੂਦਾ ਸਰਕਾਰ ਵਲੋਂ ਪੰਚਾਇਤੀ ਸੰਸਥਾਵਾਂ ਨੂੰ ਭੰਗ ਕਰਨ ਨਾਲ ਪੇਂਡੂ ਲੋਕਾਂ ਦੀ ਪੀੜਾ ਹੋਰ ਵਧੀ ਹੈ ਅਤੇ ਵਧੇਗੀ। ਪੇਂਡੂਆਂ 'ਚ ਦੇਸ਼ ਦੇ ਲੋਕਤੰਤਰ 'ਚ ਵਿਸ਼ਵਾਸ਼ 'ਚ ਵੱਡੀ ਤਰੇੜ ਪਾਏਗੀ। ਉਹਨਾ 'ਚ ਸਿਆਸੀ ਲੋਕਾਂ ਪ੍ਰਤੀ ਅਵਿਸ਼ਵਾਸ ਪੈਦਾ ਹੋਏਗਾ। ਕੀ ਇਸ ਸਥਿਤੀ ਵਿੱਚ ਲੋਕ ਚੁੱਪੀ ਸਾਧੀ ਰੱਖਣਗੇ, ਕੀ ਉਹ ਹੋਈ ਬੇਇਨਸਾਫੀ ਵਿਰੁੱਧ ਆਵਾਜ਼ ਨਹੀਂ ਚੁੱਕਣਗੇ ? ਅਨਿਆਂ ਵਿਰੁੱਧ ਕੋਰਟ-ਕਚਿਹਰੀ ਨਹੀਂ ਚੜ੍ਹਨਗੇ?

ਲੋੜ ਤਾਂ ਇਸ ਗੱਲ ਦੀ ਹੈ ਕਿ ਪੇਂਡੂ ਪੰਚਾਇਤਾਂ ਨੂੰ ਤਕੜਿਆਂ ਕੀਤਾ ਜਾਏ, ਉਹਨਾ ਨੂੰ ਵੱਧ ਅਧਿਕਾਰ ਮਿਲਣ। ਸਰਕਾਰਾਂ ਦਾ ਸਥਾਨਕ ਸਰਕਾਰਾਂ 'ਚ ਦਖ਼ਲ ਘਟੇ। ਉਹਨਾ ਨੂੰ ਆਪ ਟੈਕਸ ਲਗਾਉਣ, ਆਪੋ-ਆਪਣੇ ਖੇਤਰ ਦੀਆਂ ਲੋੜਾਂ ਅਨੁਸਾਰ ਵਿਕਾਸ ਕਰਾਉਣ ਦਾ ਹੱਕ ਮਿਲੇ। ਤਦੇ ਪਿੰਡ ਵਿਕਾਸ ਕਰ ਸਕਦਾ ਹੈ। ਤਦੇ ਪਿੰਡ ਆਪਣੀ 'ਸਿਹਤ' 'ਚ ਸੁਧਾਰ ਲਿਆ ਸਕਦਾ ਹੈ।

# ਕੈਲਗਰੀ ਵਾਲੇ ਕਿਉਂ ਦੇ ਰਹੇ ਹਨ ਵਾਧੂ ਬਿਜਲੀ ਬਿੱਲ?






ਪਿਛਲੇ ਸਾਲ ਤੋਂ ਹੀ ਘਰਾਂ ਦੇ ਬਿਜਲੀ ਬਿਲਾਂ ਵਿੱਚ ਵਾਧੇ ਨੇ ਲੋਕਾਂ ਦਾ ਚੈਨ ਉਡਾਇਆ ਹੋਇਆ ਹੈ ਤੇ ਇਸ ਸਾਲ ਤਾਂ ਇਸ ਨੇ ਲੋਕਾਂ ਦੀ ਮੱਤ ਹੀ ਮਾਰ ਦਿੱਤੀ ਹੈ। ਐਲਬਰਟਾ ਦੀਆਂ ਸਾਰੀਆਂ ਮਿਉਨਿਸਿਪੈਲਟੀਆਂ ਨੇ ਬਿਜਲੀ ਬਿਲਾਂ ਵਾਸਤੇ ਦਰਾਂ ਨਿਰਧਾਰਤ ਕਰਨ ਦਾ ਜਿਹੜਾ ਢੰਗ ਅਪਣਾਇਆ ਹੈ, ਸਿਰਫ਼ ਕੈਲਗਰੀ ਹੀ ਇਕ ਮਾਤਰ ਅਜਿਹੀ ਮਿਉਨਿਸਿਪੈਲਟੀ ਹੈ ਜਿਸ ਦਾ ਵੱਖਰਾ ਢੰਗ ਹੈ। ਕੈਲਗਰੀ ਦੀ 'ਐਕਸੈਸ ਫੀਸ' ਬਾਰੇ ਦਹਾਕਿਆਂ ਪੁਰਾਣਾ ਸਮਝੌਤਾ ਹੈ ਪਰ ਪਹਿਲਾਂ ਰੇਟ ਘੱਟ ਹੁੰਦਾ ਸੀ, ਇਸ ਕਰਕੇ ਇਹ ਗੱਲ ਕਿਸੇ ਨੂੰ ਜਾਣਨ ਦੀ ਲੋੜ ਨਹੀਂ ਸੀ ਪਰ ਹੁਣ ਜਦੋਂ ਬਿਲਾਂ ਦੇ ਬੋਝ ਨੇ ਲੋਕਾਂ ਦੇ ਖੀਸੇ ਪਾੜਨੇ ਸ਼ੁਰੂ ਕੀਤੇ ਹਨ ਤਾਂ ਲੋਕਾਂ ਨੂੰ ਹੋਸ਼ ਆਈ ਹੈ।

ਕੈਲਗਰੀ ਦੀ ਲੋਕਲ 'ਐਕਸੈਸ ਫੀਸ' ਕੁਝ ਇਸ ਤਰ੍ਹਾਂ ਡਿਜ਼ਾਇਨ ਕੀਤੀ ਗਈ ਹੈ ਕਿ ਜੇ ਬਿਜਲੀ ਦੇ ਰੇਟ ਵਧ ਜਾਣ ਤਾਂ ਸ਼ਹਿਰ ਦੀ 'ਐਕਸੈਸ ਫੀਸ' ਵੀ ਵਧ ਜਾਂਦੀ ਹੈ ਤੇ ਬਿਜਲੀ ਦਰਾਂ ਘਟਣ ਨਾਲ 'ਐਕਸੈਸ ਫੀਸ' ਵੀ ਘਟ ਜਾਂਦੀ ਹੈ।

ਇਸ ਵਾਧੇ ਮਗਰੋਂ ਕੈਲਗਰੀ ਵਾਸੀ, ਐਡਮੰਟਨ ਵਾਲਿਆਂ ਨਾਲੋਂ 3 ਗੁਣਾ ਤੋਂ ਵੀ ਵੱਧ ਭੁਗਤਾਨ ਕਰਨਗੇ।

ਕੈਲਗਰੀ ਵਾਸੀਆਂ ਨੂੰ ਬਿਜਲੀ ਸਪਲਾਇ ਕਰਨ ਵਾਲੀ ਕੰਪਨੀ 'ਐਨਮੈਕਸ ਪਾਵਰ' ਹੈ। ਇਹ ਲੋਕਾਂ ਤੋਂ ਪੈਸੇ ਉਗਾਹੁੰਦੀ ਹੈ ਤੇ ਅੱਗੋਂ ਸਿਟੀ ਔਫ਼ ਕੈਲਗਰੀ ਨੂੰ ਭੁਗਤਾਨ ਕਰਦੀ ਹੈ। 'ਐਨਮੈਕਸ ਪਾਵਰ' ਵਾਲੇ ਕੈਲਗਰੀ ਨੂੰ ਕੋਈ ਪ੍ਰੌਪਰਟੀ ਟੈਕਸ ਦਾ ਭੁਗਤਾਨ ਨਹੀਂ ਕਰਦੇ ਇਸ ਕਰਕੇ ਇਹ 'ਐਕਸੈਸ ਫੀਸ' ਵਸੂਲੀ ਜਾਂਦੀ ਹੈ।

ਦੂਜੇ ਸ਼ਹਿਰਾਂ ਵਿੱਚ ਬਿਜਲੀ ਸਪਲਾਇ ਕਰਨ ਵਾਲੀ ਕੰਪਨੀਆਂ ਆਪਣਾ ਜੰਗ-ਪਲੰਗਾ (ਗਰਿਡ, ਖੰਭੇ ਆਦਿ) ਖੜ੍ਹਾ ਕਰਨ ਵਾਸਤੇ ਮਿਉਨਿਸਪੈਲਟੀ ਦੀ ਥਾਂ ਲੈਣ ਬਦਲੇ ਸਿਟੀ ਨੂੰ ਪ੍ਰੌਪਰਟੀ ਟੈਕਸ ਦਾ ਭੁਗਤਾਨ ਕਰਦੀਆਂ ਹਨ।

ਬਾਕੀ ਸ਼ਹਿਰਾਂ ਵਿੱਚ ਫਿਕਸਡ ਰੇਟ 'ਤੇ ਫੀਸ ਵਸੂਲੀ ਜਾਂਦੀ ਹੈ ਪਰ ਕੈਲਗਰੀ ਵਿੱਚ ਬਿਜਲੀ ਦੇ ਰੇਟ ਵਧਦੇ-ਘਟਦੇ ਹੋਣ ਕਰਕੇ 'ਐਕਸੈਸ ਫੀਸ' ਵੀ ਵਧਦੀ-ਘਟਦੀ ਰਹਿੰਦੀ ਹੈ।

ਆਰ.ਆਰ.ਓ. ਹੈ ਵੱਡਾ ਪੰਗਾ

ਰੈਗੁਲੇਟਿਡ ਰੇਟ ਔਪਸ਼ਨ (ਆਰ.ਆਰ.ਓ.) ਉਹ ਔਪਸ਼ਨ ਹੈ ਜਿਹੜੀ ਘਰ ਮਾਲਕ ਐਨਮੈਕਸ ਪਾਵਰ ਨਾਲ ਗੱਲ ਕੀਤੇ ਬਿਨਾਂ, ਸਮਝੌਤਾ ਜਾਂ ਡੀਲ ਕੀਤੇ ਬਿਨਾਂ ਬਿਜਲੀ ਹਾਸਲ ਕਰਨ ਬਦਲੇ ਲੈਂਦੇ ਹਨ ਤੇ ਇਸ ਦਾ ਮਹਿੰਗਾ ਮੁੱਲ ਹੋਣ ਕਰਕੇ ਵੱਧ ਭੁਗਤਾਨ ਕਰਦੇ ਰਹਿੰਦੇ ਹਨ। ਸੂਬੇ ਵਿੱਚ ਬਿਜਲੀ ਦੀ ਮੰਗ ਵਧਦੀ ਘਟਦੀ ਰਹਿੰਦੀ ਹੈ ਤੇ ਇਸ ਦਾ ਮੁੱਲ ਵੀ ਇਸੇ ਹਿਸਾਬ ਨਾਲ ਵਧਦਾ-ਘਟਦਾ ਰਹਿੰਦਾ ਹੈ ਤੇ ਆਰ.ਆਰ.ਓ. ਵੀ ਇਸ ਦੇ ਹਿਸਾਬ ਨਾਲ ਚੱਲਦਾ ਹੈ। ਪਿਛਲੇ ਦਿਨੀਂ ਬਿਜਲੀ ਕੀਮਤਾਂ ਆਸਮਾਨੀਂ ਜਾ ਚੜ੍ਹੀਆਂ ਤਾਂ ਕਿਤੇ ਜਾ ਕੇ ਲੋਕਾਂ ਨੂੰ ਪਤਾ ਲੱਗਿਆ।

ਐਲਬਰਟਾ ਸਰਕਾਰ ਨੇ ਜਿਹੜਾ ਬਿਜਲੀ ਬਿਲ ਘਟਾਇਆ ਸੀ (ਚੋਣਾਂ ਤੋਂ ਪਹਿਲਾਂ), ਉਹ ਘਟਾਇਆ ਨਹੀਂ ਸੀ ਸਗੋਂ ਲਟਕਾਇਆ ਸੀ...ਭਾਵ ਸਰਕਾਰ ਨੇ ਕਿਹਾ ਸੀ ਕਿ ਹੁਣ ਤੁਸੀਂ ਘੱਟ ਭੁਗਤਾਨ ਕਰੀ ਜਾਓ ਤੇ ਬਕਾਇਆ ਭੁਗਤਾਨ ਬਾਦ ਵਿੱਚ ਕਰ ਦੇਣਾ। ਚੋਣਾਂ ਮਗਰੋਂ ਹੁਣ ਬਕਾਇਆ ਭੁਗਤਾਨ ਕਰਨ ਦਾ ਵੇਲਾ ਆ ਗਿਆ ਹੈ।

ਆਰ.ਆਰ.ਓ. ਇਸ ਕਰਕੇ ਜ਼ਿਆਦਾ ਹੈ ਕਿਉਂਕਿ ਬਿਜਲੀ ਸਪਲਾਇ ਕਰਨ ਵਾਲੀ ਕੰਪਨੀ ਦਾ ਏਕਾਧਿਕਾਰ (ਮੌਨੋਪਲੀ) ਹੈ...ਹੋਰ ਕੋਈ ਕੰਪਨੀ ਹੈ ਹੀ ਨਹੀਂ ਮੁਕਾਬਲੇ ਵਿੱਚ ਜਿਹੜੀ ਸਸਤੀ ਬਿਜਲੀ ਦੇਣ ਦਾ ਵਾਅਦਾ ਕਰਦੀ ਹੋਵੇ।

ਜਨਵਰੀ, ਫਰਬਰੀ, ਮਾਰਚ (2023) ਮਹੀਨਿਆਂ ਵਿੱਚ ਸਰਕਾਰ ਨੇ 'ਕੈਪ' ਲਗਾਇਆ ਸੀ ਕਿ ਬਿਜਲੀ ਦਰਾਂ ਇਕ ਨਿਰਧਾਰਿਤ ਰਕਮ ਤੋਂ ਜ਼ਿਆਦਾ ਨਹੀਂ ਹੋਣਗੀਆਂ, ਉਸ ਕੈਪ ਤੋਂ ਟੱਪਣ ਵਾਲੀ ਰਕਮ ਹੁਣ ਵਸੂਲੀ ਜਾ ਰਹੀ ਹੈ।

ਕੈਲਗਰੀ ਮੇਅਰ ਡਾ. ਜੋਤੀ ਗੌਂਡੇਕ ਨੇ ਹੁਣ ਆਪਣੇ ਪ੍ਰਸ਼ਾਸਨ ਨੂੰ ਕਿਹਾ ਹੈ ਕਿ ਆਰ.ਆਰ.ਓ. ਸਿਸਟਮ ਖ਼ਤਮ ਕਰਨ ਸੰਬੰਧੀ ਤਜਵੀਜ਼ਾਂ ਪੇਸ਼ ਕਰੋ ਤੇ ਲੋਕਾਂ ਨੂੰ ਰਾਹਤ ਦਿਉ ...ਰਿਪੋਰਟ ਸਤੰਬਰ ਵਿੱਚ ਆਵੇਗੀ...ਫਿਰ ਸਾਡੀ ਕੌਂਸਲ ਇਸ ਉਪਰ ਫੈਸਲਾ ਲਵੇਗੀ! ਉਤਨੀ ਦੇਰ ਤੱਕ....ਵਾਧੂ ਭੁਗਤਾਨ ਕਰੀ ਜਾਉ !

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**



**Edmonton**
Sukhdev Singh Dhanoa
780 700 5022, 780 599 2000
Email: sukhdevdhanoa@gmail.com



**Edmonton**
Parminder Singh Balluana
780-258-5800
780 599 2000
Email: balluana.parminder@gmail.com



**Regina**
Gurbinder Singh Gagowal
306 520 4313, 639 999 1000
Email: gur.gago@gmail.com



**Saskatoon**
Rishi Joshi
639 742 1200
639 999 1000
Rishijoshi1990 @hotmail.com



**Winnipeg**
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਭਾਰਤ ਨੂੰ ਆਪਣੇ ਮਾਨਸਿਕ ਸਿਹਤ ਸੰਕਟ ਨੂੰ ਹੱਲ ਕਰਨ ਲਈ ਕੀ ਕਰਨਾ ਚਾਹੀਦਾ ਹੈ?



ਮਨਮੀਤ ਕੱਕੜ।
ਐਮ ਬੀ ਏ, ਐਮ ਏ (ਅੰਗਰੇਜੀ)
ਪੀ ਐਚ ਡੀ*
ਮੋਹਾਲੀ ( ਪੰਜਾਬ)
7986307793

ਮਾਨਸਿਕ ਸਿਹਤ ਦੀ ਬਿਮਾਰੀ ਇੱਕ ਵਿਅਕਤੀ ਦੀ ਮਾਨਸਿਕ ਅਤੇ ਭਾਵਨਾਤਮਕ ਤੰਦਰੁਸਤੀ ਨਾਲ ਸਬੰਧਿਤ ਹੈ। ਚੰਗੀ ਮਾਨਸਿਕ ਸਿਹਤ ਜਾਂ ਮਾਨਸਿਕ ਤੌਰ 'ਤੇ ਤੰਦਰੁਸਤ ਹੋਣ ਦਾ ਮਤਲਬ ਹੈ ਕਿ ਵਿਅਕਤੀ ਕੋਲ ਸੰਤੁਲਿਤ ਮਨ, ਆਤਮ-ਵਿਸ਼ਵਾਸ ਅਤੇ ਸਵੈ-ਮਾਣ ਹੈ। ਮਾਨਸਿਕ ਬਿਮਾਰੀ ਇੱਕ ਅਜਿਹੀ ਸਮੱਸਿਆ ਹੈ ਜੋ ਮਹੱਤਵਪੂਰਨ ਤੌਰ 'ਤੇ ਇਹਨਾਂ ਗੱਲਾਂ ਨੂੰ ਪ੍ਰਭਾਵਿਤ ਕਰਦੀ ਹੈ ਕਿ ਇੱਕ ਵਿਅਕਤੀ ਕਿਵੇਂ ਸੋਚਦਾ ਹੈ, ਕਿਵੇਂ ਸਮਝਦਾ ਹੈ ਅਤੇ ਕੀ ਪ੍ਰਤੀਕ੍ਰਿਆ ਕਰਦਾ ਹੈ।

ਸਾਡੇ ਸਮਾਜ ਵਿੱਚ ਵੱਖ-ਵੱਖ ਕਿਸਮ ਦੀਆਂ ਮਾਨਸਿਕ ਬਿਮਾਰੀਆਂ ਹਨ ਜੋ ਡਿਗਰੀ ਅਤੇ ਤੀਬਰਤਾ ਵਿੱਚ ਵੱਖੋ-ਵੱਖਰੀਆਂ ਹੁੰਦੀਆਂ ਹਨ। ਇਸਨੂੰ ਆਮ ਮਾਨਸਿਕ ਬਿਮਾਰੀਆਂ ਅਤੇ ਗੰਭੀਰ ਮਾਨਸਿਕ ਬਿਮਾਰੀਆਂ ਵਿੱਚ ਵੰਡਿਆ ਜਾ ਸਕਦਾ ਹੈ।ਮੁੱਖ ਤੌਰ ਤੇ ਮਾਨਸਿਕ ਸਿਹਤ ਦੀ ਬਿਮਾਰੀ "ਸਾਈਕੋਸਿਸ" ਜੋ ਕਿ ਰਸਾਇਣਕ ਅਸੰਤੁਲਨ ਕਾਰਣ ਹੁੰਦਾ ਹੈ ਅਤੇ "ਨਿ?ਰੋਸਿਸ" ਜੋ ਕਿ ਵਧ ਰਹੇ ਜਾਂ ਸ਼ੁਰੂਆਤੀ ਸਾਲਾਂ ਦੌਰਾਨ ਗ੍ਰਹਿਣ ਕੀਤੇ ਮਾੜੇ ਸਮਾਜਿਕ, ਮਾਨਸਿਕ, ਪ੍ਰਵਾਰਿਕ ਰਵੱਈਆਂ ਕਾਰਣ ਹੁੰਦਾ ਹੈ ਵਿੱਚ ਵੰਡਿਆ ਜਾਂਦਾ ਹੈ।

ਆਮ ਮਾਨਸਿਕ ਸਿਹਤ ਬਿਮਾਰੀਆਂ ਵਿੱਚ ਸ਼ਾਮਲ ਹਨ: ਉਦਾਸੀ, ਚਿੰਤਾ/ਫੋਬੀਆ,ਖਾਣ ਦੇ ਵਿਕਾਰ, ਤਣਾਅ ਆਦਿ ਅਤੇ

ਗੰਭੀਰ ਮਾਨਸਿਕ ਸਿਹਤ ਬਿਮਾਰੀਆਂ ਵਿੱਚ ਸ਼ਾਮਲ ਹਨ:

ਸ਼ਾਈਜ਼ੋਫਰੀਨੀਆ, ਬਾਈਪੋਲਰ ਡਿਸਆਰਡਰ (ਮੈਨਿਕ ਡਿਪਰੈਸ਼ਨ) ਕਲੀਨਿਕਲ ਡਿਪਰੈਸ਼ਨ, ਆਤਮਘਾਤੀ ਰੁਝਾਨ, ਸ਼ਖਸੀਅਤ ਵਿਕਾਰ।

ਅੰਕੜੇ ਦਰਸਾਉਂਦੇ ਹਨ ਕਿ ਹਰ 5 ਵਿੱਚੋਂ 1 ਵਿਅਕਤੀ ਮਾਨਸਿਕ ਸਿਹਤ ਬਿਮਾਰੀ ਦੇ ਲੱਛਣਾਂ ਦੇ ਕਿਸੇ ਨਾ ਕਿਸੇ ਰੂਪ ਤੋਂ ਪੀੜਤ ਹੈ। 50% ਮਾਨਸਿਕ ਸਿਹਤ ਸਥਿਤੀਆਂ 14 ਸਾਲ ਦੀ ਉਮਰ ਤੋਂ ਸ਼ੁਰੂ ਹੁੰਦੀਆਂ ਹਨ ਅਤੇ 75% ਮਾਨਸਿਕ ਸਿਹਤ ਸਥਿਤੀਆਂ 24 ਸਾਲ ਦੀ ਉਮਰ ਤੱਕ ਵਿਕਸਤ ਹੁੰਦੀਆਂ ਹਨ। ਮਾਨਸਿਕ ਬਿਮਾਰੀ ਕਈ ਕਾਰਕਾਂ ਦੁਆਰਾ ਸ਼ੁਰੂ ਹੋ ਸਕਦੀ ਹੈ। ਮਨ, ਸਰੀਰ ਅਤੇ ਵਾਤਾਵਰਣ ਵਿਚਕਾਰ ਗੁੰਝਲਦਾਰ ਪਰਸਪਰ ਪ੍ਰਭਾਵ ਮਨੋਵਿਗਿਆਨਕ ਵਿਕਾਰ ਪੈਦਾ ਕਰਦਾ ਹੈ। ਕੁਝ ਕਾਰਕ ਲੰਬੇ ਸਮੇਂ ਲਈ ਗੰਭੀਰ ਤਣਾਅ, ਜੀਵ-ਵਿਗਿਆਨਕ





ਕਾਰਕ, ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਓਵਰਡੋਜ਼, ਲਗਾਤਾਰ ਨਕਾਰਾਤਮਕ ਵਿਚਾਰ, ਘੱਟ ਊਰਜਾ, ਆਦਿ, ਸਮਾਜਿਕ ਸਮੱਸਿਆਵਾਂ ਜਿਵੇਂ ਵਿੱਤੀ ਸਮੱਸਿਆਵਾਂ, ਅਲੱਗ-ਥਲੱਗਤਾ ਆਦਿ ਵਰਗੇ ਬੋਧਾਤਮਕ ਵਿਵਹਾਰ ਕਾਰਣ ਹੁੰਦੀਆਂ ਹਨ।

ਭਾਰਤ ਵਿੱਚ ਮਾਨਸਿਕ ਸਿਹਤ ਬਾਰੇ ਗੱਲ ਕਰਨਾ ਅਜੇ ਵੀ ਇੱਕ ਕਾਫ਼ੀ ਨਵਾਂ ਵਿਸ਼ਾ ਹੈ ਅਤੇ ਇਸ ਵਿਸ਼ੇ ਨਾਲ ਜੁੜੀਆਂ ਮਾਨਸਿਕ ਸਿਹਤ ਦੀਆਂ ਮਿੱਥਾਂ ਅੱਜ ਤੱਕ ਪ੍ਰਚਲਿਤ ਹਨ। ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲੇ ਦੇਸ਼ ਵਿੱਚ ਲਗਭਗ 60 ਤੋਂ 70 ਮਿਲੀਅਨ ਲੋਕ ਆਮ ਅਤੇ ਗੰਭੀਰ ਮਾਨਸਿਕ ਵਿਗਾੜਾਂ ਤੋਂ ਪੀੜਤ ਹਨ। ਭਾਰਤ ਇੱਕ ਸਾਲ ਵਿੱਚ ਖੁਦਕੁਸ਼ੀ ਦੇ 2.6 ਲੱਖ ਤੋਂ ਵੱਧ ਮਾਮਲਿਆਂ ਦੇ ਨਾਲ ਵਿਸ਼ਵ ਦੀ ਖੁਦਕੁਸ਼ੀ ਦੀ ਰਾਜਧਾਨੀ ਹੈ। ਵਿਸ਼ਵ ਸਿਹਤ ਸੰਗਠਨ ਦੇ ਅੰਕੜੇ ਦੱਸਦੇ ਹਨ ਕਿ ਭਾਰਤ ਵਿੱਚ ਹਰ ਲੱਖ ਲੋਕਾਂ ਪਿੱਛੇ ਔਸਤਨ ਖੁਦਕੁਸ਼ੀ ਦਰ 10.9 ਹੈ।

ਇਹਨਾਂ ਕਾਰਨਾਂ ਵਿੱਚ ਯੋਗਦਾਨ ਪਾਉਣ ਵਾਲੇ ਕੁਝ ਅੱਗੇ ਲਿਖੇ ਕਾਰਕ/ਕਾਰਨ ਹਨ:-

ਅਗਿਆਨਤਾ: ਪਹਿਲਾ ਅਤੇ ਮੁੱਖ ਕਾਰਨ ਜਾਗਰੂਕਤਾ ਅਤੇ ਗਿਆਨ ਦੀ ਕਮੀ ਹੈ। ਲੋਕ 'ਪਾਗਲ' ਅਤੇ 'ਹਿੱਲਿਆ ਹੋਇਆ' ਵਰਗੇ ਸ਼ਬਦਾਂ ਦੀ ਵਰਤੋਂ ਲਾਪਰਵਾਹੀ ਨਾਲ ਕਰਦੇ ਹਨ। ਮਾਨਸਿਕ ਸਿਹਤ ਨਾਲ ਜੂਝ ਰਹੇ ਵਿਅਕਤੀ ਦਾ ਵਰਣਨ ਕਰਨ ਲਈ ਬਹੁਤ ਸਾਰੇ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਇਹ ਟੈਬੂ ਅਤੇ ਅਲੰਕਾਰ, ਅਗਿਆਨਤਾ ਅਤੇ ਜਾਗਰੂਕਤਾ ਦੀ ਘਾਟ ਨਾਲ ਪੀੜਤ ਲੋਕਾਂ ਨੂੰ ਬੋਲਣ ਅਤੇ ਮਦਦ ਦੀ ਮੰਗ ਕਰਨ ਤੋਂ ਡਰਾਂਉਦੇ ਤੇ ਨਿਰਾਸ਼ਾ ਪੈਦਾ ਕਰਦੇ ਹਨ।

ਮਦਦ ਦੀ ਘਾਟ: ਸਾਡੇ ਕੋਲ ਦੇਸ਼ ਭਰ ਵਿੱਚ ਸਿਰਫ਼ 43 ਸਰਕਾਰੀ ਮਾਨਸਿਕ ਸਿਹਤ ਸੰਸਥਾਵਾਂ ਹਨ। 11,500 ਦੀ ਲੋੜ ਦੇ ਮੁਕਾਬਲੇ 3800 ਮਨੋਵਿਗਿਆਨੀ ਉਪਲਬਧ ਹਨ, 17250 ਦੇ ਮੁਕਾਬਲੇ 898 ਕਲੀਨਿਕਲ ਮਨੋਵਿਗਿਆਨੀ, 23000 ਦੇ ਮੁਕਾਬਲੇ 850 ਮਨੋਵਿਗਿਆਨਕ ਸਮਾਜਿਕ ਵਰਕਰ, 3000 ਦੇ ਮੁਕਾਬਲੇ 1500 ਮਨੋਵਿਗਿਆਨਕ ਨਰਸਾਂ। ਮਤਲਬ ਚਾਰ ਲੱਖ ਭਾਰਤੀਆਂ ਲਈ ਸਿਰਫ਼ ਇੱਕ ਮਨੋਚਿਕਿਤਸਕ ਹੈ ਅਤੇ ਭਾਰਤ ਵਿੱਚ ਮਾਨਸਿਕ ਸਿਹਤ ਪੇਸ਼ੇਵਰਾਂ ਲਈ ਸਿਰਫ਼ 1,022 ਕਾਲਜ ਦੀਆਂ ਸੀਟਾਂ ਹਨ।

ਮਾਨਸਿਕ ਤੌਰ 'ਤੇ ਬਿਮਾਰਾਂ ਲਈ ਕੋਈ ਬੀਮਾ ਨਹੀਂ: ਬੀਮਾ ਕੰਪਨੀਆਂ ਉਨ੍ਹਾਂ ਲੋਕਾਂ ਨੂੰ ਮੈਡੀਕਲ ਬੀਮਾ ਪ੍ਰਦਾਨ ਨਹੀਂ ਕਰਦੀਆਂ ਹਨ ਜੋ ਮਾਨਸਿਕ ਬਿਮਾਰੀਆਂ ਵਾਲੇ ਹਸਪਤਾਲਾਂ ਵਿੱਚ ਦਾਖਲ ਹਨ। ਕਿਸੇ ਚੰਗੇ ਹਸਪਤਾਲ ਵਿੱਚ ਦਾਖਲਾ ਇਸ ਕਾਰਨ ਕੁਝ ਲੋਕਾਂ ਦੀ ਪਹੁੰਚ ਤੋਂ ਬਾਹਰ ਹੈ। ਕਿਉਂਕਿ ਪ੍ਰਾਈਵੇਟ ਤੌਰ ਤੇ ਉਪਲਭਦ ਚੰਗਾ ਇਲਾਜ ਸਸਤਾ ਨਹੀਂ ਹੁੰਦਾ ਅਤੇ ਬੀਮਾ ਕਵਰ ਤੋਂ ਬਿਨਾਂ, ਇਹ ਹੋਰ ਵੀ ਮੁਸ਼ਕਲ ਹੋ ਜਾਂਦਾ ਹੈ।

ਸਰਕਾਰ ਦੁਆਰਾ ਮਾਨਸਿਕ ਸਿਹਤ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਉਹਨਾਂ ਮੁੱਦਿਆਂ ਨੂੰ ਹੱਲ ਕਰਨ ਲਈ ਕੁਝ ਉਪਰਾਲੇ ਕੀਤੇ ਜਾ ਰਹੇ ਹਨ ਜਿਵੇਂ ਕਿ ਰਾਸ਼ਟਰੀ ਮਾਨਸਿਕ ਸਿਹਤ ਪ੍ਰੋਗਰਾਮ, ਜ਼ਿਲ੍ਹਾ ਮਾਨਸਿਕ ਸਿਹਤ ਪ੍ਰੋਗਰਾਮ ਅਤੇ ਮਾਨਸਿਕ ਸਿਹਤ ਸੰਸਥਾਵਾਂ ਜਿਵੇਂ ਕਿ ਨੈਸ਼ਨਲ ਇੰਸਟੀਚਿਊਟ ਆਫ਼ ਮੈਂਟਲ ਹੈਲਥ ਐਂਡ ਨਿਊਰੋ-ਸਾਇੰਸ ਅਤੇ ਸੈਂਟਰਲ ਇੰਸਟੀਚਿਊਟ ਆਫ਼ ਸਾਈਕਿਆਟਰੀ ਵਰਗੇ ਕਈ ਪ੍ਰੋਗਰਾਮਾਂ ਨੇ ਲੋਕਾਂ ਨੂੰ ਰਾਸ਼ਟਰੀ ਹੈਲਪਲਾਈਨ ਦੀ ਮਦਦ ਨਾਲ ਪਹੁੰਚਣ ਅਤੇ ਸਹਾਇਤਾ ਲੈਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

ਭਾਰਤ ਵਿੱਚ ਮਾਨਸਿਕ ਸਿਹਤ ਸਥਿਤੀ ਨਾਲ ਨਜਿੱਠਣ ਲਈ ਸਰਕਾਰ ਦੁਆਰਾ ਸਰਗਰਮ ਨੀਤੀਗਤ ਦਖਲਅੰਦਾਜ਼ੀ ਅਤੇ ਸਰੋਤਾਂ ਦੀ ਵੰਡ ਕੀਤੀ ਜਾਣੀ ਜਰੂਰੀ ਹੈ। ਮਾਨਸਿਕ ਸਿਹਤ ਦੇ ਆਲੇ-ਦੁਆਲੇ ਦੇ 'ਟੈਬੂ 'ਨੂੰ ਘਟਾਉਣ ਲਈ, ਸਾਨੂੰ ਕਮਿਊਨਿਟੀ/ਸਮਾਜ ਨੂੰ ਸਿਖਲਾਈ ਅਤੇ ਸੰਵੇਦਨਸ਼ੀਲ ਬਣਾਉਣ ਲਈ ਉਪਾਅ ਕਰਨ ਦੀ ਲੋੜ ਹੈ। ਇਹ ਤਾਂ ਹੀ ਹੋ ਸਕਦਾ ਹੈ ਜਦੋਂ ਅਸੀਂ ਮਾਨਸਿਕ ਰੋਗਾਂ ਬਾਰੇ ਸਮਾਜ ਨੂੰ ਜਾਗਰੂਕ ਕਰਨ ਲਈ ਲਗਾਤਾਰ ਦੇਸ਼ ਵਿਆਪੀ ਯਤਨ ਕਰੀਏ। ਸਾਨੂੰ ਇੱਕ ਪੀਅਰ ਨੈਟਵਰਕ ਬਣਾ ਕੇ ਮਰੀਜ਼ਾਂ ਨੂੰ ਇੱਕ ਦੂਜੇ ਨਾਲ ਜੋੜਨ ਲਈ ਕਦਮ ਚੁੱਕਣ ਦੀ ਵੀ ਲੋੜ ਹੈ, ਤਾਂ ਜੋ ਉਹ ਇੱਕ ਦੂਜੇ ਨੂੰ ਸੁਣ ਸਕਣ ਅਤੇ ਸਹਾਇਤਾ ਕਰ ਸਕਣ। ਇਸ ਤੋਂ ਇਲਾਵਾ, ਮਾਨਸਿਕ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਸੁਰੱਖਿਅਤ ਅਤੇ ਪ੍ਰਭਾਵੀ ਦੇਖਭਾਲ ਤੱਕ ਉਹੀ ਪਹੁੰਚ ਪ੍ਰਦਾਨ ਕਰਨੀ ਚਾਹੀਦੀ ਹੈ ਜਿੰਨੀ ਸਰੀਰਕ ਸਿਹਤ ਸਮੱਸਿਆਵਾਂ ਵਾਲੇ ਲੋਕਾਂ ਨੂੰ।

ਜਦੋਂ ਮਾਨਸਿਕ ਬਿਮਾਰੀ ਵਾਲੇ ਮਰੀਜ਼ਾਂ ਨੂੰ ਸਹੀ ਦੇਖਭਾਲ ਪ੍ਰਦਾਨ ਕਰਨ ਦੀ ਗੱਲ ਆਉਂਦੀ ਹੈ, ਤਾਂ ਸਾਨੂੰ ਮਰੀਜ਼ਾਂ ਲਈ ਮਾਨਸਿਕ ਸਿਹਤ ਸੰਭਾਲ ਲਈ ਸਾਨੂੰ ਸੇਵਾਵਾਂ ਦੇ ਨਵੀਨੀਕਰਨ ਮਾਡਲਾਂ ਦੀ ਲੋੜ ਹਹੈ। ਅਜਿਹਾ ਹੀ ਇੱਕ ਮਾਡਲ ਭਾਰਤ ਸਰਕਾਰ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਦੁਆਰਾ ਮਾਨਤਾ ਪ੍ਰਾਪਤ ਸਮਾਜਿਕ ਸਿਹਤ ਸੰਗਠਨ (ਆਸ਼ਾ) ਹੈ। ਇਸ ਮਾਡਲ ਦੇ ਤਹਿਤ, ਕਮਿਊਨਿਟੀ ਹੈਲਥ ਵਰਕਰ ਨਾ ਸਿਰਫ਼ ਔਰਤਾਂ ਅਤੇ ਬੱਚਿਆਂ ਨੂੰ ਮਾਨਸਿਕ ਰੋਗਾਂ ਬਾਰੇ ਜਾਗਰੂਕ ਕਰਦੇ ਹਨ, ਸਗੋਂ ਉਨ੍ਹਾਂ ਨੂੰ ਆਪਣੇ ਇਲਾਕੇ ਵਿੱਚ ਸਹੀ ਮਾਹਿਰ ਤੱਕ ਪਹੁੰਚਣ ਲਈ ਮਾਰਗਦਰਸ਼ਨ ਵੀ ਕਰਦੇ ਹਨ। ਦੂਜੇ ਸ਼ਬਦਾਂ ਵਿਚ, ਉਹ ਮਰੀਜ਼ਾਂ ਅਤੇ ਉਨ੍ਹਾਂ ਦੇ ਆਲੇ ਦੁਆਲੇ ਉਪਲਬਦ ਸਭ ਤੋਂ ਅਨੁਕੂਲ ਦੇਖਭਾਲ ਕੇਂਦਰਾ ਵਿਚਕਾਰ ਪੁਲ ਬਨਾਉਣ ਦਾ ਕੰਮ ਕਰਦੇ ਹਨ। ਹਾਲਾਂਕਿ,ਇਸ ਮਾਡਲ ਨੂੰ ਵੀ ਸਿਰਫ ਇੱਕ ਲਿੰਗ ਤੱਕ ਦੀ ਸੀਮਿਤ ਪਹੁੰਚ ਤੋਂ ਕੱਢ ਕੇ ਸਰਵ ਵਿਆਪੀ ਬਨਾਉਣ ਦੀ ਜਰੂਰਤ ਹੈ।

ਸਮੇਂ ਸਿਰ ਦਖਲ, ਮੁੱਦੇ ਬਾਰੇ ਜਾਗਰੂਕਤਾ, ਪੇਸ਼ੇਵਰ ਮਦਦ ਦੀ ਉਪਲਬਧਤਾ ਅਤੇ ਉਚਿਤ ਨੀਤੀਆਂ ਹੀ ਸਥਿਤੀ ਨੂੰ ਸੁਧਾਰਨ ਦਾ ਇੱਕੋ ਇੱਕ ਤਰੀਕਾ ਹੈ। ਇਸ ਲਈ ਇਹ ਵਿਸ਼ਵਾਸ ਕਰਨਾ ਅਤੇ ਪ੍ਰਚਾਰ ਕਰਨਾ ਲਾਜ਼ਮੀ ਹੈ ਕਿ ਮਾਨਸਿਕ ਰੋਗ ਵਾਲੇ ਲੋਕ ਆਪਣੀ ਜ਼ਿੰਦਗੀ ਸਨਮਾਨ ਅਤੇ ਆਤਮ ਵਿਸ਼ਵਾਸ ਨਾਲ ਜਿਉਣ ਦੇ ਹੱਕਦਾਰ ਹਨ। ਚੀਜ਼ਾਂ ਨੂੰ ਕਾਫ਼ੀ ਹੱਦ ਤੱਕ ਬਦਲਣ ਲਈ ਇੱਕ ਸਹਿਯੋਗੀ ਸਰਕਾਰੀ-ਪ੍ਰਾਈਵੇਟ- ਸਮਾਜਿਕ ਭਾਈਵਾਲੀ ਦੀ ਲੋੜ ਹੈ

## ਪਿਆਰੇ ਤਿਰੰਗਿਆ



ਐ ਮੇਰੇ ਪਿਆਰੇ ਤਿਰੰਗਿਆ
ਤੈਨੂੰ ਲਹਿਰਾਉਂਦਿਆਂ ਦੇਖ
ਮਨ ਅੰਦਰ
ਕਈ ਸੁਆਲ ਉੱਠਦੇ ਨੇ
ਤੇਰੇ ਤਿੰਨ ਰੰਗਾਂ ਬਾਰੇ
ਲੋਕ ਵੀ ਪੁੱਛਦੇ ਨੇ
ਕਿ ਇਨ੍ਹਾਂ ਰੰਗਾਂ ਦੇ
ਬਹੁਤ ਡੂੰਘੇ ਨੇ ਅਰਥ
ਜਿਨ੍ਹਾਂ ਨੂੰ ਸਮਝਣਾ ਵੀ
ਜਰੂਰੀ ਹੋਵੇਗਾ
ਨਹੀਂ ਤਾਂ ਕੁਝ ਲਿਖਣਾ ਵੀ
ਹੋਵੇਗਾ ਬੇਅਰਥ
ਮੈਂ ਗਹੁ ਨਾਲ ਦੇਖਦਾ ਹਾਂ ਕਿ
ਸਭ ਤੋਂ ਉੱਪਰ ਕੇਸਰੀ ਰੰਗ
ਜੋ ਕੁਰਬਾਨੀ ਦਾ
ਮਾਰਗ ਦਰਸਾਉਂਦਾ ਹੈ
ਪਰ
ਮੇਰੇ ਦੇਸ਼ ਦੇ ਕੌਮੀ ਫਰੇਰੇ
ਕੀ ਦੱਸਾਂ ਤੈਨੂੰ
ਕਿ ਮੌਜੂਦਾ ਪ੍ਰਬੰਧ
ਕੁਰਬਾਨੀ ਕਰਨ ਵਾਲੇ ਲੋਕਾਂ ਨੂੰ
ਜੇਲ੍ਹਾਂ ਦਿਖਾਉਂਦਾ ਹੈ
ਹੇਠਲੀ ਪੱਟੀ ਵਿੱਚ
ਦੁੱਧ ਧੋਤਾ ਸਫ਼ੈਦ ਰੰਗ
ਇਮਾਨਦਾਰੀ ਤੇ ਸੱਚਾਈ ਦਾ
ਪ੍ਰਤੀਕ ਹੈ
ਇਹ ਗੱਲ ਤਾਂ ਠੀਕ ਹੈ
ਪਰ ਤੇਰੀ ਛਾਂ ਹੇਠਾਂ
ਚੱਲ ਰਹੇ ਪ੍ਰਬੰਧ ਅੰਦਰ
ਸੱਚਾਈ ਇਮਾਨਦਾਰੀ ਤਾਂ
ਉੱਡ ਗਈ ਹੈ ਕਿਧਰੇ
ਖੰਭ ਲਾ ਕੇ
ਭਾਗੋਆਂ ਦੇ ਘਰੀਂ ਤਾਂ ਦੌਲਤ ਦੇ
ਲੱਗ ਗਏ ਅੰਬਾਰ
ਤੇ ਲਾਲੋਆਂ ਨੂੰ ਕਿਹਾ ਜਾ ਰਿਹੈ
ਭੁੱਖੇ ਢਿੱਡ ਰਹਿ ਕੇ
ਤੁਸੀਂ ਮਨਾਓ
ਆਜ਼ਾਦੀ ਦੇ ਜਸ਼ਨ
ਝੁੱਗੀ ਤੇ ਤਿਰੰਗਾ ਲਹਿਰਾ ਕੇ
ਤੇ ਫੇਰ ਮੈਂ ਤੇਰੀ ਸਭ ਤੋਂ
ਹੇਠਲੀ ਪੱਟੀ ਦੇ
ਹਰੇ ਰੰਗ ਵੱਲ ਦੇਖਦਾਂ
ਜਿਸ ਦਾ ਮਤਲਬ
ਹਰਿਆਲੀ ਹੈ ਖੁਸ਼ਹਾਲੀ ਹੈ
ਪਰ ਕੀ ਦੱਸਾਂ ਮੈਂ
ਅਜ਼ਾਦੀ ਦੇ ਪਝੱਤਰ
ਵਰਿਆਂ ਵਿੱਚ ਵੀ
ਕਰੋੜਾਂ ਕਿਰਤੀਆਂ ਦੇ
ਘਰਾਂ ਅੰਦਰ ਨੱਚ ਰਹੀ
ਭੁੱਖ ਨੰਗ ਤੇ ਕੰਗਾਲੀ ਹੈ
ਮੰਦਹਾਲੀ ਹੈ
ਫਿਰ ਮੇਰੀ ਨਜ਼ਰ
ਅਸ਼ੋਕ ਚੱਕਰ ਤੇ ਪਈ
ਜੋ ਐਨ ਵਿਚਕਾਰ ਤੇਰੇ
ਕੇਂਦਰ ਵਿੱਚ ਰਹਿੰਦਾ ਹੈ
ਤੇ ਚੌਵੀ ਘੰਟੇ ਮਿਹਨਤ
ਕਰਨ ਲਈ ਕਹਿੰਦਾ ਹੈ
ਸਾਨੂੰ ਸ਼ੱਕ ਨਹੀਂ ਕੋਈ
ਤੇਰੇ ਸੁਨੇਹੇ ਤੇ
ਸਾਨੂੰ ਤਾਂ ਦੁੱਖ ਉਦੋਂ ਹੁੰਦੈ
ਜਦੋਂ ਹਾਕਮ ਤੈਨੂੰ
ਕਿਰਤ ਦੀ ਛਾਤੀ @ਚ
ਗੱਢਦੇ ਨੇ
ਤੇ ਤੇਰੇ ਰੰਗਾਂ ਦੇ
ਉੱਲਟ ਅਰਥ ਕੱਢਦੇ ਨੇ
ਸਾਹੋ ਸਾਹ ਹੋਈ
ਅੱਧਮੋਈ
ਕਿਰਤ ਦੇ ਹੱਥ
ਤੂੰ ਉਦੋਂ ਹੀ ਸਜਣਾ ਏ
ਜਦੋਂ ਕੁੱਲੀ ਦੇ ਜਾਇਆਂ ÷ਲੰਗੇਰੀ÷
ਆਪਣੀ ਛਾਤੀ ਚੋਂ ਕੱਢ
ਤੈਨੂੰ ਪ੍ਰਬੰਧ ਦੀ
ਛਾਤੀ 'ਚ ਗੱਡਣਾ ਏ॥

**ਅਵਤਾਰ 'ਲੰਗੇਰੀ'**
9463260181















## ਜੋ ਦਿਖਾ, ਸੋ ਲਿਖਾ

# ਦਿੱਲੀ ਵਿੱਚ ਕੇਜਰੀਵਾਲ ਦੀਆਂ ਤਾਕਤਾਂ ਨੂੰ ਲੱਗਿਆ ਗ੍ਰਹਿਣ

## ਪੰਜਾਬ ਦੀ ਮਾਨ ਸਰਕਾਰ ਤੇ ਵੀ ਛਾਇਆ ਖ਼ਤਰਾ

ਸੂਬਿਆਂ ਵਿਚ ਗੈਰ ਬੀਜੇਪੀ ਸਰਕਾਰਾਂ ਦੇ ਕੰਮ ਵਿਚ ਕੇਂਦਰ ਵਲੋਂ ਰਾਜਪਾਲ ਰਾਹੀਂ ਅੜਚਨਾਂ ਖੜੀਆਂ ਆਮ ਜਿਹਾ ਵਰਤਾਰਾ ਬਣ ਚੁੱਕਾ ਹੈ। ਜਦੋਂ ਤੋਂ ਦਿੱਲੀ ਵਿਚ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ, ਉਸ ਦਾ ਕੇਂਦਰ ਨਾਲ ਲਗਾਤਾਰ ਅਧਿਕਾਰਾਂ ਸਬੰਧੀ ਇੱਟ ਖੜਕਾ ਚੱਲ ਰਿਹਾ ਹੈ। ਦਿੱਲੀ ਸਰਕਾਰ ਦੇ ਕੰਮਾਂ ਵਿਚ ਉਪ ਰਾਜਪਾਲ ਵੱਲੋਂ ਹਮੇਸ਼ਾਂ ਅੜਿੱਕੇ ਡਾਹੇ ਜਾਂਦੇ ਰਹੇ ਨੇ। ਬਹੁਤੀ ਵਾਰ ਉਪ ਰਾਜਪਲ ਨੂੰ ਭੇਜੀਆਂ ਫਾਈਲਾਂ ਵਾਪਿਸ ਹੀ ਨਹੀਂ ਆਈਆਂ। ਕੇਜਰੀਵਾਲ ਨੇ ਉਪ ਰਾਜਪਾਲ ਵਿਰੁੱਧ ਸੜਕ ਅਤੇ ਰਾਜਪਾਲ ਦੇ ਦਫਤਰ ਅੰਦਰ ਰਾਤ ਭਰ ਧਰਨੇ ਦਿੱਤੇ, ਪ੍ਰੰਤੂ ਮਾਮਲਾ ਉਥੇ ਹੀ ਲਟਕਿਆ ਰਿਹਾ। ਉੱਚ ਅਧਿਕਾਰੀਆਂ ਦੇ ਤਬਾਦਲੇ ਅਤੇ ਨਿਯੁਕਤੀਆਂ ਨੂੰ ਲੈ ਕੇ ਕਈ ਵਾਰ ਵਿਵਾਦ ਲੋੜੋਂ ਵਧ ਗਰਮਾਇਆ। ਇੱਕ ਵਾਰ ਕੇਜਰੀਵਾਲ ਦੀ ਰਿਹਾਇਸ਼ ਤੇ ਮੁੱਖ ਸਕੱਤਰ ਦੀ ਵਧਾਇਕਾਂ ਵੱਲੋਂ ਮਾਰ ਕੁਟਾਈ ਤਕ ਵੀ ਜਾ ਪੁੱਜਾ। ਦਿੱਲੀ ਦੇ ਸਾਰੇ ਆਈ ਏ ਐਸ ਅਫਸਰ ਹੜਤਾਲ ਤੇ ਚਲੇ ਗਏ ਸਨ। ਅਧਿਕਾਰੀਆਂ ਨਾਲ ਟਕਰਾਅ ਕਾਰਨ ਹੀ ਦਿੱਲੀ ਦੇ ਮੁੱਖ ਸਕੱਤਰ ਨੇ ਸ਼ਰਾਬ ਨੀਤੀ ਵਿੱਚ ਘਪਲੇ ਦੀ ਸੀਬੀਆਈ ਇਨਕੁਆਇਰੀ ਦੀ ਸਿਫ਼ਾਰਿਸ਼ ਕੀਤੀ ਅਤੇ ਉਪ ਮੁੱਖ ਮੰਤਰੀ ਮੁਨੀਸ਼ ਸਿਸੋਦੀਆ ਛੇ ਮਹੀਨੇ ਤੋਂ ਜੇਲ੍ਹ ਦੀ ਹਵਾ ਖਾ ਰਹੇ ਨੇ। ਵਿਧਾਨ ਸਭਾ ਵੀ ਬਹੁਤ ਵਾਰ ਜੰਗ ਦਾ ਅਖਾੜਾ ਬਣਦੀ ਦੇਖੀ ਗਈ। ਇਜਲਾਸ ਲਈ ਰਾਜਪਾਲ ਦੀ ਮਨਜ਼ੂਰੀ ਨੂੰ ਉਲੰਘਣ ਲਈ ਵਿਧਾਨ ਸਭਾ ਨੂੰ ਹਮੇਸ਼ਾਂ ਖੁੱਲ੍ਹਾ ਰੱਖਕੇ ਵਿਸ਼ੇਸ਼ ਇਜਲਾਸ ਬੁਲਾ ਲਿਆ ਜਾਂਦਾ ਅਤੇ ਸਦਨ ਵਿਚ ਪ੍ਰਧਾਨ ਮੰਤਰੀ ਅਤੇ ਉਪ ਰਾਜਪਾਲ ਖ਼ਿਲਾਫ਼ ਰੱਜ ਕੇ ਭੜ੍ਹਾਸ ਕੱਢੀ ਜਾਂਦੀ ਰਹੀ। ਇਸ ਨਾਲ ਕੇਂਦਰ ਅਤੇ ਦਿੱਲੀ ਸਰਕਾਰ ਵਿਚਕਾਰ ਟਕਰਾਓ ਸਿਖਰ ਤੇ ਚਲਾ ਗਿਆ। ਕੇਜਰੀਵਾਲ ਸਰਕਾਰ ਨੇ ਸਿੱਖਿਆ, ਸਿਹਤ, ਜਲ ਸਪਲਾਈ, ਔਰਤਾਂ ਨੂੰ ਮੁਫ਼ਤ ਬਸ ਸਹੂਲਤਾਂ ਆਦਿ ਅੱਛੇ ਕੰਮ ਕੀਤੇ, ਜਿਨ੍ਹਾਂ ਦੇ ਬਲਬੂਤੇ ਉਹਨਾਂ ਦੀ ਪਾਰਟੀ ਤਿੰਨ ਵਾਰ ਵਿਰੋਧੀਆਂ ਨੂੰ ਚਿੱਤ ਕਰਕੇ ਸੱਤਾ ਵਿਚ ਆਈ। ਬੀਜੇਪੀ ਕੇਜਰੀਵਾਲ ਦੀ ਵਧ ਰਹੀ ਲੋਕ ਪ੍ਰੀਅਤਾ ਨੂੰ ਬਰਦਾਸ਼ਤ ਨਹੀਂ ਕਰ ਸਕੀ। 11 ਮਈ ਨੂੰ ਸੁਪਰੀਮ ਕੋਰਟ ਵਲੋਂ ਅਫਸਰਾਂ ਦੀਆਂ ਬਦਲੀਆਂ ਦੇ ਅਧਿਕਾਰ ਦਿੱਲੀ ਸਰਕਾਰ ਨੂੰ ਦੇਣ ਦੇ ਫੈਸਲੇ ਤੇ ਤਿਲਮਲਾਈ ਕੇਂਦਰ ਸਰਕਾਰ ਨੇ ਆਰਡੀਨੈਂਸ ਜਾਰੀ ਕਰਕੇ ਸਾਰੇ ਅਧਿਕਾਰ ਉਪ ਰਾਜਪਾਲ ਦੇ ਹਵਾਲੇ ਕਰ ਦਿੱਤੇ।

*ਬਿਲ ਗਿਰਾਉਣ ਦੇ ਯਤਨ*

ਆਰਡੀਨੈਂਸ ਸਬੰਧੀ ਬਿਲ ਨੂੰ ਲੋਕ ਸਭਾ ਵਿੱਚ ਐਨਡੀਏ ਪਾਸ ਬਹੁਮੱਤ ਹੋਣ ਕਾਰਨ ਪਾਸ ਕਰਾਉਣ ਵਿਚ ਦਿੱਕਤ ਨਹੀਂ ਆਈ। ਪ੍ਰੰਤੂ ਰਾਜ ਸਭਾ ਵਿੱਚ ਵਿਰੋਧੀ ਮੈਂਬਰਾਂ ਦੀ ਵਧ ਗਿਣਤੀ ਹੈ, ਉਥੇ ਬਿੱਲ ਨੂੰ ਰੋਕਣ ਲਈ ਕੇਜਰੀਵਾਲ ਨੇ ਵਿਰੋਧੀ ਪਾਰਟੀਆਂ ਦੇ ਆਗੂਆਂ ਤੋਂ ਹਮਾਇਤ ਲਈ ਪੂਰਾ ਜ਼ੋਰ ਲਗਾਇਆ ਗਿਆ। ਪੰਜਾਬ ਦੇ ਮੁੱਖ ਮੰਤਰੀ ਨੂੰ ਨਾਲ ਲੈ ਕੇ ਕੇਜਰੀਵਾਲ ਆਰਜੇਡੀ ਮੁੱਖੀ ਨਿਤਿਸ਼ ਕਮਾਰ, ਬੀਜੇਡੀ ਮੁੱਖੀ ਤੇਜੱਸ਼ਵੀ ਯਾਦਵ, ਟੀਐਮਸੀ ਮੁੱਖੀ ਮਤਾ ਬੈਨਰਜੀ, ਤੇਲੰਗਾਨਾ ਵਿਚ ਬੀਆਰਐਸ ਮੁੱਖੀ ਚੰਦਰਸ਼ੇਖਰ ਰਾਓ , ਐਨਸੀਪੀ ਮੁੱਖੀ ਸ਼ਰਦ ਪਵਾਰ, ਡੀਐਮਕੇ ਪ੍ਰਧਾਨ ਐਮ ਕੇ ਸਟਾਲਿਨ, ਜੇਐਮਐਮ ਦੇ ਮੁੱਖੀ ਹੇਮੰਤ ਸੋਰੇਨ, ਸੀਪੀਐਮ ਲੀਡਰ ਸੀਤਾ ਰਾਮ ਯੇਚੁਰੀ, ਸੀਪੀਆਈ ਲੀਡਰ ਡੀ ਰਾਜਾ ਨਾਲ ਮੀਟਿੰਗਾਂ ਕਰ ਕੇ ਹਮਾਇਤ ਲਈ ਜ਼ੋਰ ਪਾਇਆ। ਕੇਜਰੀਵਾਲ ਅਤੇ ਭਗਵੰਤ ਮਾਨ ਪਟਨਾ ਵਿਖੇ ਹੋਈ ਮੀਟਿੰਗ ਵਿੱਚ ਸ਼ਾਮਿਲ ਤਾਂ ਹੋਏ, ਪਰ ਗੱਠਬੰਧਨ ਦਾ ਹਿੱਸਾ ਬਣਨ ਲਈ ਕਾਂਗਰਸ ਪਾਰਟੀ ਤੇ ਹਮਾਇਤ ਦੀ ਸ਼ਰਤ ਰੱਖੀ। ਕਾਂਗਰਸ ਵੱਲੋਂ ਹਨ ਕਰਨ ਉਹ ਬੰਗਲੌਰ ਵਿਖੇ ਮੀਟਿੰਗ ਵਿੱਚ ਸ਼ਾਮਲ ਹੋਏ । ਜਿੱਥੇ ਕੇਜਰੀਵਾਲ ਵਿਰੋਧੀ ਪਾਰਟੀਆਂ ਵੱਲੋਂ ਬਣਾਏ ਗਏ ÷ਇੰਡੀਆ÷ ਨਾਮ ਦੇ ਬੀਜੇਪੀ ਵਿਰੋਧੀ ਗੱਠ ਬੰਧਨ ਦਾ ਹਿੱਸਾ ਬਣੇ।

*ਬਿਲ ਰਾਜ ਸਭਾ ਵਿਚ ਪਾਸ*

ਬੀਜੇਪੀ ਰਾਜ ਸਭਾ ਵਿਚੋਂ ਬਿਲ ਪਾਸ ਕਰਾਉਣ ਲਈ ਜੁਗਾੜ ਲਗਾ ਚੁੱਕੀ ਸੀ। ਵਿਰੋਧੀ ਧਿਰਾਂ ਦੇ ਨੇਤਾਵਾਂ ਨੇ ਬਿੱਲ ਨੂੰ ਗ਼ੈਰ-ਸੰਵਿਧਾਨਕ, ਲੋਕਤੰਤਰ ਅਤੇ ਸੰਘਵਾਦ ਦੀ ਭਾਵਨਾ ਖ਼ਿਲਾਫ਼ ਦਸਕੇ ਵਿਰੋਧ ਕੀਤਾ। ਵਿਰੋਧੀ ਨੇਤਾਵਾਂ ਨੇ ਕਿਹਾ ਕਿ ਬੀਜੇਪੀ ਚੁਣੀ ਹੋਈ ਸਰਕਾਰ ਦੇ ਅਧਿਕਾਰਾਂ ਨੂੰ ਖਤਮ ਕਰ ਰਹੀ ਹੈ ਅਤੇ ਇਸ ਦਾ ਸੇਕ ਦੂਜੇ ਸੂਬਿਆਂ ਨੂੰ ਵੀ ਲੱਗ ਸਕਦਾ ਹੈ। ਉਨ੍ਹਾਂ ਕਿਹਾ ਕਿ ਬਿੱਲ ਬਦਲਾਖੋਰੀ ਤਹਿਤ ਲਿਆਂਦਾ ਹੈ ਅਤੇ ਇਹ ਸੁਪਰੀਮ ਕੋਰਟ ਦੇ ਫ਼ੈਸਲਿਆਂ ਖ਼ਿਲਾਫ਼ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਦਿੱਲੀ ਹੋਰ ਸਾਰੇ ਸੂਬਿਆਂ ਤੋਂ ਵੱਖਰਾ ਪ੍ਰਦੇਸ਼ ਹੈ, ਇਥੇ ਸੰਸਦ, ਕਈ ਸੰਸਥਾਵਾਂ ਅਤੇ ਸੁਪਰੀਮ ਕੋਰਟ ਹੈ ਅਤੇ ਕਈ ਮੁਲਕਾਂ ਦੇ ਮੁਖੀ ਇਥੇ ਅਕਸਰ ਆਉਂਦੇ ਹਨ। ਇਸੇ ਲਈ ਦਿੱਲੀ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਇਆ ਗਿਆ ਹੈ। ਸ਼ਾਹ ਨੇ ਕਿਹਾ ਕਿ ਇਹ ਵਿਧਾਨ ਸਭਾ ਨਾਲ ਸੀਮਤ ਅਧਿਕਾਰ ਵਾਲਾ ਕੇਂਦਰ ਸ਼ਾਸਿਤ ਪ੍ਰਦੇਸ਼ ਹੈ ਅਤੇ ਸੰਵਿਧਾਨ ਤਹਿਤ ਦਿੱਲੀ ਦੇ ਕਿਸੇ ਵੀ ਵਿਸ਼ੇ ਤੇ ਕਾਨੂੰਨ ਬਣਾਉਣ ਦਾ ਸੰਸਦ ਨੂੰ ਅਧਿਕਾਰ ਹੈ। ਬਹਿਸ ਪਿੱਛੋਂ ਵੋਟਿੰਗ ਦੌਰਾਨ ਬਿਲ ਪੱਖ 'ਚ 131 ਅਤੇ ਵਿਰੋਧ 'ਚ 102 ਵੋਟਾਂ ਨਾਲ ਨੈਸ਼ਨਲ ਕੈਪੀਟਲ ਟੈਰੀਟਰੀ ਆਫ ਦਿੱਲੀ (ਸੋਧ) ਬਿੱਲ, 2023 ਪਾਸ ਹੋ ਗਿਆ। ਕੇਜਰੀਵਾਲ ਹੁਣ ਦਿੱਲੀ ਦੇ ਨਾਂ ਮਾਤਰ ਦੇ ਮੁੱਖ ਮੰਤਰੀ ਹੋਣਗੇ ਅਤੇ ਮੁੱਖ ਅਧਿਕਾਰ ਉਪ ਰਾਜਪਾਲ ਪਾਸ ਚਲੇ ਗਏ ਨੇ। ਕੇਜਰੀਵਾਲ ਦਾ ਕਹਿਣੈ ਕਿ ਅੱਜ ਦਾ ਦਿਨ ਭਾਰਤ ਦੇ ਲੋਕਤੰਤਰ ਦੇ ਇਤਿਹਾਸ ਦਾ ਕਾਲਾ ਦਿਨ ਹੈ, ਕਿਉਂਕਿ ਭਾਜਪਾ ਨੇ ਦਿੱਲੀ ਵਿੱਚ ਪਿਛਲੇ ਦਰਵਾਜ਼ੇ ਰਾਹੀਂ ਸੱਤਾ ਹਥਿਆਈ ਹੈ।



*ਭਗਵੰਤ ਮਾਨ ਲਈ ਖਤਰੇ ਦੀ ਘੰਟੀ*

ਜੋ ਕੁਝ ਕੇਂਦਰ ਅਤੇ ਰਾਜਪਾਲ ਖਿਲਾਫ ਦਿੱਲੀ ਵਿਚ ਕੇਜਰੀਵਾਲ ਕਰ ਰਹੇ ਨੇ, ਉਹੀ ਭਗਵੰਤ ਮਾਨ ਵੱਲੋਂ ਪੰਜਾਬ ਵਿੱਚ ਦੁਹਰਾਇਆ ਜਾਂਦਾ ਹੈ। ਰਾਜਪਾਲ ਅਤੇ ਦਿੱਲੀ ਨਾਲ ਮੁੱਖ ਮੰਤਰੀ ਦਾ ਲਗਾਤਾਰ ਕਲੇਸ਼ ਚਲ ਰਿਹਾ ਹੈ। ਇਸ ਨਾਲ ਪੰਜਾਬ ਦਾ ਭਾਰੀ ਨੁਕਸਾਨ ਹੋ ਰਿਹਾ ਹੈ। ਮੁੱਖ ਮੰਤਰੀ ਰਾਜਪਲ ਨੂੰ ਬੀਜੇਪੀ ਦਾ ਏਜੰਟ, ਵਿਹਲਾ ਅਤੇ ਚਿੱਠੀਆਂਨੂੰ ਲਵਲੈਟਰ ਕਹਿਣ ਵਰਗੀ ਮਾੜੀ ਭਾਸ਼ਾ ਵਰਤਦੇ ਨੇ। ਇਸ ਭਦੀ ਸ਼ਬਦਾਵਲੀ ਨੂੰ ਸਹੀ ਨਹੀਂ ਕਿਹਾ ਜਾ ਸਕਦਾ। ਸੁਪਰੀਮ ਕੋਰਟ ਦੇ ਆਦੇਸ਼ ਦੇ ਬਾਵਜੂਦ ਮੁੱਖ ਮੰਤਰੀ ਰਾਜਪਾਲ ਦੀਆਂ ਚਿੱਠੀਆਂ ਦਾ ਉਤਰ ਨਹੀਂ ਦੇ ਰਹੇ । ਰਾਜਪਾਲ ਦਾ ਕਹਿਣੈ, ਕਿ ਉਹ ਮੁੱਖ ਮੰਤਰੀ ਵੱਲੋਂ ਹੋ ਰਹੇ ਅਪਮਾਨ ਅਤੇ ਗੈਰ ਸੰਵਿਧਾਨਕ ਮਾਮਲੇ ਰਾਸ਼ਟਰਪਤੀ ਪਾਸ ਉਠਾ ਸਕਦੇ ਹਨ, ਜਿਸ ਨਾਲ ਵੱਡੀ ਸਮੱਸਿਆ ਪੈਦਾ ਹੋ ਸਕਦੀ ਹੈ। ਉਂਝ ਵੀ ਪੰਜਾਬ ਵਿੱਚ ਮੰਤਰੀਆਂ ਅਤੇ ਵਿਧਾਇਕਾਂ ਖ਼ਿਲਾਫ਼ ਭ੍ਰਿਸ਼ਟਾਚਾਰ ਅਤੇ ਬਦਮਗਜ਼ੀ ਦੇ ਰੋਜ਼ਾਨਾ ਇਲਜ਼ਾਮ ਲੱਗ ਰਹੇ ਨੇ। ਹੁਣੇ ਹੁਣੇ ਦੋ ਮੰਤਰੀਆਂ ਕਟਾਰੂਚੱਕ ਅਤੇ ਕੁਲਦੀਪ ਧਾਲੀਵਾਲ ਵਲੋਂ 7 ਦਿਨਾਂ ਦੌਰਾਨ ਹੀ ਇੱਕ ਬੀਡੀਪੀਓ ਨੂੰ ਤਰੱਕੀ ਦੇ ਕੇ ਡੀਡੀਪੀਓ ਬਣਾਵਾਉਣ ਅਤੇ ਨਿਯਮਾਂ ਵਿਰੁੱਧ ਏਡੀਸੀ ਵਿਕਾਸ ਦਾ ਚਾਰਜ ਦਵਾਉਣ ਦੇ ਦੋਸ਼ ਲਗੇ ਨੇ। ਅਧਿਕਾਰੀ ਨੇ ਸੇਵਾਮੁਕਤੀ ਤੋਂ ਇਕ ਦਿਨ ਪਹਿਲਾਂ ਕਾਹਲੀ ਵਿਚ ਪਠਾਨਕੋਟ ਜਿਲੇ ਅੰਦਰ ਸੌ ਏਕੜ ਮਾਈਨਿੰਗ ਵਾਲੀ ਕੀਮਤੀ ਪੰਚਾਇਤੀ ਜ਼ਮੀਨ ਦਾ ਗਲਤ ਫੈਸਲਾ ਕਰਕੇ ਵਡਾ ਘਪਲਾ ਕਰ ਦਿੱਤਾ। ਵਿਰੋਧੀਆਂ ਵਲੋਂ ਮੰਤਰੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਤੇ ਮੁੱਖ ਮੰਤਰੀ ਮੋਨ ਧਾਰੀ ਬੈਠੇ ਨੇ। ਰਾਜਪਾਲ ਵੱਲੋਂ ਵੀ ਮੰਤਰੀ ਕਟਾਰੂ ਚੱਕ ਨੂੰ ਅਨੈਤਿਕ ਦੋਸ਼ਾਂ ਕਾਰਨ ਬਰਖਾਸਤ ਕਰਨ ਲਈ ਅਤੇ ਗ਼ੈਰ-ਕਾਨੂੰਨੀ ਮਾਈਨਿੰਗ, ਨਸ਼ਿਆਂ ਅਤੇ ਮੀਟਿੰਗਾਂ ਵਿਚ ਅਣਅਧਿਕਾਰਿਤ ਵਿਅਕਤੀਆਂ ਦੀ ਮੀਟਿੰਗਾਂ ਵਿਕ ਹਾਜਰੀ ਸਬੰਧੀ ਮੁੱਖ ਮੰਤਰੀ ਨੂੰ ਲਿਖਿਆ ਗਿਆ ਹੈ, ਪਰ ਮੁੱਖ ਮੰਤਰੀ ਨੇ ਸੁਝਾਵਾਂ ਤੇ ਵਿਚਾਰ ਤੱਕ ਨਹੀਂ ਕੀਤਾ। ਪਹਿਲੀਆਂ ਸਰਕਾਰਾਂ ਦੇ ਮੁੱਖ ਮੰਤਰੀ ਸਬੰਧ ਸੁਖਾਵੇਂ ਨਾਂ ਹੋਣ ਤੇ ਵੀ ਰਾਜਪਾਲ ਨੂੰ ਬਣਦਾ ਸਤਿਕਾਰ ਦਿੰਦੇ ਰਹੇ ਨੇ। ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਬੁਲਾ ਕੇ ਕੇਂਦਰ ਅਤੇ ਰਾਜਪਾਲ ਖ਼ਿਲਾਫ਼ ਸਖ਼ਤ ਹਮਲੇ ਕਰਨ ਨਾਲ ਸਬੰਧ ਬਹੁਤ ਤਲਖ਼ ਹੋ ਚੁਕੇ ਨੇ ਅਤੇ ਕੇਂਦਰ ਨੇ ਸੂਬੇ ਦੇ 6000 ਕਰੋੜ ਦੇ ਫੰਡ ਰੋਕ ਰੱਖੇ ਨੇ । ਇਸ ਸਮੇਂ ਸੂਬਾ ਹੜ੍ਹਾਂ ਦੀ ਮਾਰ ਝਲ੍ਹ ਰਿਹੈ। ਮੁੱਖ ਮੰਤਰੀ ਕੇਂਦਰ ਤੋਂ ਫੰਡ ਮੰਗਣ ਦੀ ਬਜਾਏ ਖੁਦ ਹੀ ਨੁਕਸਾਨ ਦੀ ਭਰਪਾਈ ਦੇ ਦਮਗਜ਼ੇ ਮਾਰ ਰਹੇ ਨੇ, ਜੋ ਨਾਕਸ ਵਿਤੀ ਹਾਲਾਤਾਂ ਦੇ ਚਲਦੇ ਸੰਭਵ ਹੀ ਨਹੀਂ । ਮੁੱਖ ਮੰਤਰੀ ਵਲੋਂ ਬਹੁਤੇ ਨੂੰ ਫਰੰਟ ਖੋਲਣ ਨਾਲ ਸੂਬੇ ਦਾ ਕਿਸੇ ਤਰਾਂ ਭਲਾ ਹੋਣ ਵਾਲਾ ਨਹੀਂ ਹੈ। ਅਜਿਹੇ ਸਮੇਂ ਮੁੱਖ ਮੰਤਰੀ ਨੂੰ ਚਾਹੀਦਾ ਹੈ ਕਿ ਕੇਜਰੀਵੱਲ ਨਾਲ ਦੂਜੇ ਰਾਜਾਂ ਵਿਚ ਰਾਜਨੀਤੀ ਕਰਨ ਦੀ ਬਜਾਏ, ਸੂਬੇ ਨੂੰ ਮਾੜੇ ਹਾਲਾਤ ਵਿੱਚੋਂ ਕੱਢਣ ਵੱਲ ਸਾਰਾ ਧਿਆਨ ਦੇਣ।

**ਦਰਸ਼ਨ ਸਿੰਘ ਸ਼ੰਕਰ**
**ਜਿਲ੍ਹਾ ਲੋਕ ਸੰਪਰਕ ਅ਼ਫਸਰ**
(ਰਿਟਾ.)
ਫੋਨ: 9915836543

# ਜ਼ੁਲਮ ਦੀ ਦੁਨੀਆਂ ਨਾਲ ਜੁੜੀ ਐਕਸ਼ਨ ਫਿਲਮ ਜੂਨੀਅਰ

ਪੰਜਾਬੀ ਸਿਨਮਾ ਦੇ ਬਦਲਦੇ ਅੰਦਾਜ ਨੇ ਦਰਸ਼ਕਾਂ ਨੂੰ ਆਪਣੇ ਵੱਲ ਖਿੱਚਿਆ ਹੈ। ਪਿਛਲੀ ਦਿਨੀਂ ਰਿਲੀਜ਼ ਹੋਈਆਂ ਕੁਝ ਨਵੇਂ ਵਿਸ਼ੇ ਦੀਆਂ ਸਮਾਜਿਕ ਕਹਾਣੀਆਂ ਅਧਾਰਤ ਫਿਲਮਾਂ ਨੂੰ ਨਵੇਂ ਤਜ਼ਰਬੇ ਨਾਲ ਪੇਸ਼ ਕੀਤਾ ਗਿਆ ਜਿਨ੍ਹਾਂ ਵਿਚ ਮਨੋਰੰਜਨ ਦੇ ਹਰੇਕ ਰੰਗ ਨੂੰ ਬਾਖ਼ੂਬੀ ਸ਼ਾਮਲ ਕੀਤਾ ਗਿਆ। ਇਨ੍ਹੀ ਦਿਨੀਂ ਰਿਲੀਜ਼ ਹੋ ਰਹੀ ਫਿਲਮ ਜੂਨੀਅਰ ਵੀ ਆਪਣੇ ਐਕਸ਼ਨ ਭਰੇ ਟਰੇਲਰ ਨਾਲ ਖ਼ੂਬ ਚਰਚਾ ਵਿੱਚ ਹੈ। ਜਿਕਰਯੋਗ ਹੈ ਕਿ ਇਹ ਐਕਸ਼ਨ ਅਤੇ ਡਰਾਮਾ ਫਿਲਮ ਪੰਜਾਬ ਅਤੇ ਚੰਡੀਗੜ੍ਹ ਸਮੇਤ ਦੁਨੀਆਂ ਦੇ ਤਿੰਨ ਵੱਖ ਵੱਖ ਦੇਸ਼ਾਂ ਵਿਚ ਫਿਲਮਾਈ ਗਈ ਇਹ ਫਿਲਮ ਪਰਿਵਾਰਕ ਅਹਿਮੀਅਤ ਨੂੰ ਦਰਸ਼ਾਉਂਦੀ ਇੱਕ ਐਕਸ਼ਨ ਭਰਪੂਰ ਫਿਲਮ ਹੈ। ਇਹ ਪੰਜਾਬੀ ਦੀ ਪਹਿਲੀ ਅਜਿਹੀ ਫਿਲਮ ਕਹਿ ਸਕਦੇ ਹਾਂ ਜੋ ਪੰਜਾਬੀ ਭਾਸ਼ਾ ਵਿੱਚ ਹੈ ਪਰੰਤੂ ਇਸਨੂੰ ਬਣਾਉਣ ਦੀ ਤਕਨੀਕ ਹਾਲੀਵੁੱਡ ਅਤੇ ਸਾਊਥ ਦੀਆਂ ਵੱਡੀਆਂ ਫਿਲਮਾਂ ਦੇ ਪੱਧਰ ਦੀ ਹੈ।

18 ਅਗਸਤ ਨੂੰ ਰਿਲੀਜ਼ ਹੋਣ ਜਾ ਰਹੀ ਫਿਲਮ ਜੂਨੀਅਰ ਆਮ ਫਿਲਮਾਂ ਤੋਂ ਹੱਟਕੇ ਐਕਸ਼ਨ ਭਰਪੂਰ ਪਰਿਵਾਰਕ ਕਹਾਣੀ ਅਧਾਰਤ ਜ਼ੁਲਮ ਦੀ ਦੁਨੀਆ ਨਾਲ ਜੁੜੇ ਇੱਕ ਅਜਿਹੇ ਇਨਸਾਨ ਦੀ ਕਹਾਣੀ ਹੈ ਜੋ ਆਪਣੇ ਅਤੀਤ ਨੂੰ ਭੁਲ ਕੇ ਇਕ ਚੰਗਾ ਨਾਗਰਿਕ ਬਣ ਕੇ ਸਮਾਜ ਲਈ ਕੁਝ ਕਰਨਾ ਚਾਹੁੰਦਾ ਹੈ ਪਰੰਤੂ ਹਾਲਾਤ ਉਸਨੂੰ ਮੁੜ ਜ਼ੁਲਮ ਦੀ ਦਲ ਦਲ ਵਿਚ ਧੱਕ ਦਿੰਦੇ ਹਨ। ਖਾਸ ਗੱਲ੍ਹ ਕਿ ਪੰਜਾਬੀ ਫਿਲਮਾਂ ਦੇ ਨਿਰਮਾਤਾ ਰਹਿ ਚੁੱਕੇ ਅਮੀਕ ਵਿਰਕ ਬਤੌਰ ਹੀਰੋ ਪਹਿਲੀ ਵਾਰ ਐਕਸ਼ਨ ਭਰੇ ਕਿਰਦਾਰਾਂ ਵਿਚ ਨਜ਼ਰ ਆਉਣਗੇ।



ਨਦਰ ਫਿਲਮਸ ਦੇ ਬੈਨਰ ਹੇਠ ਬਣੀ ਇਹ ਫ਼ਿਲਮ ਐਕਸ਼ਨ ਤੇ ਪਰਿਵਾਰਕ ਡਰਾਮਾ ਪੇਸ਼ ਕਰਦੀ ਇੱਕ ਅਜਿਹੇ ਨੌਜਵਾਨ ਦੀ ਕਹਾਣੀ ਹੈ ਜੋ ਕਦੇ ਜੁਰਮ ਦੀ ਦੁਨੀਆਂ ਦਾ ਹਿੱਸਾ ਹੁੰਦਾ ਸੀ। ਆਮ ਜ਼ਿੰਦਗੀ ਜਿਓਂ ਰਹੇ ਇਸ ਇਨਸਾਨ ਦੀ ਜ਼ਿੰਦਗੀ ਉਲਟ ਜਾਂਦੀ ਹੈ ਜਦੋਂ ਉਸਦੀ ਮਾਸੂਮ ਬੇਟੀ ਬਾਜ਼ਾਰ ਵਿੱਚ ਦੋ ਗੁੱਟਾਂ ਦੇ ਆਪਸੀ ਝਗੜੇ ਵਿੱਚ ਗੋਲੀ ਦਾ ਸ਼ਿਕਾਰ ਬਣ ਜਾਂਦੀ ਹੈ। ਬੱਚੀ ਦੀ ਮੌਤ ਉਸਨੂੰ ਮੁੜ ਹਥਿਆਰ ਚੁੱਕਣ ਲਈ ਮਜਬੂਰ ਕਰ ਦਿੰਦੀ ਹੈ। ਇਹ ਫ਼ਿਲਮ ਇੱਕ ਇਨਸਾਨ ਲਈ ਉਸਦੇ ਪਰਿਵਾਰ ਦੀ ਅਹਿਮੀਅਤ ਨੂੰ ਦਰਸਾਉਂਦੀ ਹੈ। ਅਮੀਕ ਵਿਰਕ ਤੇ ਸਿਸ਼੍ਰਟੀ ਜੈਨ ਦੀ ਮੁੱਖ ਭੂਮਿਕਾ ਵਾਲੀ ਇਸ ਫਿਲਮ ਵਿੱਚ ਬਾਲੀਵੁੱਡ ਅਦਾਕਾਰ ਕਬੀਰ ਬੇਦੀ, ਪਰਦੀਪ ਰਾਵਤ ਤੋਂ ਇਲਾਵਾ ਯੋਗਰਾਜ ਸਿੰਘ, ਪ੍ਰਦੀਪ ਚੀਮਾ, ਅਜੇ ਜੇਠੀ, ਰੌਣੀ ਸਿੰਘ, ਕਬੀਰ ਸਿੰਘ ਅਤੇ ਬਾਲ ਅਦਾਕਾਰਾ ਰਾਣਾ ਜਸਲੀਨ ਨੇ ਅਹਿਮ ਭੂਮਿਕਾ ਨਿਭਾਈ ਹੈ। ਅਮੀਕ ਵਿਰਕ ਦੀ ਹੀ ਲਿਖੀ ਹੋਈ ਇਸ ਫ਼ਿਲਮ ਨੂੰ ਨੌਜਵਾਨ ਫਿਲਮ ਨਿਰਦੇਸ਼ਕ ਹਰਮਨ ਢਿੱਲੋਂ ਨੇ ਡਾਇਰੈਕਟ ਕੀਤਾ ਹੈ। ਇਸ ਫ਼ਿਲਮ ਦੀ ਸਾਰੀ ਦੀ ਸਾਰੀ ਤਕਨੀਕੀ ਟੀਮ ਸਾਊਥ ਅਤੇ ਹਾਲੀਵੁੱਡ ਇੰਡਸਟਰੀ ਨਾਲ ਸਬੰਧਿਤ ਹੈ। ਅਮੀਕ ਮੁਤਾਬਕ ਉਹ ਪਿਛਲੇ 10 ਸਾਲਾਂ ਤੋਂ ਫ਼ਿਲਮ ਮੇਕਿੰਗ ਨਾਲ ਜੁੜੇ ਹੋਏ ਹਨ। ਉਹ ਪੰਜਾਬੀ ਸਿਨਮਾ ਦੀਆਂ ਸੀਮਾਵਾਂ ਜਾਣਦੇ ਹਨ। ਉਹਨਾਂ ਇਹ ਫ਼ਿਲਮ ਇਸ ਨਜਰੀਏ ਅਤੇ ਤਰੀਕੇ ਨਾਲ ਬਣਾਈ ਹੈ ਕਿ ਇਸ ਨਾਲ ਵੱਧ ਤੋਂ ਵੱਧ ਗੈਰ ਪੰਜਾਬੀ ਦਰਸ਼ਕ ਵੀ ਜੁੜ ਸਕਣ। ਇਹ ਫ਼ਿਲਮ ਦੇਖਦਿਆਂ ਦਰਸ਼ਕ ਖੁਦ ਮਹਿਸੂਸ ਕਰਨਗੇ ਕਿ ਪੰਜਾਬੀ ਵਿੱਚ ਵੀ ਇੱਕ ਕੌਮਾਂਤਰੀ ਪੱਧਰ ਦੀ ਫ਼ਿਲਮ ਬਣ ਸਕਦੀ ਹੈ। ਟੀਵੀ ਇੰਡਸਟਰੀ ਦਾ ਨਾਮਵਰ ਚਿਹਰਾ ਸਿਸ਼੍ਰਟੀ ਜੈਨ ਇਸ ਫਿਲਮ ਨਾਲ ਪੰਜਾਬੀ ਇੰਡਸਟਰੀ ਵਿੱਚ ਆਪਣੀ ਸ਼ੁਰੂਆਤ ਕਰ ਰਹੀ ਹੈ। ਇਸ ਵਿੱਚ ਉਸਨੇ ਫ਼ਿਲਮ ਦੇ ਨਾਇਕ ਅਮੀਕ ਵਿਰਕ ਦੀ ਪਤਨੀ ਦਾ ਕਿਰਦਾਰ ਅਦਾ ਕੀਤਾ ਹੈ। ਕਾਮੇਡੀ ਤੇ ਵਿਆਹਾਂ ਵਾਲੀਆਂ ਫਿਲਮਾਂ ਵਿੱਚ ਉਲਝੇ ਪੰਜਾਬੀ ਸਿਨਮਾ ਲਈ ਇਹ ਫਿਲਮ ਬਿਨਾਂ ਸ਼ੱਕ ਇੱਕ ਤਾਜਗੀ ਦੇ ਬੁੱਲੇ ਅਹਿਸਾਸ ਕਰਵਾਏਗੀ।

**ਸੁਰਜੀਤ ਜੱਸਲ**
9814607737

A-Class Auto Body Ltd.
Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Insurance Claims
Courtesy Cars
All Work Guaranteed
Mike Randev
R.Gill
Tel : (403) 273-8889
Fax : (403) 273-8812
720 Moraine Road NE, Calgary, AB, T2A 2P3
Email: aclass@aclassautobady.ca



Punjabi Chulha ਪੰਜਾਬੀ ਚੁੱਲ੍ਹਾ Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇ ਨਾ ਡਰੋ!
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142





CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
ਵਧੀਆ ਸੇਵਾਵਾਂ, ਵਾਜਬ ਕੀਮਤਾਂ
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
We have 24 years Experience
STOP
Auto & Manual Truck For Training
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca



Any Commercial or Domestic disposable items, like sofa, table,chair, bed, mattress, washer, dryer, fridge etc.or any lumber, we will pickup from your constructionsite/residence at a very reasonable rate.
Junk Dump Edmonton
Junk Removal
Call: 780 700 5022
ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਂਗੇ ਤੇ ਉਹਨਾਂ ਨੂੰ ਡਿਸਪੋਜ਼ ਕਰਾਂਗੇ!



facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਕੈਨੇਡਾ 'ਚ ਕੁੜੀਆਂ ਦੀ ਵੇਸਵਾਗਮਨੀ ! ਰੌਲ਼ਾ, ਖੌਰੂ, ਲਾਸ਼ਾਂ ਤੇ ਹੋਰ ਕਿੰਨਾਂ ਕੁੱਝ !!




ਕੁੱਝ ਦੇਰ ਤੋਂ ਕੈਨੇਡਾ ਨੂੰ ਦੇਖ ਰਿਹਾ ਹਾਂ ...ਮਿਲ ਗਿਲ਼ ਰਿਹਾ ਹਾਂ ...ਬਹੁਤ ਸਾਰੇ ਲੋਕਾਂ ਨੂੰ ..ਏਥੋਂ ਦੇ ਰੇਡੀਓ ਟੈਲੀਵਿਜ਼ਨ ਕੀ ਕਹਿੰਦੇ ਨੇ, ਸੁਣ ਵੀ ਰਿਹਾ ਹਾਂ ..ਹਿੱਸਾ ਵੀ ਬਣ ਰਿਹਾ ਹਾਂ .ਪੰਜਾਬੀਆਂ ਦੀ ਜ਼ਿੰਦਗੀ ਦੇਖਣ ਸਮਝਣ ਲਈ ਪਾਰਕਾਂ ਗਲ਼ੀਆਂ ਪਲਾਜ਼ਿਆਂ ਸਟੋਰਾਂ ਦੇ ਚੱਕਰ ਵੀ ਮਾਰੇ..ਕੁੱਝ ਬਹੁਤ ਵਧੀਆ ਹੈ..ਕੁੱਝ ਵਧੀਆ ਹੈ..ਕੁੱਝ ਮਾੜਾ ਹੈ..ਕੁੱਝ ਬਹੁਤ ਮਾੜਾ ਹੈ..ਪਰ ਇਕ ਚਰਚਾ ਅੱਜ ਕੱਲ ਜ਼ੋਰਾਂ 'ਤੇ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਏਥੇ ਗੰਦ ਪਾ ਦਿਤਾ ਹੈ..ਗੁਜ਼ਾਰਾ ਔਖਾ ਹੈ.ਕੁੜੀਆਂ ਵੇਸਵਾਗਮਨੀ ਕਰਨ ਲੱਗ ਪਈਆਂ ਹਨ..ਘਰ ਨਹੀਂ ਬਣਨੇ ਹੁਣ..ਆਦਿ ਆਦਿ....

ਸੰਕਟ ਹੈ..ਇਹ ਮੰਨ ਲੈਣਾ ਚਾਹੀਦਾ ..ਸੰਕਟ ਇਕਹਿਰਾ ਨਹੀਂ ..ਇਹ ਸਮਝ ਲੈਣਾ ਚਾਹੀਦਾ ..ਸੰਕਟ ਦਿਨੋ ਦਿਨ ਗਹਿਰਾ ਹੋ ਰਿਹੈ..ਇਹ ਮੰਨ ਲੈਣਾ ਚਾਹੀਦਾ ..ਸੰਕਟ ਪੈਦਾ ਕਿਉਂ ਹੋਇਆ ,ਕੌਣ ਕੌਣ ਕਾਰਨ ਹਨ..ਇਹ ਸਮਝ ਲੈਣਾ ਚਾਹੀਦਾ ..ਜਦ ਪੰਜਾਬ ਤੋਂ ਆਇਆ ਕੋਈ ਗੱਭਰੂ ਦਸਾਂ ਦਿਨਾਂ 'ਚ ਲਾਸ਼ ਬਣ ਜਾਂਦੈ ਤਾਂ ਸੰਕਟ ਬਹੁਤ ਦੁਖਦਾਈ ਬਣ ਜਾਂਦੈ..ਦਸ ਦਿਨ 'ਚ ਕਿਸੇ ਨਵੀਂ ਬਿਮਾਰੀ ਦਾ ਉਭਰਨਾ ਬਹੁਤ ਮੁਸ਼ਕਿਲ ਹੈ..ਅਰਥਾਤ ਬੀਮਾਰੀ ਪਿੱਛੋਂ ਨਾਲ ਚੱਲ ਕੇ ਆਈ ਹੈ..ਅਜਿਹਾ ਕਿਉਂ ਹੋ ਗਿਐ..ਸਮਝਣ ਦੀ ਲੋੜ ਹੈ..ਪਰ ਅਫਸੋਸ ਕਿ ਅਸੀਂ ਹਵਾ 'ਚ ਤਲਵਾਰਾਂ ਮਾਰਨ ਦੀ ਆਦਤ ਛੱਡਣ ਨੂੰ ਤਿਆਰ ਨਹੀਂ !

ਜੇ ਅਸੀਂ ਇਹ ਧਾਰ ਹੀ ਲਿਆ ਹੈ ਕਿ ਉਧਰ ਨਹੀਂ ਰਹਿਣੈ..ਕੈਨੇਡਾ ਹੀ ਜਾਣੈ..ਤਾਂ ਫੇਰ ਜਿਵੇਂ ਕਿਸਾਨ ਖੇਤ 'ਚ ਫਸਲ ਬੀਜਣ ਤੋਂ ਪਹਿਲਾਂ ਖੇਤ ਨੂੰ ਤਿਆਰ ਕਰਦੈ..ਉਵੇਂ ਹੀ ਆਪਣੇ ਬੱਚਿਆਂ ਨੂੰ ਤਿਆਰ ਕਰ ਕੇ ਭੇਜੋ..ਮੁੰਡਿਆਂ ਨੂੰ ਇਹ ਕਹਿ ਕੇ ਮੱਖਣੀਆਂ ਨਾ ਖੁਆਈ ਜਾਓ ਕਿ÷ ਖਾ ਲੈ ਪੁੱਤ..ਕੋਈ ਨਾ ਕਨੇਡਾ ਜਾ ਕੇ ਫੇਰ ਕੰਮ ਈ ਕਰਨੈ ਸਾਰੀ ਉਮਰ !÷..ਉਸ ਮੁੰਡੇ ਨੂੰ ਉਥੇ ਕੰਮ ਸੱਭਿਆਚਾਰ ਵਲ ਤੋਰੋ..ਕੁੜੀਆਂ ਨੂੰ ਉਥੇ ਅਜ਼ਾਦੀ ਦਿਓ..ਇਹ ਨਾ ਹੋਵੇ ਕਿ ਥੋਡੀ ਬੱਚੀ ਨੂੰ ਤੁਸੀਂ ਲਹਿਰੇਗਾਗੇ ਤੋਂ ਸੁਨਾਮ ਵੀ ਕੱਲੀ ਜਾਣ ਤੋਂ ਘੂਰੀ ਜਾਵੋਂ ਤੇ ਫੇਰ ਅਚਾਨਕ ਟੋਰਾਂਟੋ ਦੇ ਜਹਾਜ਼ ਚੜ੍ਹਾ ਦੇਵੋਂ..ਤਬਦੀਲੀ ਨੂੰ ਸਹਿਜ ਢੰਗ ਨਾਲ ਵਾਪਰਨ ਦਿਓ!..ਪੰਜਾਬੀ ਬੱਚਿਆਂ ਨੇ ਏਥੇ ਆ ਕੇ ਕਮਾਲਾਂ ਕੀਤੀਆਂ ਨੇ..ਪੜ੍ਹੇ ਵੀ ਨੇ..ਕੰਮ ਵੀ ਕਰਦੇ ਨੇ..ਪਿਛੇ ਬੈਠੇ ਥੋੜ੍ਹਾ ਸਿਆਣੇ ਤੇ ਖੁੱਲ੍ਹਦਿਲੇ ਹੋਣ !

ਏਥੇ ਹਰ ਇਕ ਨੂੰ ਕੋਈ ਸਾਥ ਚਾਹੀਦੈ..ਜਿਸ ਕੋਲ ਹੈ..ਉਹਦੇ ਡੋਲਣ ਦਾ ਖਤਰਾ ਘੱਟ ਐ..ਪਰ ਡਰਨ ਜਾਂ ਡਰਾਉਣ ਦੀ ਜਮਾ ਲੋੜ ਨਹੀਂ ..ਜ਼ਿੰਦਗੀ 'ਚੋਂ ਸੰਘਰਸ਼ ਨੂੰ ਅੱਡ ਕਿਵੇਂ ਕੀਤਾ ਜਾ ਸਕਦੈ..ਜੇ ਬੱਚੇ ਬੇਸਮੈਂਟਾਂ 'ਚ 5/6 ਮਿਲ ਕੇ ਰਹਿੰਦੇ ਨੇ, ਤਾਂ ਏਹਦੇ 'ਚ ਕੋਈ ਪਹਾੜ ਨਹੀਂ ਡਿਗ ਪਿਆ..ਹੈਰਾਨੀ ਤਾਂ ਉਦੋਂ ਹੁੰਦੀ ਐ ਜਦੋਂ ਕੋਈ ਲਿਖਦੈ ਕਿ ÷ ਕੁੜੀਆਂ ਬਜ਼ਾਰਾਂ ਕਲੱਬਾਂ 'ਚ ਮੁੰਡਿਆਂ ਨਾਲ ਤੁਰੀ ਫਿਰਦੀਆਂ..ਵਿਗੜ ਗਈਆਂ !÷..ਦੋਸਤੋ ਕੈਲੰਡਰ ਦੇਖਿਆ ਕਰੋ..2023 ਚਲ ਰਿਹੈ..1623 ਨਹੀਂ !..ਅਖੇ ਹਰ ਕੁੜੀ ਬੁਆਏ ਫ੍ਰੈਂਡ ਲਈ ਫਿਰਦੀ !..ਗਲਤ ਕੀ ਆ ਏਹਦੇ 'ਚ !..ਮੁੰਡੇ ਵੀ ਤਾਂ ਗਰਲ ਫਰੈਂਡ ਲਈ ਫਿਰਦੇ!

ਕੋਈ ਸੱਜਣ ਲਿਖਦੈ ਕਿ ਕੁੜੀਆਂ ਵੇਸਵਾਗਿਰੀ ਕਰਦੀਆਂ !..ਪ੍ਰਤੀਸ਼ਤ ਏਨੀ ਜ਼ਿਆਦਾ ਦੱਸੀ ਜਾਂਦੀ ਐ ਕਿ ਬੰਦੇ ਦਾ ਸਿਰ ਚਕਰਾ ਜਾਏ...ਕੋਰਾ ਝੂਠ..ਕਿਸੇ ਕੁੰਠਾ 'ਚੋਂ ਨਿਕਲੀ ਹੋਈ ਟਿੱਪਣੀ !..ਭਾਈ ਸਾਹਿਬ , ਕੈਨੇਡਾ ਕੋਈ ਸੰਸਾਰ ਤੋਂ ਵੱਖਰੈ ?..ਹਰ ਮੁਲਕ 'ਚ ਵੇਸਵਾਗਮਨੀ ਹੋ ਰਹੀ ਐ..ਹੁੰਦੀ ਰਹੂੰਗੀ..ਪਰ ਮਸਲੇ ਨੂੰ ਏਨੀ ਸਧਾਰਣ ਸਤਿਹ 'ਤੇ ਲੈ ਜਾਣੈ ਸੁਆਦ ਲੈਣ ਤੋਂ ਵੱਧ ਕੁੱਝ ਨਹੀਂ !

..ਇਕ ਗੱਲ ਸੋਚਿਓ..ਵੱਖਰੀ ਤਰ੍ਹਾਂ ਦੀ...ਕੀ ਵੇਸਵਾਗਿਰੀ ਕਰਨ ਵਾਲੀ ਔਰਤ ਲਈ ਏਨਾ ਹੀ ਆਸਾਨ ਐ..ਜਿਵੇਂ ਇਕ ਸੱਜਣ ਲਿਖਦੈ..ਕਹਿੰਦਾ ,÷ ਦਿਨ ਚ ਦੋ ਤਿੰਨ ਗਾਹਕ ਭੁਗਤਾ ਲਏ..250 ਡਾਲਰ ਬਣ ਗਏ..ਹੋਰ ਕੀ ਚਾਹੀਦੈ !÷..ਇਸ ਸਤਰ 'ਚ ਲਿਖਿਆ 'ਹੋਰ ਕੀ ਚਾਹੀਦੈ' ਬਹੁਤ ਪ੍ਰੇਸ਼ਾਨ ਕਰਦੈ..ਕੀ ਸਰੀਰਕ ਤੇ ਮਾਨਸਿਕ ਤੌਰ 'ਤੇ ਏਨਾ ਹੀ ਆਸਾਨ ਐ ਦਿਨ 'ਚ ਤਿੰਨ ਮਰਦਾਂ ਨਾਲ ਸੰਭੋਗ..ਉਹ ਵੀ ਮਰਜ਼ੀ ਦਾ ਨਹੀਂ ..ਖਰੀਦਿਆ ਹੋਇਆ ..ਜਿਥੇ ਮਰਦ ਮਾਲਕ ਦੀ ਤਰ੍ਹਾਂ ਵਰਤੇਗਾ..ਕੀ ਐਨਾ ਸੌਖਾ ਐ ਇਹ ਕਹਿਣੈ..ਹੋਰ ਕੀ ਚਾਹੀਦਾ !!..ਮੁਕਾਬਲਤਨ ਘੱਟ ਗਿਣਤੀ 'ਚ ਵਾਪਰ ਰਹੇ ਵਰਤਾਰੇ ਨੂੰ ਏਨਾ ਸਰਲ ਬਣਾ ਕੇ ਪੇਸ਼ ਕਰਦਿਆਂ ਮਕਸਦ ਕੀ ਹੱਲ ਕਰਨਾ ਚਾਹੁੰਦੇ ਓ !..ਕਿਸੇ ਨੂੰ ਸਮਝਾਉਣ ਲਈ ਡਰਾਉਣਾ ਜ਼ਰੂਰੀ ਨਹੀਂ ਹੁੰਦਾ ..ਭਰੋਸੇ 'ਚ ਲੈ ਕੇ ਪਿਆਰ ਨਾਲ ਸੱਚ ਪੱਲੇ ਪਾਓ!

ਕੋਈ ਸ਼ੱਕ ਨਹੀਂ ਕਿ ਘਰ ਬਣਾਉਣੇ ਹੁਣ ਸੌਖੇ ਨਹੀਂ ਰਹੇ..ਵਿਆਜ਼ ਦਰ ਵਧ ਗਈ ਏ..ਮਹਿੰਗਾਈ ਛਾਲ਼ਾਂ ਮਾਰ ਰਹੀ ਐ..ਪਰ ਕੀ ਕਦੇ ਸੰਸਾਰ ਨੇ ਹੁਣ ਤਕ ਪਿੱਛੇ ਨੂੰ ਕਦਮ ਪੁੱਟਿਆ !..ਕਦੇ ਵੀ ਨਹੀਂ ..ਸੰਕਟ ਹੈ ਤਾਂ ਹੱਲ ਵੀ ਨਿਕਲਣਗੇ..ਇਤਿਹਾਸ 'ਤੇ ਝਾਤ ਮਾਰੋ..ਵੱਡੇ ਸੰਕਟਾਂ 'ਚੋਂ ਨਵੇਂ ਰਾਹ ਵੀ ਨਿਕਲੇ ਨੇ..ਚੜ੍ਹਦੀ ਕਲਾ 'ਚ ਰਿਹਾ ਕਰੋ..ਜੇ ਖੁੱਲ੍ਹ ਕੇ ਲਾਹਣਤ ਪਾਉਣ ਨੂੰ ਜੀਅ ਕਰਦੈ ਤਾਂ ਆਓ ਮਿਲ ਕੇ ਉਹਨਾਂ ਤੋਂ ਸਵਾਲ ਪੁੱਛੀਏ ਜਿਹਨਾਂ ਪੰਜਾਬ ਨੂੰ ਸਵਿਟਜ਼ਰਲੈਂਡ ਪੈਰਿਸ ਬਣਾਉਣ ਦੇ ਲਾਰੇ ਲਾ ਕੇ ਪੰਜਾਬ ਨੂੰ ਪੰਜਾਬ ਵੀ ਨਹੀਂ ਰਹਿਣ ਦਿਤਾ..ਪੰਜਾਬ ਰਹਿੰਦੇ ਮਾਪਿਆਂ ਤੇ ਬੱਚਿਆਂ ਨਾਲ ਸੰਵਾਦ 'ਚ ਪਈਏ, ਵਿਵਾਦ 'ਚ ਨਹੀਂ !..ਮਨੁੱਖੀ ਜੂਨ ਭਾਈਚਾਰਕ ਸਾਂਝ ਦੇ ਵਿਲੱਖਣ ਗੁਣ ਕਰ ਕੇ ਉਤਮ ਹੈ..ਉਸ ਗੁਣ ਨੂੰ ਬਚਾ ਕੇ ਰੱਖੋ..

ਅਸੀਂ ਪੰਜਾਬੀ ਕੁੱਝ ਪ੍ਰਬੰਧ ਦੇ ਧੱਕੇ ਧਕਾਏ..ਕੁੱਝ ਆਪਣੀ ਮੂਰਖਤਾ ਕਾਰਣ ਟੋਏ 'ਚ ਛਾਲ ਮਾਰ ਚੁਕੇ ਹਾਂ ..ਫਿਰ ਕੁੱਛੜ ਚੁਕੇ ਜੁਆਕ ਦੇ ਵੀ ਸੱਟਾਂ ਤਾਂ ਲੱਗਣੀਆਂ ਹੀ ਸੀ..ਆਓ ਸੱਟਾਂ 'ਤੇ ਮੱਲਮ ਲਾਈਏ..ਨਾ ਰੋਂਦੂ ਬਣੀਏ ਨਾ ਲਾਹਣਤੀ..ਜ਼ਿੰਦਗੀ ਦੇ ਸੰਘਰਸ਼ ਨੂੰ ਸਿੱਧਾ ਹੋ ਕੇ ਟੱਕਰੀਏ!

ਚੜ੍ਹਦੀ ਕਲਾ 'ਚ



(ਸਾਹਿਬ ਸਿੰਘ ਦੀ ਫੇਸ ਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ ਮਾਣ ਨਾਲ ਬਿਨਾ ਪੁੱਛੇ ਹੀ ਕਾਪੀ ਕੀਤਾ)



## ਉਹ ਵੇਲਾ ਯਾਦ ਕਰ



ਬਲਵਿੰਦਰ ਕੌਰ ਬਰਾੜ
403 590 9629

# ਮਰਦ ਨੇ ਔਰਤ ਨਾਲ ਬਸ ਸੌਣਾ ਹੀ ਸਿੱਖਿਆ ਹੈ, ਜਾਗਣਾ ਨਹੀ.......

ਚਿਰ ਹੋਇਆ ਏ ਬਾਪੂ ਜੀ ਤਾਂ ਤੁਰ ਗਏ ਲੰਮੀ ਵਾਟੇ।
ਚੇਤੇ ਆਗੇ ਅੱਜ ਉਨ੍ਹਾਂ ਦੇ ਪੈਰ ਬਿਆਈਆਂ ਪਾਟੇ।
( ਗੁਰਭਜਨ ਗਿੱਲ)

ਜੱਗੋਂ ਗਏ ਬਾਪੂ ਦੀ ਦੇਹੀ ਨੇੜਤਾ ਚਿਤਵਦਿਆਂ ਮੈਨੂੰ ਕੈਨੇਡਾ ਵਿੱਚ ਨਵੇਂ ਜੰਮੇ ਬੱਚੇ ਦੀ ਦਾਸਤਾਂ ਵੀ ਯਾਦ ਆਈ, ਜਿਸ ਨੂੰ ਜਨਮ ਲੈਣ ਸਾਰ ਨਰਸ ਨੇ ਰੋਂਦੇ ਨੂੰ ਨੰਗੇ ਪਿੰਡੇ ਮਾਂ ਦੇ ਢਿੱਡ ਤੇ ਜਾ ਪਾਇਆ। ਤੇ ਉਹ ਰੋਣਾ ਬੰਦ ਕਰ ਕੇ ਟਿਕ ਕੇ ਸੌਂ ਗਿਆ। ਮੇਰੇ ਪੁੱਛਣ ਤੇ ਨਰਸ ਨੇ ਦੱਸਿਆ ਕਿ ਬੱਚਾ ਜਿਸ ਦੇਹੀ ਤੋਂ ਵੱਖ ਹੋਇਆ ਹੈ ਵਾਪਸ ਉਸੇ ਨਾਲ ਮਿਲਣਾ ਚਾਹੁੰਦਾ ਹੈ। ਕਈ ਵਰ੍ਹੇ ਹੋਏ ਦੇਹੀ ਦੀ ਅਜਿਹੀ ਨੇੜਤਾ ਬਾਰੇ ਇੱਕ ਬਜ਼ੁਰਗ ਮਾਂ ਤੋਂ ਸੁਣਿਆ ਸੀ ਸਕੂਲੋਂ ਆ ਕੇ ਬਸਤਾ ਸੁੱਟ ਉਸ ਦਾ ਪੁੱਤ ਉਸੇ ਦਾ ਦੁੱਧ ਪੀਂਦਾ ਸੀ। ਮੈਂ ਉਸ ਵੇਲ਼ੇ ਮਜ਼ਾਕ ਵਿੱਚ ਰੋਲ਼ ਦਿੱਤਾ ਸੀ। ਪਰ ਬਜ਼ੁਰਗ ਮਾਂ ਦਾ ਤਰਕ ਸੀ ਮੇਰੀ ਦੇਹੀ ਦਾ ਜਿੰਨਾਂ ਅੰਸ਼ ਮੇਰੇ ਪੁੱਤਰ ਅੰਦਰ ਜਾਏਗਾ, ਉਤਨਾ ਹੀ ਇਹ ਮੇਰੇ ਵੱਲ ਅਹੁਲਦਾ ਰਹੇਗਾ। ਮੈਨੂੰ ਉਸ ਸਮੇਂ ਇਸ ਭਾਵੁਕ ਸਾਂਝ ਦੀ ਸਮਝ ਨਹੀਂ ਲੱਗੀ ਸੀ ਪਰ ਅੱਜ ਇਹ ਦਰੁਸਤ ਲੱਗਦੀ ਹੈ। ਕਾਸ਼। ਅਸੀਂ ਦੇਹੀ ਦੀ ਇਸ ਭਾਵੁਕ ਸਾਂਝ ਨੂੰ ਸਾਂਭੀ ਰਖਦੇ। ਅੱਜ ਸਾਡੀ ਤਰਜ਼ੇ-ਜ਼ਿੰਦਗੀ ਦੀ ਬਦਲੀ ਤੋਰ ਨੇ ਔਰਤ-ਮਰਦ ਸੰਬੰਧਾਂ ਪਿਛਲੀ ਭਾਵੁਕ ਸਾਂਝ ਨੂੰ ਬੱਸ ਦੇਹੀ ਤੱਕ ਹੀ ਸਮੇਟ ਧਰਿਆ ਹੈ। ਡਾ। ਹਰਿਭਜਨ ਸਿੰਘ ਦੀ ਇਹ ਸਤਰ ਇਸ ਭਾਵੁਕਤਾ ਦੀ ਮਿਸਾਲੀ ਗਵਾਹ ਹੈ –

ਮੈਂ ਭਰੀ ਸੁਗੰਧੀਆਂ ਪੌਣ ਸੱਜਣ ਤੇਰੇ ਬੂਹੇ ਤੇ।
ਤੂੰ ਇਕ ਵਾਰੀ ਤੱਕ ਲੈ ਕੌਣ ਸੱਜਣ ਤੇਰੇ ਬੂਹੇ ਤੇ।

ਪਰ ਇਸ ਸੁੱਚੀ ਭਾਵਨਾ ਨੂੰ ਜਵਾਨ ਪੀੜ੍ਹੀ ਦੀਆਂ ਕਿਲਕਾਰੀਆਂ, ਲੂਹਰੀਆਂ, ਬੜ੍ਹਕਾਂ, ਚੀਕਾਂ ਤੇ ਕਚੀਚੀਆਂ ਨੇ ਰੋਲ਼ ਕੇ ਇਉਂ ਢਾਲ਼ ਲਿਆ ਹੈ – ਤੈਨੂੰ ਦੇਖਿਆਂ ਸਬਰ ਨਾ ਆਵੇ ਯਾਰਾ ਤੇਰਾ ਘੁੱਟ ਭਰ ਲਾਂ।



ਇਸ ਉਮਰ ਦੀਆਂ ਅਪਹੁਦਰੀਆਂ, ਬੇ-ਲਿਹਾਜ਼ ਅਤੇ ਬੇ-ਕਿਰਕ ਆਵਾਜ਼ਾਂ ਗਵਾਹ ਹਨ ਕਿ ਔਰਤ-ਮਰਦ ਸੰਬੰਧ ਵੀ ਹੋਰਨਾਂ ਵਸਤਾਂ ਵਾਂਗ ਵਰਤੋ- ਤੇ – ਸੁੱਟੋ ਵਾਂਗ ਹੀ ਨਿਭਾਏ ਜਾ ਸਕਦੇ ਹਨ। ਇਹ ਤਾਂ ਬੱਸ ਮਘਦੇ ਸਾਹਾਂ ਸਮੇਂ ਦੇਹੀ ਖੇਡ, ਚੰਮ ਖ਼ੁਸ਼ੀਆਂ ਜਾਂ ਥੋੜ ਚਿਰੀ ਲਾਲਸਾ ਨੂੰ ਹੀ ਬਹੁਚਰਚਿਤ ਕਰਦੇ ਸੁੱਚੀਆਂ ਤਰੰਗਾਂ ਨੂੰ ਠੇਸ ਲਾ ਰਹੇ ਹਨ। ਪਿਛਲੇ ਕੁੱਝ ਅਰਸੇ ਤੋਂ ਕਾਮ ਤ੍ਰਿਪਤੀ ਹੀ ਵਿਸ਼ੇਸ਼ ਲੋੜ ਵਜੋਂ ਉੱਭਰੀ ਜਾਂ ਉਭਾਰੀ ਜਾ ਰਹੀ ਹੈ। ਖ਼ਬਰਾਂ ਦੀਆਂ ਵੱਧ ਸੁਰਖੀਆਂ ਦੁਨੀਆਂ ਵਿੱਚ ਨਿਭਦੇ ਗੁਨਾਹਾਂ ਦੀ ਮੁੱਖ ਸੁਰ ਸੰਬੰਧਾਂ ਦੇ ਇਸ ਪੇਤਲੇ, ਛਿੰਦੇ ਜਾਂ ਵਕਤੀ ਝਰਨਾਹਟ ਦੀ ਹਵਸ਼ ਦੇ ਲੇਖੇ ਹੀ ਲਗਦੀਆਂ ਹਨ। ਇਨ੍ਹਾਂ ਨੇ ਹਰ ਰਿਸ਼ਤੇ ਦੀ ਪਾਕੀਜ਼ਗੀ ਹੂੰਝ ਕੇ ਅੱਖ ਵਿੱਚ ਪਲ਼ਦੀ ਮੈਲ ਨੂੰ ਹੀ ਪਸਾਰਿਆ ਹੈ। ਮੰਡੀਕਰਣ ਦੀ ਹਰ ਵਸਤ ਵਾਂਗ ਔਰਤ ਵੀ ਇਸ਼ਤਿਹਾਰ ਵਿੱਚ ਵੇਖਣਯੋਗ ਸ਼ੈਅ ਹੋ ਨਿਬੜੀ ਹੈ। ਇੱਥੋਂ ਤੱਕ ਕਿ ਮਾਂ ਦੀ ਕੁੱਖ ਵੀ ਵਿਕਾਊ ਹੋ ਗਈ ਹੈ। ਇਸ਼ਤਿਹਾਰ ਦੀ ਦੁਨੀਆਂ ਤਾਂ ਟਿਕੀ ਹੀ ਨਾਰੀ ਦੇਹੀ ਤੇ ਹੈ।

ਇਸੇ ਪ੍ਰਾਪਤੀ ਦੇ ਟੀਚੇ ਨਾਲ ਜਵਾਨ ਪੀੜ੍ਹੀ ਦੀ ਉਮਰ ਦੇ ਹੋਰ ਸਭ ਪੜਾਅ ਮਨਫ਼ੀ ਹੀ ਕਰ ਧਰੇ ਹਨ। ਮਾਪੇ ਵੀ ਛੋਟੇ ਮਾਸੂਮ ਬੱਚੇ ਤੋਂ 'ਪਤਲੀ ਕਮਰ' ਗਾਣਾ ਸੁਣਦੇ ਖੀਵੇ ਹੁੰਦੇ ਹਨ। ਬਿਨਾ ਸ਼ੱਕ ਦੁਨੀਆਂ ਦੀ ਬੁਨਿਆਦ ਔਰਤ-ਮਰਦ ਦੇ ਜਿਸਮ ਦੀ ਇਹ ਨੇੜਤਾ ਜਿੱਥੇ ਅਧਾਰ ਬਣੀ ਹੈ ਉੱਥੇ ਹੋਰ ਕਈ ਪਵਿੱਤਰ ਭਾਵੁਕ ਪਹੁੰਚ ਪਾਲਣ ਦੀ ਤਾਕੀਦ ਕੀਤੀ ਗਈ ਹੈ। ਕਈ ਵੱਖ ਵੱਖ ਪਵਿੱਤਰ ਛੋਹਾਂ ਨੂੰ ਵਿਸਾਰਿਆ ਜਾ ਰਿਹਾ ਹੈ। ਔਰਤ ਤੱਕ ਵੰਡਣ ਲਈ ਮਰਦ ਕੋਲ ਮਾਂ ਲਈ ਸਤਿਕਾਰ, ਭੈਣ-ਪਿਆਰ, ਪਤਨੀ ਦਾ ਇਸ਼ਕ ਅਤੇ ਧੀ ਦਾ ਮੋਹ ਕਿੰਨੇ ਹੀ ਸ਼ੇਡ ਹਨ ਜੋ ਪਾਲ਼ੇ, ਨਿਭਾਏ ਤੇ ਹੰਢਾਏ ਜਾ ਸਕਦੇ ਸਕੂਨ ਬਖ਼ਸ਼ਦੇ ਹਨ। ਪਰ ਸੰਸਾਰ ਪੱਧਰ ਤੱਕ ਹੀ ਸਾਰੇ ਸ਼ੇਡ ਇਸੇ ਸਰੀਰਕ ਖਿੱਚ ਨੇ ਸਾਵੇਂ ਨਹੀਂ ਰਹਿਣ ਦਿੱਤੇ। ਦਲੀਪ ਕੌਰ ਟਿਵਾਣਾ ਦਾ ਕਹਿਣਾ ਹੈ ਕਿ ਮਰਦ ਨੇ ਔਰਤ ਨਾਲ ਬਸ ਸੌਣਾ ਹੀ ਸਿੱਖਿਆ ਹੈ, ਜਾਗਣਾ ਨਹੀਂ। ਇਸ ਹਵਸ਼, ਲਾਲਸਾ ਜਾਂ ਦੇਹੀ ਖਿੱਚ ਵੱਲ ਉਲਰਦਿਆਂ ਅਸੀਂ ਭੁੱਲ ਜਾਂਦੇ ਹਾਂ ਕਿ ਮੋਢਾ ਪਲੋਸ ਕੇ, ਪੈਰੀਂ ਹੱਥ ਲਾ ਕੇ, ਹਿੱਕ ਨਾਲ ਲਾ ਕੇ ਬੁੱਕਲ਼ ਵਿੱਚ ਲੈ ਕੇ, ਕਲਾਵਾ ਭਰ ਕੇ, ਗਲਵੱਕੜੀ ਪਾ ਕੇ, ਵਾਲ਼ਾਂ 'ਚ ਹੱਥ ਫੇਰ ਸਿਰ ਪਲੋਸ ਕੇ, ਦੋ ਹੱਥਾਂ ਵਿੱਚ ਹੱਥ ਫੜ ਕੇ, ਮੱਥਾ ਚੁੰਮ ਕੇ ਇਹ ਸਭ ਅਸੀਸਾਂ ਨਾਲ ਲਬਰੇਜ਼ ਦੇਹੀ-ਅਦਾਵਾਂ ਹਨ ਜਿੱਥੇ ਅਣਕਿਆਸੀਆਂ ਤਰੰਗਾਂ ਫਿਰ ਜਾਂਦੀਆਂ ਨੇ। ਜਿਸ ਨੇ ਬਚਪਨ ਵਿੱਚ ਬਜ਼ੁਰਗਾਂ ਦੀ ਸੰਗਤ ਨਹੀਂ ਮਾਣੀ, ਬਜ਼ੁਰਗ ਸੀਨੇ ਅਨੁਭਵ ਦੀ ਭੱਠੀ ਦਾ ਸੇਕ ਨਹੀਂ ਮਾਣਿਆ, ਉਸ ਦੇ ਵਿਵਹਾਰ ਵਿੱਚ ਸਾਫ ਊਣ ਝਲਕਦੀ ਹੈ।

'ਮਾਂ ਦੀ ਚੁੰਮਣ ਵੈਕਸੀਨ ਤੇ ਮਾਂ ਦੀ ਬੁੱਕਲ਼ ਲੋਈ,
ਮਾਂ ਦੀਆਂ ਦੁਆਵਾਂ ਨਾਲੋਂ ਵੱਡਾ ਵੈਦ ਨਾ ਕੋਈ।'

ਗੋਡੇ ਲੱਗੀ ਸੱਟ 'ਤੇ ਮਾਂ ਦੀ ਮਾਰੀ ਫੂਕ ਵੱਡਾ ਧਰਵਾਸ ਰਹੀ ਹੈ। ਪਿਤਾ ਦੀਆਂ ਪੁੱਤਰ ਦੁਆਲੇ ਵ਼ਲੀਆਂ ਕਿਲੇ ਜਿਹੀਆਂ ਬਾਹਾਂ, ਮੋਢੇ ਬਹਿ ਕੇ ਦੇਖਿਆ ਮੇਲਾ ਹਰ ਸਵਾਰੀ ਤੋਂ ਵੱਖਰਾ ਸੀ। ਇੱਕ ਬੱਚੀ ਲੁਗ ਲੁਗ ਕਰਦੀ ਬਾਂਹ ਪਿ? ਦੇ ਗਲ਼ ਪਾ ਕੇ ਕੁੱਝ ਵੀ ਮੰਨਵਾ ਲੈਂਦੀ ਹੈ, ਭੈਣ-ਭਰਾ ਗਲ਼ੇ ਮਿਲ ਕੇ ਵੈਰਾਗ ਪੂਰਦੇ ਨੇ, ਦੋਸਤ ਗਲ਼ੇ ਲੱਗ ਕੇ ਥਕੇਮਾਂ ਲਾਹੁੰਦੇ ਨੇ, ਮਾਵਾਂ-ਧੀਆਂ ਸੀਨੇ ਲੱਗ ਹਰ ਦੁੱਖ-ਸੁੱਖ ਕਰ ਲੈਂਦੀਆਂ ਨੇ। ਕਿਹਾ ਜਾਂਦਾ ਹੈ ਪੁੱਤ ਦੇ ਮੋਢੇ ਹੱਥ ਰੱਖ ਪਿਤਾ ਪੁੱਛੇ –ਸਭ ਤੋਂ ਤਾਕਤ ਵਾਲਾ ਕੌਣ, ਪੁੱਤ ਕਹੇ-ਮੈਂ। ਫੇਰ ਪਿ? ਨੇ ਦੂਰ ਜਾ ਕੇ ਪੁੱਛਿਆ ਸੋਚ ਕੇ ਦੱਸ ਕੌਣ ਹੈ, ਪੁੱਤ ਨੇ ਕਿਹਾ – ਤੁਸੀਂ। ਪਿਤਾ ਦੇ ਕਾਰਨ ਪੁੱਛਣ ਤੇ ਪੁੱਤਰ ਨੇ ਕਿਹਾ – ਪਹਿਲਾਂ ਤੁਹਾਡਾ ਹੱਥ ਮੇਰੇ ਮੋਢੇ ਤੇ ਸੀ। ਸੰਬੰਧਾਂ ਦੀਆਂ ਕੁੱਝ ਪੌੜੀਆਂ ਹਨ ਦੇਖਣਾ, ਮੋਹਿਆ ਜਾਣਾ, ਭਾ ਜਾਣਾ ਤੇ ਪਾ ਲੈਣਾ ਪਰ ਸਭ ਤੋਂ ਔਖਾ ਹੈ ਨਿਭਾ ਜਾਣਾ। ਹੁਣ ਵਿਚਾਰਨਾ ਪਏਗਾ ਅਸੀਂ ਕਿਹੜੀ ਪੌੜੀ ਤੱਕ ਅੱਪੜੇ ਹਾਂ। ਭਾਈ ਵੀਰ ਸਿੰਘ ਦੇ ਸ਼ਬਦ ਇਸ ਦਿਸਦੇ ਅਤੇ ਅਣਦਿਸਦੇ ਸੰਸਾਰ ਦੀ ਸਾਂਝ ਇਮਾਨਦਾਰੀ ਨਾਲ ਨਿਭਾ ਰਹੇ ਲੱਗਦੇ ਹਨ –

ਸੁਪਨੇ ਵਿੱਚ ਤੁਸਾਂ ਮਿਲੇ ਅਸਾਨੂੰ,
ਅਸਾਂ ਧਾਅ ਗਲਵੱਕੜੀ ਪਾਈ।
ਨਿਰਾ ਨੂਰ ਤੁਸੀਂ ਹੱਥ ਨਾ ਆਏ,
ਸਾਡੀ ਕੰਬਦੀ ਰਹੀ ਕਲਾਈ।

vfs. VFS.GLOBAL
Azadi Ka Amrit Mahotsav | G20 2023 INDIA
Wishing India a Happy 77th
Independence Day

Conceptualised and launched in India in 2001, VFS Global is one of the earliest **"Made in India"** companies to become a global leader catering to **69 sovereign governments** across **144 countries.**
VFS Global operates **Indian Consular Application Centres in six US cities**: Washington DC, New York, San Francisco, Chicago, Atlanta, and Houston.
**We provide Passport, Visa, and Consular Services** to over four million diaspora Indians.
Since November 2020, **we have successfully processed over 1 million applications** for the Indian diaspora.
**Trusted partner to the Government of India since 2008**
As the first outsourced visa services partner of the **Ministry of External Affairs (India) in 2008,** the company currently manages passport and visa services for India in **13 countries** and has handled nearly **20 million applications.**
The company has been operating the **Pravasi Bhartiya Sahayata Kendra,** a 24/7 information dissemination and grievance redressal centre started by the **MEA for expatriate workers since 2014.**
VFS Global has also been a reliable partner to the Indian government in historic missions such as **Vande Bharat Mission 2020, Operation Devi Shakti 2021, and Operation Raahat 2015.**
vfs. VFS.GLOBAL | 69 CLIENT GOVERNMENTS | 144 COUNTRIES OF OPERATION | OVER 266 MILLION APPLICATIONS PROCESSED | VFS.GLOBAL Cares




# ਕਿੰਨਾ ਸੋਹਣਾ ਤੈਨੂੰ ਰੱਬ ਨੇ ਬਣਾਇਆ ਗੀਤ ਨੂੰ ਲਿਖਣ ਵਾਲਾ ਕੌਣ ਸੀ ?

ਜਦੋਂ ਨੁਸਰਤ ਫਤਿਹ ਅਲੀ ਖਾਨ ਦਾ ਦੌਰ ਸ਼ੁਰੂ ਹੋਇਆ ਤਾਂ ਕੈਸਿਟ ਟੇਪ ਰਿਕਾਰਡਰ ਦਾ ਯੁੱਗ ਸਿਖਰ ਤੇ ਸੀ, ਜੋ ਵਾਘਿ?' ਪਾਰ ਦੇ ਕਲਾਕਾਰਾਂ ਦੀਆਂ ਕੈਸਿਟਾਂ ਐਧਰ ਮਿਲਦੀਆ ਉਹਨਾਂ ਤੇ ਕਲਾਕਾਰ ਦਾ ਨਾਮ ਵੀ ਹੁੰਦਾ ਤੇ ਗੀਤਾਂ ਦੇ ਮੁਖੜੇ ਵੀ, ਪਰ ਗੀਤਕਾਰ ਤੇ ਸੰਗੀਤਕਾਰ ਦਾ ਜ਼ਿਕਰ ਨਹੀਂ ਮਿਲਦਾ ਸੀ। ਪਿਛਲੀ ਵੇਰ ਜਦੋਂ ਮੈਂ ਲੰਡਨ ਗਿਆ ਤਾਂ ਉੱਥੋਂ ਕੁੱਝ ਪਾਕਿਸਤਾਨ ਦੇ ਕਲਾਕਾਰਾਂ ਦੇ ਐਲ।ਪੀ।ਰਿਕਾਰਡ ਮਿਲੇ। ਜਿੰਨਾ 'ਚ ਨੁਸਰਤ ਫਤਿਹ ਅਲੀ ਦੇ ਵੀ ਸਨ। ਨੁਸਰਤ ਫਤਿਹ ਅਲੀ ਪੂਰੀ ਦੁਨੀਆਂ 'ਚ ਮਸ਼ਹੂਰ ਕਲਾਕਾਰ ਸੀ। ਉਸਦੇ ਗੀਤ ਮੈਂ ਵੀ ਬੜੇ ਚਾਅ ਨਾਲ ਸੁਣਦਾ ਸਾਂ। ਲੰਡਨ ਨੁਸਰਤ ਦਾ ਰਿਕਾਰਡ ਦੇਖਿਆ

"ਵਿਗੜ ਗਈ ਏ ਥ੍ਹੋੜੇ ਦਿਨਾਂ ਤੋਂ"

ਜਿਸਦੇ ਕਵਰ ਤੇ ਜਦੋਂ ਮੈਂ ਗੀਤਕਾਰਾਂ ਦੇ ਨਾਮ ਦੇਖੇ ਤਾਂ ਸੋਚਾਂ ਦੇ ਸਮੁੰਦਰ ਵਿੱਚ ਡੁੱਬ ਗਿਆ, ਇਹ ਤਫਤੀਸ਼ ਅੱਗੇ ਵਧਦੀ ਗਈ, ਜਿਉਂ ਜਿਉਂ ਤਫਤੀਸ਼ ਵਧੀ ਕਾਲਜੇ ਨੂੰ ਹੌਲ ਪੈਣ ਲੱਗ ਪਏ, ਕੁੱਝ ਸੁਆਲ ਮਨ ਵਿੱਚ ਪੈਦਾ ਹੋਏ

* ਦਿਲ ਮਰ ਜਾਣੇ ਨੂੰ ਕੀ ਹੋਇਆ ਸੱਜਣਾ
ਅੱਜ ਜਿੰਨਾਂ ਕਦੇ ਵੀ ਨਾਂ ਰੋਇਆ ਸੱਜਣਾ
* ਹੋ ਜਾਵੇ ਜੇ ਪਿਆਰ ਤੇ ਸੌਣਾਂ ਭੁੱਲ ਜਾਂਦਾ
* ਸੁਣ ਚਰਖੇ ਦੀ ਮਿੱਠੀ ਮਿੱਠੀ ਘੂਕ
ਮਾਹੀਆ ਮੈਨੂੰ ਯਾਦ ਆਂਵਦਾ
* ਮੇਲੇ ਨੇ ਵਿਛੜ ਜਾਣਾ
* ਮਸਤ ਮਸਤ ਦਮ ਮਸਤ ਕਲੰਦਰ
* ਵਿਗੜ ਗਈ ਏ ਥ੍ਹੋੜੇ ਦਿਨਾਂ ਤੋਂ
* ਯਾਰਾ ਡੱਕ ਲੈ ਖੂਨੀ ਅੱਖੀਆਂ ਨੂੰ
* ਰਾਂਝਾ ਤੇ ਮੇਰਾ ਰੱਬ ਵਰਗਾ
* ਵਾਅਦਾ ਕਰਕੇ ਸੱਜਣ ਨਹੀਂ ਆਇਆ
* ਗਿਣ ਗਿਣ ਤਾਰੇ ਲੰਘਦੀਆਂ ਰਾਤਾਂ
ਸੱਪਾਂ ਵਾਂਗੂੰ ਡੰਗਦੀਆਂ ਰਾਤਾਂ
* ਕਿੰਨਾ ਸੋਹਣਾ ਤੈਨੂੰ ਰੱਬ ਨੇ ਬਣਾਇਆ
ਦਿਲ ਕਰੇ ਵੇਖਦਾ ਰਵਾਂ
* ਨੀ ਉਠਾਂ ਵਾਲੇ ਤੁਰ ਜਾਣਗੇ
ਫੇਰ ਲੱਭਦੀ ਫਿਰੇਂਗੀ ਹਾਣੀ
ਨੀ ਸੱਸੀਏ ਜਾਗਦੀ ਰਹੀਂ
ਰਾਤ ਅੱਜ ਦੀ ਨੀਂਦ ਨਾ ਮਾਣੀਂ

ਪੰਜਾਬੀ ਗੀਤ ਸੰਗੀਤ ਨੂੰ ਮਾਨਣ ਵਾਲਾ ਇੱਕ ਵੀ ਵਿਅਕਤੀ ਅਜਿਹਾ ਨਹੀਂ ਜਿਸਨੇ ਇਹ ਗੀਤ ਨਾ ਸੁਣੇ ਹੋਣ, ਇੱਕ ਵੀ ਵਿਅਕਤੀ ਅਜਿਹਾ ਨਹੀਂ ਜੋ ਇਹਨਾਂ ਗੀਤਾਂ ਦੇ ਗਾਇਕ ਦਾ ਨਾਮ ਨਾ ਜਾਣਦਾ ਹੋਵੇ।

ਪੰਜਾਬੀ ਦਾ ਹਰ ਨਵਾਂ ਕਲਾਕਾਰ ਨੁਸਰਤ ਫ਼ਤਹਿ ਅਲੀ ਦਾ ਨਾਮ ਬੜੇ ਅਦਬ ਨਾਲ ਲੈਂਦਾ ਹੈ, ਤੇ ਇਹ ਜਾਹਰ ਕਰਨ ਦੀ ਵੀ ਕੋਸ਼ਿਸ਼ ਕਰਦਾ ਹੈ ਕਿ ਮੈਂ ਖਾਨ ਸਾਹਿਬ ਨੂੰ ਫੋਲੋ ਕਰਦਾ ਹਾਂ।



ਪਰ ਅਫਸੋਸ ਇਹਨਾਂ ਗੀਤਾਂ ਦੇ ਰਚਨਹਾਰੇ ਦੀ ਗੱਲ ਕੋਈ ਵੀ ਨਹੀਂ ਕਰਦਾ,
ਕੌਣ ਸੀ ਐਡਾ ਵੱਡਾ ਗੀਤਕਾਰ ?
ਕਿੱਥੇ ਜੰਮਿਆ ?
ਕਿਵੇਂ ਜ਼ਿੰਦਗੀ ਬਸ਼ਰ ਕੀਤੀ ?
ਉਸਦੇ ਲਿਖੇ ਗੀਤਾਂ ਦਾ ਉਸਨੂੰ ਕਿੰਨਾ ਮਿਹਨਤਾਨਾ ਮਿਲਿਆ ?

ਦੋਸਤੋ ਇਹਨਾਂ ਗੀਤਾਂ ਦਾ ਰਚੇਤਾ ਬਰੀ ਨਿਜ਼ਾਮੀ ਹੀ ਹੈ। ਬਰੀ ਨਿਜ਼ਾਮੀਂ ਦਾ ਜਨਮ ਗੋਜਰਾ (ਟੋਬਾ ਟੇਕ ਸਿੰਘ) ਗੁਰਦੇਵ ਸਿੰਘ ਮਾਨ ਦੇ ਪਿੰਡ ਦੇ ਬਿਲਕੁਲ ਨਾਲ ਦੇ ਪਿੰਡ, ਵਿਖੇ 26 ਦਿਸੰਬਰ 1937 ਨੂੰ ਹੋਇਆ। ਬਰੀ ਦਾ ਬਚਪਨ ਦਾ ਨਾਮ ਸ਼ੇਖ ਮੁਹੰਮਦ ਸਗੀਰ ਸੀ ,ਬੜੇ ਭਰੇ ਮਨ ਨਾਲ ਲਿਖ ਰਿਹਾ ਹਾਂ ਕਿ ਬਰੀ ਨਿਜ਼ਾਮੀ ਨੇ ਸਾਰੀ ਉਮਰ ਅੱਤ ਦੀ ਗਰੀਬੀ 'ਚ ਹੰਢਾਈ। ਇਹ ਜਾਣ ਕੇ ਤਾਂ ਕਾਲਜਾ ਛਲਣੀ ਹੋ ਗਿਆ ਕਿ 14 ਮਈ 1998 ਨੂੰ ਫੈਸਲਾਬਾਦ ਵਿਖੇ ਦਵਾਈਆਂ ਦੀ ਥੁੜ ਕਾਰਨ ਬਰੀ ਨਿਜ਼ਾਮੀ ਇਸ ਜਹਾਨ ਨੂੰ ਅਲਵਿਦਾ ਕਹਿ ਗਿਆ

ਅੱਜ ਇੱਕ ਵੀ ਗਵਈਆ ਇਹ ਕਹਿਕੇ ਗੀਤ ਸ਼ੁਰੂ ਨਹੀਂ ਕਰਦਾ ਕਿ ਲ? ਜੀ ਪੇਸ਼ ਹੈ ਜਨਾਬ ਬਰੀ ਨਿਜ਼ਾਮੀ ਜੀ ਦਾ ਗੀਤ, ਬੱਸ ਦੋਵੇਂ ਕੰਨਾਂ ਨੂੰ ਹੱਥਾਂ ਦੀਆਂ ਉਂਗਲਾ ਜੀਆਂ ਲਾਕੇ ਕਹਿਣਗੇ ਕਿ ਮੈਂ ਨੁਸਰਤ ਸਾਹਿਬ ਵਰਗਾ ਗਾ ਤੇ ਨਹੀਂ ਸਕਦਾ ਪਰ ਨੁਸਰਤ ਸਾਹਿਬ ਦਾ ਗੀਤ ਗਾਉਣ ਦੀ ਕੋਸ਼ਿਸ਼ ਕਰਦਾ ਹਾਂ।

ਸੁਆਲ ਇਹ ਐ ਕਿ ਕੀ ਗੀਤਕਾਰ ਸਦਾ ਇਹਨਾਂ ਗੀਤਾਂ ਦੇ ਆਸਰੇ ਉੱਸਰੇ ਮਹਿਲਾਂ ਦੀਆਂ ਨੀਹਾਂ ਹੇਠ ਦੱਬੇ ਜਾਣ ਵਾਲੇ ਐਡੇ ਸਸਤੇ ਰੋੜੇ ਹੁੰਦੇ ਨੇ ?

ਦੋਸਤੋ - ਨਾ ਤੇ ਮੇਰਾ ਕੋਈ ਜੂ ਟੂਪ ਤੇ ਅਜੇ ਤੱਕ ਚੈਨਲ ਐ, ਨਾ ਈ ਮੈਨੂੰ ਆਹ ਵਿਉ ਵਧਾਉਣ ਦੀ ਕੋਈ ਲੋੜ ਐਂ, ਨਾ ਈ ਮੈਂ ਕੋਈ ਪੰਜਾਬੀ ਬੋਲੀ ਦਾ ਸੇਵਾਦਾਰ ਆਂ, ਮੈਂ ਨੀਹਾਂ ਹੇਠਾਂ ਦੱਬੇ ਲੋਕਾਂ ਦੀਆਂ ਬਾਤਾਂ ਪਾਉਣੋਂ ਨਹੀਂ ਹੱਟਣਾ ਭਾਵੇਂ ਕਿਸੇ ਦੇ ਗਿੱਟੇ ਲੱਗੇ ਭਾਵੇਂ ਗੋਡੇ, ਆਪਣੇ ਵਿਚਾਰ ਦੱਸਿ?। ਮਿੱਟੀ ਨੂੰ ਫਰੋਲਦਾ ਰਵ੍ਹਾਂਗਾ ਤੁਹਾਡੇ ਲਾਲ ਤੁਹਾਡੇ ਹਵਾਲੇ ਕਰਦਾ ਰਹਾਂਗਾ।

# ਪੁੱਤ ਨਿਰਮੋਹਾ ਹੋ ਗਿਐ ਪੰਜ ਦਰਿਆਵਾਂ ਦਾ

ਇਹ ਐ ਮਾਨਸਾ ਦਾ ਗੁਰਦੀਪ ਢਿੱਲੋਂ,,,,, ਮਾਨਸਾ ਦੇ ਜਮ੍ਹਾਂ ਐਨ ਨਾਲ ਲੱਗਦੇ ਪਿੰਡ ਭੁਪਾਲ ਦਾ ਜੰਮਪਲ,,,, ਪੰਜਾਬੀ ਸਾਹਿਤ ਵਿੱਚ ਵੱਡਾ ਨਾਮ ਗੁਰਦੀਪ ਸਿੰਘ ਢਿੱਲੋਂ,,,,,,,, ਆਲੋਚਣਾ ਦੇ ਖੇਤਰ ਵਿੱਚ ਗੁਰਦੀਪ ਵੱਖਰਾ ਮੁਕਾਮ ਰੱਖਦੈ,,,, ਕਿੱਤੇ ਵੱਜੋਂ ਗੁਰੂ ਨਾਨਕ ਦੇਵ ਕਾਲਜ ਬੁਢਲਾਡਾ ਵਿਖੇ ਅਧਿਆਪਕ ਐ,,,, ਅਧਿਆਪਨ ਦੇ ਖੇਤਰ ਵਿੱਚ ਵੀ ਇਹ ਆਪਣੀ ਮਿਸਾਲ ਆਪ ਈ ਐਂ,,,,, ਹੁਣ ਤੱਕ ਪੰਜਾਬੀ ਦੀਆਂ ਕਈ ਕਿਤਾਬਾਂ ਪਾਠਕਾਂ ਦੀ ਝੋਲੀ ਪਾ ਚੁੱਕਿਆ ਐ,,,, ਜਿਹਨਾਂ ਵਿੱਚ 'ਮਾਣ ਸੁੱਚੇ ਇਸ਼ਕ ਦਾ' ਖੂਬ ਚਰਚਾ ਵਿੱਚ ਹੈ



ਵੱਡੀ ਗੱਲ ਇਹ ਵੀ ਐ ਕਿ ਗੁਰਦੀਪ ਬਹੁਤ ਵੱਡਾ ਗੀਤਕਾਰ ਐ,,, ਉਸਦੇ ਗੀਤਾਂ ਵਿੱਚ ਪੰਜਾਬ ਦੇ ਪਿੰਡਾਂ ਦਾ ਸਹੀ ਮੁਹਾਂਦਰਾ ਦੀਂਹਦੈ,,,ਉਹ ਆਪਣੇ ਗੀਤਾਂ ਵਿੱਚ ਜੱਟ ਨੂੰ ਫੂਕ ਨਹੀਂ ਦਿੰਦਾ ਸਗੋਂ ਕਿਸਾਨੀ ਦੇ ਦੁਖਾਂਤ ਦਾ ਵਰਨਣ ਕਰਦੈ,,,,ਇਸੇ ਕਰਕੇ ਉਸਦੇ ਗੀਤ ਬਜਾਰੂ ਕਲਾਕਾਰਾਂ ਦੇ ਮੇਚ ਨਹੀਂ ਆਉਂਦੈ,,,, ਗੁਰਦੀਪ ਜਿੱਦੀ ਐ,,,ਉਸਦੀ ਜਿੱਦ ਅੱਗੇ ਮੇਰਾ ਸਿਰ ਝੁੱਕਦੈ,,,,ਉਸਦੀ ਜਿੱਦ ਐ ਕਿ ਕਦੇ ਵੀ ਅਜਿਹਾ ਨਹੀਂ ਲਿਖਣਾ ਜਿਸਨੂੰ ਪੜ੍ਹ ਕੇ ਸੁਣ ਕੇ ਮੇਰੀ ਅਗਲੀ ਨਸਲ ਨੂੰ ਸ਼ਰਮ ਮਹਿਸੂਸ ਹੋਵੇ,,,,, ਗੁਰਦੀਪ ਆਂਹਦੈ ਮੈਂ ਬਾਜ਼ਾਰ ਦੇ ਮੇਚ ਦਾ ਹੋਣ ਲਈ ਜਮੀਰ ਦਾ ਸੌਦਾ ਨਹੀਂ ਕਰਨਾ। ਗੁਰਦੀਪ ਦੇ ਗੀਤਾਂ ਵਿੱਚ ਪੰਜਾਬ ਪ੍ਰਤੀ ਇੱਕ ਦਰਦ ਐ ਇੱਕ ਪੀੜ ਐ , ਹਲੂਣਾ ਐ। ਆਹ ਦੇਖਿ? ਜਰਾ

ਦਿੰਦੇ ਬਿਰਖ ਉਲਾਂਭਾ ਬਲਦੀਆਂ ਛਾਵਾਂ ਦਾ
ਪੁੱਤ ਨਿਰਮੋਹਾ ਹੋ ਗਿਐ ਪੰਜ ਦਰਿਆਵਾਂ ਦਾ
ਤੈਨੂੰ ਮਾਰੇ ਆਵਾਜ਼ਾਂ ਧਰਤੀ ਪੰਜ ਦਰਿਆਈ ਵੇ
ਤੇਰੀ ਪੈੜ ਨੂੰ ਤਰਸੇ ਪੰਜ ਤੱਤਾਂ ਦੀ ਜਾਈ ਵੇ
ਹੁਣ ਦਿੰਦੇ ਬਿਰਖ ਉਲਾਂਭਾ ਬਲਦੀਆਂ ਛਾਵਾਂ ਦਾ
ਪੁੱਤ ਨਿਰਮੋਹਾ ਹੋ ਗਿਐ ਪੰਜ ਦਰਿਆਵਾਂ ਦਾ

ਤੂੰ ਕਹਿਣੈਂ ਹੁਣ ਘਟ ਗਿਆ ਮੁੱਲ ਰੁਪਈਏ ਦਾ
ਜੈਡ ਕਿਵੇਂ ਵੇ ਬਦਲ ਬਣੂੰ ਦੱਸ ਯਹੀਏ ਦਾ
ਕੌਣ ਕਰ ਗਿਐ ਕਤਲ ਵੇ ਤੇਰੇ ਚਾਵਾਂ ਦਾ
ਪੁੱਤ ਨਿਰਮੋਹਾ ਹੋ ਗਿਐ ਪੰਜ ਦਰਿਆਵਾਂ ਦਾ

ਬੋਝੇ ਵਿੱਚ ਤੈਂ ਡਾਲਰ ਚਾਰ ਕੀ ਪਾ ਲਏ ਵੇ
ਜਾਨ ਥੀਂ ਵਾਰਨ ਵਾਲੇ ਸੁਪਨੇ ਖਾ ਲਏ ਵੇ
ਕੀ ਕਰੀਏ ਤੇਰੇ ਮੋਹਖੋਰੇ ਜਹੇ ਨਾਵਾਂ ਦਾ
ਪੁੱਤ ਨਿਰਮੋਹਾ ਹੋ ਗਿਐ ਪੰਜ ਦਰਿਆਵਾਂ ਦਾ

ਮੁੜਦਾ ਕਦੇ ਨੀਂ ਜਿਹੜਾ, ਜਿਹੜੇ ਰਾਹ ਤੁਰਿਆ
ਮਘਦੀ ਉਮਰੇ ਕੱਚ ਦੀਆਂ ਮੁੰਦਰਾਂ ਪਾ ਤੁਰਿਆ
ਏਸ ਕੱਚ ਨੇ ਜ਼ਖ਼ਮੀ ਕਰਨੈ ਪੈਂਡਾ ਰਾਵ੍ਹਾਂ ਦਾ
ਪੁੱਤ ਨਿਰਮੋਹਾ ਹੋ ਗਿਐ ਪੰਜ ਦਰਿਆਵਾਂ ਦਾ।

# ਕਾਵਿ-ਜੁਗਤਾਂ ਦਾ ਧਨੀ - ਬਾਬੂ ਰਜਬ ਅਲੀ ਖਾਨ



ਜਗਦੇਵ ਸਿੱਧੂ
403 351 1136






ਸਿਰਮੌਰ ਕਵੀਸ਼ਰ ਬਾਬੂ ਰਜਬ ਅਲੀ ਖਾਨ ਕਮਾਲ ਦਾ ਕਿੱਸਾਕਾਰ ਵੀ ਸੀ। ਉਸ ਨੇ ਅਨੇਕਾਂ ਕਿੱਸੇ, ਪ੍ਰਸੰਗ ਅਤੇ ਫੁਟਕਲ ਵਿਸ਼ਿਆਂ ਬਾਰੇ ਸੈਂਕੜੇ ਛੰਦਾਂ ਦੀ ਰਚਨਾ ਕੀਤੀ। ਉਸ ਨੂੰ ਪੰਜਾਬੀ, ਫ਼ਾਰਸੀ, ਉਰਦੂ, ਹਿੰਦੀ ਅਤੇ ਅੰਗ੍ਰੇਜ਼ੀ ਭਾਸ਼ਾਵਾਂ ਦਾ ਗਿਆਨ ਸੀ, ਨਾ਼ਲ ਹੀ ਸਿਵਿਲ ਇੰਜੀਨੀਅਰਿੰਗ ਦਾ ਡਿਪਲੋਮਾ ਵੀ ਸੀ ਜਿਸ ਕਰ ਕੇ ਉਸ ਕੋ਼ਲ ਸ਼ਬਦਾਂ ਦਾ ਅਥਾਹ ਭੰਡਾਰ ਸੀ। ਉਸ ਨੂੰ ਕਿਸੇ ਵੀ ਵਿਸ਼ੇ ਦੀ ਪਕੜ ਲਈ ਹਰ ਤਰ੍ਹਾਂ ਦੀ ਸਮਝ ਸੀ। ਉਪਰੋਂ ਪਿੰਗਲ ਦਾ ਗਿਆਨ ਸੋਨੇ 'ਤੇ ਸੁਹਾਗਾ ਸੀ। ਰੱਜਿਆ-ਪੁੱਜਿਆ ਖਾਨਦਾਨ, ਦਾਨਿਸ਼ਵਰਾਂ ਦੀ ਸੰਗਤ, ਖੁੱਲ੍ਹਾ ਪੇਂਡੂ ਮਾਹੌਲ, ਖੁੱਲ੍ਹੀਆਂ ਰੋਹੀਆਂ ਦੀਆਂ ਜੂਹਾਂ, ਨਿਰਮਲ ਸਵੱਛ ਨੀਰ ਦੀਆਂ ਵਗਦੀਆਂ ਨਹਿਰਾਂ, ਸੂਏ, ਕੱਸੀਆਂ, ਇਨ੍ਹਾਂ ਦੇ ਦੋਵੀਂ ਪਾਸੀਂ ਪਟੜੀਆਂ ਲਵੇ ਛਾਂ ਦਾਰ ਨਿੰਮ, ਟਾਹਲੀਆਂ, ਕਿੱਕਰਾਂ, ਬੇਰੀਆਂ ਵਰਗੇ ਦਰਖਤਾਂ ਦੀਆਂ ਸੰਘਣੀਆਂ ਛਾਵਾਂ, ਸਰ ਸਰ ਕਰਦੀ ਰੁਮਕਦੀ ਪੱਛੋਂ ਦੀ ਪੌਣ, ਵਰ੍ਹਦੇ ਬੱਦ਼ਲਾਂ ਦੀ ਘਨਘੋਰ, ਚਹਿਕਦੇ ਪੰਛੀਆਂ ਦੇ ਮਿੱਠੇ ਬੋਲ, ਰੋਹੀਆਂ ਵਿੱਚ ਹਵਾਂਕਦੇ ਜਾਨਵਰਾਂ ਦੀਆਂ ਹੂਕਾਂ ਅਤੇ ਸਾਦ-ਮੁਰਾਦੇ ਲੋਕਾਂ ਦਾ ਪਿਆਰ-ਸਤਿਕਾਰ - ਇਹ ਸਭ ਕੁੱਝ ਬਾਬੂ ਜੀ ਦੇ ਵਿਰਸੇ ਦਾ ਸਰਮਾਇਆ ਸਨ। ਰੋਅਬਦਾਰ ਸਰਕਾਰੀ ਨੌਕਰੀ, ਸਵਾਰੀ ਲਈ ਘੋੜੀ, ਭਜਾਉਣ ਲਈ ਨਹਿਰੀ ਪਟੜੀਆਂ, ਪਹਿਨਣ ਲਈ ਟੌਰੇ ਵਾ਼ਲੀ ਚਿੱਟੀ ਰਾਜਪੂਤੀ ਪੱਗ, ਚਿੱਟਾ ਚਾਦਰਾ, ਦੇਸੀ ਕੁਰਮ ਦੀ ਜੁੱਤੀ, ਫੁਰਤੀਲਾ ਸਰੀਰ, ਚੁਸਤ ਦਿਮਾਗ, ਚਮਕਦਾ ਚਿਹਰਾ ਬਾਬੂ ਜੀ ਨੂੰ ਕਿਸੇ ਸ਼ਹਿਜ਼ਾਦੇ ਦਾ ਰੁਤਬਾ ਦਿੰਦੇ ਜਾਪਦੇ ਸਨ। ਏਨਾ ਕੁੱਝ ਪੱਲੇ ਹੋਵੇ, ਸ਼ੌਕ ਦੀ ਖੁਮਾਰੀ ਹੋਵੇ ਤਾਂ ਸ਼ਾਇਰੀ, ਕਿੱਸਾਕਾਰੀ ਤੇ ਕਵੀਸ਼ਰੀ ਨੂੰ ਹੋਰ ਕਾਸੇ ਦੀ ਲੋੜ ਨਹੀਂ ਰਹਿੰਦੀ। ਸ਼ਾਇਰੀ ਤਾਂ ਬਾਬੂ ਜੀ ਦੇ ਅੰਦਰੋਂ ਆਪਮੁਹਾਰੇ ਏਨੇ ਜ਼ੋਰ ਦੀ ਬਾਹਰ ਆਉਂਦੀ ਜਿਵੇਂ ਮੋਘੇ ਵਿੱਚੋਂ ਪਾਣੀ ਜ਼ੋਰਸਵਾਇਆ ਦ਼ਲ਼ਲ-ਦ਼ਲ਼ਲ ਵਗਦਾ ਹੈ। ਉਸ ਦੇ ਲਾਏ ਮੋਘਿਆਂ ਦੇ ਪਾਣੀ ਦੀ ਧਾਰ ਵੇਖ ਕੇ ਬਾਬੂ ਜੀ ਨੂੰ ਤਾਂ ਨਸ਼ਾ ਚੜ੍ਹਨਾ ਹੀ ਸੀ, ਖੇਤਾਂ ਵਿੱਚ ਫਸਲਾਂ ਲਹਿਰਾਉਣ ਲੱਗਦੀਆਂ, ਜੱਟਾਂ ਦੇ ਚਿਹਰਿਆਂ 'ਤੇ ਲਾਲੀਆਂ ਨੱਚਣ ਲਗਦੀਆਂ ਅਤੇ ਸੁਆਣੀਆਂ ਨੂੰ ਚਾਅ ਚੜ੍ਹ ਜਾਂਦੇ ਸਨ।

ਰਜਬ ਅਲੀ ਨੇ ਪਿੰਗਲ ਦੀ ਬੰਦਸ਼ ਵਿੱਚ ਅਨੇਕਾਂ ਤਰਜ਼ਾਂ, ਬਹਿਰਾਂ ਦੇ ਛੰਦਾਂ ਦੀ ਰਚਨਾ ਤਾਂ ਕੀਤੀ ਹੀ, ਦੋ ਨਵੇਂ ਛੰਦ - ਬਾਬੂ ਚਾਲ ਛੰਦ ਅਤੇ ਬਹੱਤਰ ਕਲਾ ਛੰਦ ਪਿੰਗਲ ਤੋਂ ਬਾਹਰ ਨਿਰੋਲ ਆਪਣੀ ਪਛਾਣ ਦੇ ਰਚ ਧਰੇ ਜੋ ਉਸ ਨੂੰ ਬਾਕੀ ਕਿੱਸਾਕਾਰਾਂ ਅਤੇ ਕਵੀਸ਼ਰਾਂ ਤੋਂ ਇਸ ਪੱਖੋਂ ਉਪਰਲਾ ਦਰਜਾ ਦਿਵਾਉਂਦੇ ਹਨ। ਰਜਬ ਅਲੀ ਪੜ੍ਹੇ-ਪੜ੍ਹਾਏ ਜਾਂ ਸੁਣੇ-ਸੁਣਾਏ ਕਿੱਸਿਆਂ ਦਾ ਰਚਣਹਾਰ ਵੀ ਸੀ ਅਤੇ ਨਵੀਆਂ ਵੰਨਗੀਆ, ਨਵੀਆਂ ਤਰਜ਼ਾਂ ਅਤੇ ਨਵੇਂ ਫੁਟਕਲ ਵਿਸ਼ਿਆਂ 'ਤੇ ਰਚਨਾ ਕਰਨ ਵਾ਼ਲਾ ਖ਼ੁਦ-ਸਿਰਜਣਹਾਰ ਵੀ ਸੀ। ਉਸ ਦਾ ਕਹਿਣ ਦਾ ਲਹਿਜਾ, ਅੰਦਾਜ਼ ਅਤੇ ਮੁਹਾਵਰਾ ਨਿਰੋਲ ਆਪਣਾ ਸੀ। ਉਹ ਜਦੋਂ ਛੰਦ ਰਚਨਾ ਕਰਦਾ ਤਾਂ ਲੋੜੀਂਦੇ ਸ਼ਬਦ ਆਪਮੁਹਾਰੇ ਤਰਤੀਬ ਵਿੱਚ ਆ ਉਤਰਦੇ ਰਹਿੰਦੇ। ਉਸ ਨੇ ਔਖੇ ਛੰਦਾਂ ਦੀ ਰਚਨਾ ਵੀ ਕੀਤੀ, ਲੰਮੇਂ ਛੰਦ ਵੀ ਰਚੇ ਪਰ ਕਾਫ਼ੀਆ ਜਾਂ ਤੁਕਾਂਤ ਮੇਲਣ ਵੇ਼ਲੇ ਪਤਾ ਨਹੀਂ ਏਨੇ ਸ਼ਬਦ ਉਸ ਨੂੰ ਕਿੱਥੋਂ ਅਹੁੜਦੇ ਸਨ। ਇਸ ਮੰਤਵ ਲਈ ਲੋੜ ਪੈਂਦੀ ਤਾਂ ਸ਼ਬਦਾਂ ਨੂੰ ਸੋਧ ਜਾਂ ਘੜ ਲੈਂਦਾ ਸੀ, ਠੀਕ ਇਵੇਂ ਜਿਵੇਂ ਮਾਹਿਰ ਮਿਸਤਰੀ ਆ਼ਲੇ ਜਾ਼ਲੀਆਂ ਬਨਾਉਣ ਸਮੇਂ ਇੱਟਾਂ ਨੂੰ ਘੜ-ਸੰਵਾਰ ਕੇ ਚਿਣਦਾ ਹੈ। ਇੱਥੋਂ ਤੱਕ ਕਿ ਆਪਣੇ ਨਾਂ ਨਾਲ ਵੀ ਕਾਰੀਗਰੀ ਕਰ ਜਾਂਦਾ ਜਿਵੇਂ ਰਜਬ ਅਲੀ, ਰਜਬਲੀ, ਬਾਬੂ, ਬਾਬੂ ਜੀ। ਸਰਸਵਤੀ ਉਸ ਦੀ ਜ਼ਬਾਨ 'ਤੇ ਵੀ ਸੀ, ਕਲਮ ਦੀ ਨੋਕ 'ਤੇ ਵੀ ਬਿਰਾਜਮਾਨ ਸੀ। ਬਾਬੂ ਜੀ ਦੀ ਸ਼ਾਇਰੀ ਜਾਂ ਕਾਵਿ-ਜੁਗਤ ਬਾਕੀ ਕਿੱਸਾਕਾਰਾਂ ਨਾ਼ਲ ਮਿਲਦੀ ਵੀ ਸੀ ਅਤੇ ਵੱਖਰੀ ਵੀ ਸੀ। ਉਸ ਨੇ ਮੰਨਿਆਂ ਹੈ ਕਿ ''ਝੂਠ ਬੋਲਦੇ ਬੋਲਦੇ ਸੱਚ ਥੋੜ੍ਹਾ - ਠੇਕੇਦਾਰ, ਵਕੀਲ ਤੇ ਸ਼ਾਇਰ ਤਿੰਨੇ''। ਇਹ ਸੱਚ ਹੈ ਪਰ ਉਸ ਦੀ ਰਚਨਾ ਵਿਚ ਇਸ ਵਰਤਾਰੇ ਨੂੰ ਝੂਠ ਨਹੀਂ ਕਹਿ ਸਕਦੇ, ਹਾਂ ਅਤਿਕਥਨੀ ਜ਼ਰੂਰ ਕਹਾਂਗੇ ਜੋ ਸ਼ਾਇਰੀ ਵਿੱਚ ਗੁਣ ਅਤੇ ਗਹਿਣੇ ਦਾ ਰੁਤਬਾ ਰੱਖਦੀ ਹੈ। ਕਿਸੇ ਘਟਨਾ ਜਾਂ ਦ੍ਰਿਸ਼ ਨੂੰ ਸਾਕਾਰ ਕਰਨ, ਵਿਸਥਾਰ ਦੇਣ, ਜ਼ੋਰਦਾਰ ਬਨਾਉਣ, ਸਰੋਤਿਆਂ ਦਾ ਮਨ ਪਰਚਾਉਣ ਅਤੇ ਆਪਣਾ ਗਿਆਨ ਦਰਸਾਉਣ ਲਈ ਇਹ ਚੰਗਾ ਵਸੀਲਾ ਹੁੰਦਾ ਹੈ। ਸੰਮਣ ਮੂਸਣ ਦੇ ਪ੍ਰਸੰਗ ਵਿੱਚ ਚੁਗਲਖੋਰ ਦੀਆਂ ਚੁਗਲੀਆਂ ਸ਼ਾਇਰ ਦੇ ਦਿਮਾਗ ਦੀ ਕਾਢ ਹੈ -

ਝੋ਼ਲੀ ਬਣੇ ਟੁੱਟੇ ਮੰਜੇ,
ਦੋ ਕੁੱਕੜ ਸਿਰੋਂ ਗੰਜੇ,
ਭੁੱਖੇ ਕੁੱਤੇ ਮਾਰਨ ਪੰਜੇ,
ਹੌਕੇ ਲੈਣ ਬਿੱਲੀਆਂ।

ਕਿਉਂਕਿ ਅੰਦਰ ਹਨੇਰਾ, ਚੰਮਗਿੱਦੜਾਂ ਦਾ ਡੇਰਾ,
ਘਰੇ ਭੇਡ ਦਾ ਲਵੇਰਾ ਤੇ ਮੱਖਣ ਕਾਰੀਐ।
ਐਹੋ ਜੀ ਸੰਮਣ ਦੀ ਕਬੀਲਦਾਰੀ ਐ।

ਕਿੱਸਾ 'ਬਰਾਟ ਪਰਵ' ਵਿੱਚ ਬਰਾਟ ਰਾਜੇ ਦਾ ਪਹਿਲਵਾਨ ਮੇਘ ਮੱਲ ਅਤਿਕਥਨੀਆਂ ਦੀ ਹੱਦ ਟੱਪ ਜਾਂਦਾ ਹੈ - 'ਰੋਮ, ਸ਼ਾਮ, ਅਰਬ, ਇਰਾਨ, ਇਟਲੀ, ਤੇ ਹੰਗਰੀ ਰੋਮਾਨੀਆਂ।
ਜਰਮਨੀ, ਫਰਾਂਸ ਨੇ ਲੰਗੋਟੀ ਸਿੱਟਲੀ, ਕੀ ਚਪੇੜਾਂ ਖਾਣੀਆਂ।
ਰੂਸ ਦੇ ਘਲੌਟੇ ਖਾੜੇ 'ਚੋਂ ਦਵੱਲਦੇ, ਨਾ ਜ਼ਬਾਨੋਂ ਬਿਰਕੇ।
ਢਾਏ ਵੇ ਪਹਿਲਵਾਨ ਮੇਘ ਮੱਲ ਦੇ, ਮੁਲਕ ਸਾਰੇ ਫਿਰ ਕੇ।'

ਇਹ ਇਸ ਲਈ ਵੀ ਜ਼ਰੂਰੀ ਸੀ ਕਿ ਉਸ ਪਹਿਲਵਾਨ ਨੂੰ ਏਡਾ ਤਕੜਾ ਵਿਖਾਇਆ ਜਾਵੇ ਜਿਸ ਨੂੰ ਭੀਮ ਸੈਨ ਨੇ ਚਿੱਤ ਕਰਨਾ ਸੀ। ਭੀਮ ਦਾ ਟਾਕਰਾ ਭਲਾ ਕਿਸੇ ਮਾੜੇ-ਧੀੜੇ ਭਲਵਾਨ ਨਾ਼ਲ ਥੋੜ੍ਹਾ ਈ ਹੋ ਸਕਦਾ ਸੀ। ਸੋ ਇਹ ਮੌਕੇ ਦੀ ਲੋੜ ਸੀ। ਦਹੂਦ ਦੇ ਕਿੱਸੇ ਵਿੱਚ ਮਾਲਣ ਪੀਰ ਦੇ ਕਹਿਰ ਤੋਂ ਘਬਰਾਈ ਹੋਈ ਜੋ ਚਾਗਰਾਂ ਮਾਰਦੀ ਹੈ, ਉਹ ਬਾਬੂ ਜੀ ਦੇ ਸ਼ਬਦ-ਭੰਡਾਰ ਦਾ ਗਿਆਨ ਹੀ ਹੈ -

'ਪੇਠੇ, ਭਿੰਡੀਆਂ, ਕਰੇਲੇ, ਟਿੰਡੇ,
ਘੀਆ ਤੋਰੀਆਂ, ਸਲਾਦ, ਚਚਿੰਡੇ,
ਕੱਦੂ ਫਿਰਦੇ ਖੇਤਾਂ ਵਿਚ ਖਿੰਡੇ,
ਟੁੱਟੇ ਨਰਮ ਅੱਲਾਂ ਦੇ ਗਾਟੇ ਪਏ।
ਮਣ-ਮਣ ਦੇ ਮਤੀਰੇ ਪਾਟੇ ਪਏ।
ਮੂਲ਼ੀ, ਗਾਜਰ, ਸ਼ਲਗਮ, ਮੋਏ,
ਕੁੱਲ ਵੈਂਗਣ ਭੁੜਥਾ ਹੋਏ,
ਕਿੱਥੋਂ ਲੈ ਜੂ ਡਾ਼ਲੀਆਂ ਢੋਏ,
ਗੁਲਜ਼ਾਰ ਫ਼ਨਾਹ ਕੁੱਲ ਕਰਿਆ ਵੇ,
ਬਾਵਾ ਕਰਾਮਾਤ ਦਾ ਭਰਿਆ ਵੇ।

(ਕਮਾਣੀ ਤਰਜ਼)। ਮਿਸਰ ਵਿੱਚ ਇਹ ਸਬਜ਼ੀਆਂ ਕਿੰਨੀਆਂ ਕੁ ਹੁੰਦੀਆਂ ਹਨ, ਇਹ ਵੱਖਰੀ ਗੱਲ ਹੈ ਪਰ ਸਰੋਤਿਆਂ ਨੂੰ ਅਸ਼ ਅਸ਼ ਕਰਨ ਲਈ ਕਾਫ਼ੀ ਹੈ। ਸ਼ਾਇਰ ਜੋ ਆਪਣੇ ਗਰਾਂ ਬਾਰੇ ਕਹਿੰਦਾ ਹੈ ਇਹ ਵੀ ਅਤਿਕਥਨੀ ਦੀ ਮਿਸਾਲ ਹੈ ਪਰ ਇਸ ਨੂੰ ਉਪਮਾ ਦੇ ਤੌਰ 'ਤੇ ਲਿਆ ਜਾ ਸਕਦਾ ਹੈ, ਨਾ਼ਲੇ ਏਨਾ ਕੁ ਤਾਂ ਚਲਦਾ ਹੈ -

'ਪਾਇਆ ਅੰਮ੍ਰਿਤ ਖੂਹੇ ਮੇਂ, ਸਾਹੋ ਦੀ
ਖ਼ਾਕ ਖੰਡ ਦੀਆਂ ਡ਼ਲੀਆਂ।
ਮੇਰੀ ਸਾਹੋ ਨਗਰੀ ਜੀ ਇੰਦਰ ਦੀ
ਇੰਦਰਾਪੁਰੀ ਤੋਂ ਸੋਹਣੀ।'

ਪੰਡਿਤ ਲਾਲ ਚੰਦ ਇਸ ਜੁਗਤ ਨੂੰ ਵਰਤ ਕੇ ਬੜੇ ਖ਼ੂਬਸੂਰਤ ਸ਼ਬਦਾਂ ਵਿੱਚ ਆਪਣੇ ਆਪ 'ਤੇ ਮਿੱਠੀ ਟਕੋਰ ਕਰ ਜਾਂਦਾ ਹੈ - 'ਕੋਈ ਵਿਆਹੀਆਂ, ਕੰਵਾਰੀਆਂ ਹੈਣ ਵਿੱਚੇ, ਕੋਈ ਜਮਾਂ ਸਿ?ਨੇ ਰੰਗੀਆਂ ਜੀ। \ ਲਾਲ ਚੰਦ ਵਜਾਏ ਕੇ ਬੀਨ ਤੁਰ ਗਿਆ ਛੰਦ ਜੋੜੇ ਕਵੀਸ਼ਰਾਂ ਢੰਗੀਆਂ ਜੀ'। (ਬੈਂਤ, ਕਿੱਸਾ ਹਰਫੂਲ)।

ਜਿੱਥੇ ਕਿਤੇ ਸੂਤ ਲਗਦਾ, ਕਿਸੇ ਛੰਦ ਦੇ ਪਿਛਲੇ ਬੰਦ ਵਿੱਚ ਆਪਣਾ ਜਾਂ ਨਾ਼ਲ ਦੇ ਗਮੰਤਰੀਆਂ ਦਾ ਜਾਂ ਚੇਲਿਆਂ ਦਾ ਨਾਂ ਪਾਉਣਾ ਕਵੀਸ਼ਰੀ ਦੀ ਪ੍ਰੰਪਰਾ ਹੈ। ਰਜਬ ਅਲੀ ਤਾਂ ਇਸ ਬਹਾਨੇ ਆਪਣਾ ਅਤਾ-ਪਤਾ ਵੀ ਦੱਸ ਜਾਂਦਾ ਹੈ। ਇਹ ਵੀ ਕਵੀਸ਼ਰੀ ਦੀ ਜੁਗਤ ਹੈ। ਸ਼ਹੀਦ-ਏ-ਆਜ਼ਮ ਭਗਤ ਸਿੰਘ ਬਾਰੇ ਲਿਖੇ ਇੱਕ ਛੰਦ ਦਾ ਆਖਰੀ ਬੰਦ ਇਉਂ ਹੈ -

'ਜਿੱਥੇ ਖਾੜੇ ਲਗਦੇ ਸੀ, ਬਾਬੂ ਨਾ
ਭੁੱਲਣ ਰਤਨ ਦੀਆਂ ਦੈੜਾਂ।
ਲੋਕ ਸ਼ਹਿਰ ਬਠਿੰਡੇ ਦੇ, ਹੋਣਗੇ
ਲੱਭਦੇ ਬੱਕੀ ਦੀਆਂ ਪੈੜਾਂ।

ਜੰਘੀਰਾਣੇਂ, ਤਿਉਣੇਂ ਦੇ, ਬਾਜਕੋਂ, ਝੁੰਬਿ?', ਚੁੱਘੇ, ਚੱਕ ਰਾਮ ਕੇ।
ਉੱਘਾ ਕਰਤਾ ਮਾਪਿਆਂ ਨੂੰ, ਵੀਰ ਮਾਂ ਹਿੰਦ ਨੂੰ ਅਜ਼ਾਦ ਕਰਾ ਕੇ। (ਦੋਤਾਰਾ ਛੰਦ)।

ਇੱਕ ਹੋਰ ਥਾਂ - ' ਰਜਬਲੀ ਨਕਲਾਂ ਅਨੇਕਾਂ ਕਰਗੇ। ਛੰਦ ਗਾਉਂਦੇ ਠਾਣੇ ਜਗਮੇਲ ਵਰਗੇ। (ਧਿਆਨਯੋਗ ਹੈ ਕਿ ਬਾਬੂ ਜੀ ਨੇ ਆਪਣਾ ਨਾਂ ਛੋਟਾ ਕਰ ਕੇ ਵਜ਼ਨ ਪੂਰਾ ਕਰ ਲਿਆ ਹੈ)। ਕਿੱਸਾ ਨੱਲ-ਦਮਯੰਤੀ ਦੇ ਇੱਕ ਛੰਦ ਦੇ ਅਖੀਰ 'ਤੇ ਵੀ ਇਹੋ ਜੁਗਤ ਕੰਮ ਆਈ ਹੈ - 'ਰਜਬਲੀ ਕਵਿਤਾ ਬਣੌਂਦਾ ਰੀਝ ਦੀ। ਤਿੱਕੜੀ ਸੀ ਫੱਤੇ, ਭਗਤੂ, ਅਜ਼ੀਜ਼ ਦੀ। ਤਿੰਨੇ ਬੰਨ੍ਹ ਦਿੰਦੇ ਸੀ ਘੁਕਾਟ ਛੰਦਾਂ ਦੇ। ਰਾਣੀ ਕੋ਼ਲੇ ਰਹਿਣ ਲੱਗ ਗੀ ਸੁਨੰਦਾ ਦੇ। ਇਹ ਵਿਧੀ ਦੂਜੇ ਕਵੀਸ਼ਰ ਵੀ ਬੜੇ ਹੁਨਰ ਨਾ਼ਲ ਵਰਤਦੇ ਰਹੇ ਹਨ। ਪੰਡਿਤ ਕੇਸ਼ਾ ਨੰਦ ਆਪਣੇ ਚੇਲੇ ਗਮੰਤਰੀਆਂ ਪਰਮਾਨੰਦ ਅਤੇ ਰੂਪ ਦੀ ਆਵਾਜ਼ ਦਾ ਕਾਇਲ ਸੀ - 'ਮੇਰੇ ਪਾਸ ਰੋਗੀਆ ਬਿਮਾਰੀ ਫੋਲਦੇ। ਰੂਪ ਤੇਰੇ ਬੋਲ 'ਤੇ ਪੰਖੇਰੂ ਡੋਲਦੇ।' 'ਕੇਸ਼ਾ ਨੰਦ ਨੂੰ ਛੰਦ ਬਨਾਉਣ ਦੀ ਐ, ਪਰਮਾ ਨਾ਼ਲ ਪ੍ਰੇਮ ਦੇ ਗਾਉਣ ਵਾ਼ਲਾ।' ਤਕਰੀਬਨ ਸਾਰੇ ਕਿੱਸਾਕਾਰਾਂ ਵਾਂਗ ਬਾਬੂ ਜੀ ਦੀ ਰਚਨਾ ਵਿੱਚ ਵੀ ਸ਼ਿੰਗਾਰ ਰਸ ਮਿਲਦਾ ਹੈ ਪਰ ਉਸ ਦੇ ਆਪਣੇ ਅੰਦਾਜ਼ ਵਿੱਚ। ਆਮ ਤੌਰ 'ਤੇ ਵੇਖਿਆ ਗਿਆ ਹੈ ਕਿ ਕਿਸੇ ਮੁਟਿਆਰ ਦੀ ਸੁੰਦਰਤਾ ਦਾ ਵਰਨਣ ਕਰਨ ਲੱਗਿਆਂ ਬਹੁਤਿਆਂ ਨੇ ਰੀਸ ਹੀ ਕੀਤੀ ਹੈ, ਇੱਕੋ ਉਪਮਾਵਾਂ ਦੀ ਵਰਤੋਂ ਕੀਤੀ ਹੈ। ਬਾਬੂ ਜੀ ਦੀਆਂ ਉਪਮਾਵਾਂ ਕੁਛ ਨਿਰਾਲੀਆਂ ਹਨ। ਇਸ ਦਾ ਕਾਰਨ ਸ਼ਾਇਦ ਇਹ ਹੈ ਜੋ ਬਾਬੂ ਜੀ ਆਪ ਦੱਸਦੇ ਹਨ -''ਮੈਂ ਜਦ ਵੀ ਕਿਸੇ ਕਿੱਸੇ ਵਿੱਚ ਕਿਸੇ ਨਾਇਕਾ ਦੀ ਸੁੰਦਰਤਾ ਦਾ ਵਰਨਣ ਕਰਨ ਲਈ ਸ਼ਿੰਗਾਰ ਰਸ ਭਰਨਾ ਹੁੰਦਾ ਸੀ ਤਾਂ ਮੈਂ ਆਪਣੀ ਬੇਗਮ ਦੌਲਤਾਂ ਬੀਬੀ ਦੇ ਹੁਸਨ ਦੀ ਵਿਆਖਿਆ ਕਰ ਦਿੰਦਾ ਸਾਂ'। ਇਹ ਦੌਲਤਾਂ ਬੀਬੀ ਰਜਬ ਅਲੀ ਦੀ ਪਹਿਲੀ ਬੇਗਮ ਭਾਗੋ ਦੀ ਛੋਟੀ ਭੈਣ ਅਤੇ ਉਸ ਦੀ ਚੌਥੀ ਬੇਗਮ ਸੀ। ਕਹਿੰਦੇ ਸਨ ਕਿ ਦੌਲਤਾਂ ਬੇਗਮ ਹੁਸਨ ਦੀ ਹੂਰਾਂ ਪਰੀ ਸੀ। (ਬਾਬੂ ਜੀ ਦੀ ਦੂਜੀ ਬੇਗਮ ਫ਼ਾਤਿਆ ਅਤੇ ਤੀਜੀ ਰਹਿਮਤ ਬੀਬੀ ਸੀ। ਚੌਥੇ ਨਿਕਾਹ ਤੱਕ ਪਹਿਲੀਆਂ ਤਿੰਨੇ ਫ਼ੌਤ ਹੋ ਚੁੱਕੀਆਂ ਸਨ)।ਬਰਾਟ ਪਰਵ ਵਿੱਚ ਦਰੋਪਤੀ ਜਦੋਂ ਸੁਰੰਦਰੀ ਨੈਣ ਦੇ ਭੇਸ ਵਿੱਚ ਰਾਣੀ ਸੁਦੇਸਨਾ ਪਾਸ ਬਾਂਦੀ ਬਨਣ ਲਈ ਅਰਜ਼ ਕਰਦੀ ਹੈ ਤਾਂ ਉਸ ਦਾ ਰੰਗ ਰੂਪ ਵੇਖ ਕੇ ਰਾਣੀ ਉਸ ਦੀ ਉਪਮਾ ਲਈ ਇਹ ਅਲੰਕਾਰ ਵਰਤਦੀ ਹੈ -

'ਗੁੰਦਮਾਂ ਬਦਨ, ਚੱਕਮਾਂ ਜਿਆ ਨੱਕ ਨੀਂ, ਧੌਣ ਚਿੱਟੀ ਬੋਤਲੇ, ਤੇ ਕਪੋਲ ਰੱਤੇ ਨੀ।
ਚੀਤੇ ਵਾਂਗੂੰ ਪਤਲਾ ਮੁੱਠੀ ਕੁ ਲੱਕ ਨੀ, ਤੂੰ ਵਛੇਰੀ ਕੋਤਲੇ, ਮਾਰੇਂਗੀ ਦੁਲੱਤੇ ਨੀਂ।
ਆ ਗੀ ਜਦੋਂ ਹੋਸ਼ ਤੂੰ ਕਰੇਂਗੀ ਹੱਦ ਨੀਂ, ਲਾ ਸ਼ਿੰਗਾਰ ਤਾਜ਼ੇ ਨੂੰ, ਨਵੇਂ ਪਾ ਕੇ ਗਹਿਣੇ ਨੀਂ।
ਤੇਰਾ ਰੂਪ ਮਹਾਰਾਣੀਆਂ ਤੋਂ ਵੱਧ ਨੀਂ, ਪੱਟ ਦੇਂਗੀ ਰਾਜੇ ਨੂੰ, ਨਖ਼ਰੇਲੇ ਨੈਣੇਂ ਨੀਂ। (ਬਾਬੂ ਚਾਲ ਛੰਦ)।

ਕੁੱਝ ਇਸੇ ਤਰ੍ਹਾਂ ਦਾ ਜਵਾਬ ਚੰਦੀ ਮਹਿਰੀ ਨੇ ਕੌਲਾਂ ਸ਼ਾਹਣੀ ਨੂੰ ਭੱਠੀ 'ਤੇ ਰੱਖਣ ਤੋਂ ਪਹਿਲਾਂ ਦਿੱਤਾ ਸੀ - 'ਟੁੱਕ ਦੇ ਕੇ ਕਿਉਂ ਆਪ ਦਾ ਟੁੱਕ ਮਾਰਾਂ , ਮੇਰੇ ਦਿਉਰ ਤੇਰੇ ਮਗਰ ਪੈਣ ਕੌਲਾਂ'। (ਪੰਡਿਤ ਲਾਲ ਚੰਦ)। ਬਾਬੂ ਜੀ ਨੇ ਕਿੱਸਾ ਦਹੂਦ ਵਿੱਚ ਬੇਗਮ ਦੀ ਸੁੰਦਰਤਾ ਬਿਆਨ ਕਰਨ ਲਈ ਇਹ ਉਪਮਾਵਾਂ ਵਰਤੀਆਂ ਹਨ - ਕੰਨ ਸਿੱਪੀਆਂ, ਜੀਭ ਸ਼ਹਿਤੂਤ ਜੈਸੀ, ਧੌਣ ਕੂੰਜ ਦੀ, ਹੇਕ ਕੋਇਲ ਦੀ, ਮੱਥਾ ਚੰਦ ਪਰਕਾਰ ਤੇ ਸੇਬ ਠੋਡੀ, ਧਨੁਸ਼ ਵਰਗੀ ਸਹੇਲੀ, ਮਿਰਗ ਨੈਣੀ, ਛਾਤੀ ਤਖਤ ਲੰਕੇਸ਼ ਦਾ ਕੰਵਲ ਨਾਭੀ, ਤਿੱਖੀ ਲੱਕ ਦੀ ਧਾਰ ਤਲਵਾਰ ਵਰਗੀ, ਚਾਲ ਹੰਸ ਵਰਗੀ ਆਦਿ। ਕਿੱਸਾ ਨੱਲ ਦਮਯੰਤੀ ਵਿਚ ਦਮਯੰਤੀ ਦੇ ਰੂਪ ਦਾ ਵਰਨਣ ਇਉਂ ਕੀਤਾ ਹੈ -

'ਦੋਵੇਂ ਬੁੱਲ੍ਹ ਪਤਲੇ ਗੁਲਾਬੀ ਰੰਗ ਦੇ,
ਲੰਮੀ ਧੌਣ ਨਾ਼ਲ ਰ਼ਲਗੀ ਕਲੰਗ ਦੇ।
ਲੈਣ ਸਟਰੇਟ (ਸਿੱਧੀ ਸਤਰ)
ਚਿੱਟੇ-ਚਿੱਟੇ ਦੰਦਾਂ ਦੇ।

ਨੇਤਰ ਕੰਵਲ ਵਰਗੇ ਰਕਾਨ ਦੇ, ਟੇਢੀ ਸੇਹਲ ਧਨੁਸ਼ ਬਬਰ ਬਾਹਨ ਦੇ।
ਠੋਡੀ ਸੇਬ ਮੇਮਾਂ ਵਰਗੇ ਕਪੋਲ ਜੇ, ਤਿੱਖਾ ਨੱਕ ਨਾਸਕਾਂ ਸੁਰਾਖ ਗੋ਼ਲ ਜੇ।'

ਇਸ ਤੋਂ ਉਲਟ ਕੁਹਜ ਨੂੰ ਬਿਆਨਣ ਦਾ ਬਾਬੂ ਜੀ ਦਾ ਆਪਣਾ ਹੀ ਅੰਦਾਜ਼ ਹੈ, ਜਿਵੇਂ - 'ਨੱਕ ਮਿੱਡਾ ਦੰਦ ਬੋੜੇ, ਤਿੰਨ ਚਾਰ ਮੂੰਹ 'ਤੇ ਫੋੜੇ, ਦਾਗ ਮਾਤਾ ਦੇ ਵੀ ਥੋਹੜੇ, ਹੋਣੇ ਨਾ ਵਜੂਦ 'ਤੇ। - - ਮੋਟੇ ਬੁੱਲ੍ਹ ਸਿਰੋਂ ਗੰਜਾ, ਥੁੱਕ ਕੇ ਲਬੇੜਿਆ ਮੰਜਾ, ਜਾਣੀ ਮਾਰ ਪੰਜਾ, ਭੰਨ ਦਿਆਂ ਬੁਥਾੜਾ ਬੇਗਮੇਂ। \ ਨਜ਼ਰਾਂ ਲੱਗਣ ਸੋਹਣਾ ਲਾੜਾ ਬੇਗਮੇਂ'। (ਮਨੋਹਰ ਛੰਦ, ਦਹੂਦ)। ਇੱਕ ਹੋਰ ਮਿਸਾਲ ਇਹ ਵੀ ਹੈ -'ਚੌਥੀ ਗੰਦੀਆਂ ਉ਼ਲਾਦਾਂ ਕਿੱਡੀਆਂ, ਥਣ ਟੁੱਟ ਜੇ ਨੰਗੀਆਂ ਢਿੱਡੀਆਂ, ਨਲੀਚੋਚੋ ਨਾਸਾਂ ਮਿੱਡੀਆਂ, ਗਿੱਡ ਸੰਘਣੀ ਚੂਚੀਆਂ ਅੱਖੀਆਂ ਦੀ। \ ਘਰ ਪਲਟਣ ਫਿਰਦੀ ਮੱਖੀਆਂ ਦੀ। (ਬੈਠ ਸੱਸਾਂ ਨਿੰਦਦੀਆਂ ਨੋਹਾਂ ਨੂੰ)।

ਰਜਬ ਅਲੀ ਦੀ ਇਹ ਖ਼ੂਬੀ ਸੀ ਕਿ ਕਾਫ਼ੀਆ ਜਾਂ ਤੁਕਾਂਤ ਮੇਲਣ ਅਤੇ ਬਹਿਰ-ਵਜ਼ਨ ਤੇ ਪੂਰਾ ਉਤਰਨ ਲਈ ਸ਼ਬਦਾਂ ਨੂੰ ਲੋੜ ਮੁਤਾਬਕ ਢਾ਼ਲ ਲੈਂਦਾ ਸੀ ਜਿਵੇਂ ਕਹਿਣ ਨੂੰ ਕ੍ਹੈਣ, ਰਹਿਣ ਨੂੰ ਰ੍ਹੈਣ, ਰਾਮਾਇਣ ਨੂੰ ਰਮੈਣ, ਨਾਰਾਇਣ ਨੂੰ ਨਰੈਣ, ਨਾਲਾਇਕ ਨੂੰ ਨਲੈਕ, ਆਦਿ। ਇਸੇ ਤਰ੍ਹਾਂ ਤੋਲ ਨੂੰ ਸਾਵਾਂ ਕਰਨ ਲਈ ਸ਼ਬਦਾਂ ਦੀ ਕਾਰੀਗਰੀ ਕਰ ਲੈਂਦਾ ਸੀ, ਜਿਵੇਂ ਵਾਇਸਰਾਏ ਨੂੰ ਵੈਸਰਾ ਜਾਂ ਵੈਸਰਾਇ, ਨਹੀਂ ਨੂੰ ਨ੍ਹੀਂ, ਖੰਡਿਆਤੇ ਨੂੰ ਖੰਡਾਤੇ, ਵਿੱਚ ਹੈ ਜਾਂ ਵਿੱਚ ਐ ਨੂੰ ਵਿਚੈ ਆਦਿ। ਅਸਲੋਂ ਤਾਂ ਕਵੀਸ਼ਰੀ ਵਿੱਚ ਆਮ ਤੌਰ ਤੇ ਟਕਸਾਲੀ ਭਾਸ਼ਾ ਦੀ ਬਜਾਏ ਸਥਾਨਕ ਲੋਕਾਂ ਦੇ ਮੂੰਹ ਚੜ੍ਹੇ ਸ਼ਬਦ ਜ਼ਿਆਦਾ ਵਰਤੇ ਜਾਂਦੇ ਹਨ। ਬਾਬੂ ਜੀ ਕੋ਼ਲ ਭਾਵੇਂ ਉਰਦੂ, ਫ਼ਾਰਸੀ ਅਤੇ ਹਿੰਦੀ ਦੇ ਸ਼ਬਦਾਂ ਦਾ ਖ਼ਜ਼ਾਨਾ ਸੀ, ਪਰ ਉਨ੍ਹਾਂ ਨੇ ਇਨ੍ਹਾਂ ਸ਼ਬਦਾਂ ਨੂੰ ਪੰਜਾਬੀ ਸ਼ਾਇਰੀ ਵਿੱਚ ਵਰਤਣ ਤੋਂ ਗੁਰੇਜ਼ ਰੱਖਿਆ। ਅੱਜ ਕੱਲ੍ਹ ਦੇ ਕੁੱਝ ਵਿਦਵਾਨ ਜਦੋਂ ਹਿੰਦੀ, ਸੰਸਕ੍ਰਿਤ ਅਤੇ ਅੰਗ੍ਰੇਜ਼ੀ ਦੇ ਔਖੇ ਸ਼ਬਦਾਂ ਨੂੰ ਜਾਣ ਬੁੱਝ ਕੇ ਪੰਜਾਬੀ ਵਿੱਚ ਜ਼ਬਰਦਸਤੀ ਘਸੋੜ ਰਹੇ ਹਨ ਜਾਂ ਕੁੱਝ ਗ਼ਜ਼ਲਕਾਰ ਉਰਦੂ-ਫ਼ਾਰਸੀ ਦੇ ਸ਼ਬਦਾਂ ਨੂੰ ਵਰਤ ਕੇ ਗ਼ਜ਼ਲ ਨੂੰ ਚਮਕਾਉਣ ਦਾ ਖਾਹ ਮਖਾਹ ਹੀਲਾ ਕਰਦੇ ਹਨ ਤਾਂ ਉਨ੍ਹਾਂ ਨੂੰ ਬਾਬੂ ਜੀ ਦੇ ਸ਼ਬਦ-ਭੰਡਾਰ ਵੱਲ ਵੀ ਨਿਗਾਹ ਮਾਰ ਲੈਣੀ ਕਾਰਗਰ ਰਹੇਗੀ। ਬਾਬੂ ਜੀ ਦੀ ਪੰਜਾਬੀ ਨੂੰ ਅਜਾਈਂ ਨਾ ਜਾਣ ਦੇਈਏ ਸਗੋਂ ਇਸ ਪਿਰਤ ਨੂੰ ਅੱਗੇ ਤੋਰੀਏ।

ਰਜਬ ਅਲੀ ਨੂੰ ਏਨੀ ਮੁਹਾਰਤ ਸੀ ਕਿ ਕਿੱਥੇ ਕਿਹੜਾ ਛੰਦ ਵਰਤਣਾ ਹੈ, ਕਿਹੜੀ ਘਟਨਾ ਨੂੰ ਕਿਵੇਂ ਬਿਆਨ ਕਰਨਾ ਹੈ, ਕਿਹੜਾ ਸੰਵਾਦ ਕਿਹੜੇ ਛੰਦ ਰਾਹੀਂ ਰਚਾਉਣਾ ਹੈ ਅਤੇ ਇਨ੍ਹਾਂ ਛੰਦਾਂ ਵਿੱਚ ਕਿਹੜੀ ਸ਼ਬਦਾਵਲੀ ਵਰਤਣੀ ਹੈ - ਨਰਮ, ਸਲੀਕੇ ਵਾ਼ਲੀ, ਗਰਮ, ਸਖਤ, ਉਪਦੇਸ਼ਾਤਮਿਕ, ਹਾਸਰਸੀ ਜਾਂ ਟਿੱਚਰਾਂ ਵਾ਼ਲੀ। ਉਹ ਇਨ੍ਹਾਂ ਸਭ ਜੜਤਾਂ ਦਾ ਉਸਤਾਦ ਕਾਰੀਗਰ ਸੀ। ਲੰਮੇ ਛੰਦ ਤੋਂ ਪਹਿਲਾਂ ਦੇ ਦੋਹਿਰੇ ਵਿੱਚ ਛੰਦ ਦਾ ਸਾਰ ਦੱਸ ਦਿੰਦਾ ਹੈ। ਮਨੋਹਰ ਭਵਾਨੀ ਛੰਦ ਦੇ ਸੱਤ ਬੰਦਾਂ ਵਿੱਚ ਪਾਂਡਵਾਂ ਦੇ ਬਰਾਟ ਰਾਜੇ ਕੋ਼ਲ ਭੇਸ ਬਦਲ ਕੇ ਨੌਕਰ ਲੱਗਣ ਦਾ ਵਰਨਣ ਵਿਸਥਾਰ ਸਹਿਤ ਹੈ ਪਰ ਦੋਹਿਰਾ ਇਸ ਨੂੰ ਇਉਂ ਸਮੇਟਦਾ ਹੈ - 'ਅਕਲ ਸਿਖਾਵੇ ਬਿਆਸ ਜੀ, ਸਭੀ ਵਟਾਲੋ ਨਾਮ। ਜਾ ਕੇ ਪਰਬ ਬਰਾਟ ਦੇ, ਨੌਕਰ ਬਣੋ ਤਮਾਮ'। ਜਦੋਂ ਨੀਤੀ, ਤੁਲਨਾ, ਸਥਾਨਾਂ, ਪਿੰਡਾਂ, ਸ਼ਹਿਰਾਂ, ਮੁਲਕਾਂ ਦੀਆਂ ਵਿਸ਼ੇਸ਼ਤਾਈਆਂ ਨੂੰ ਕਲਮਬੰਦ ਕਰਨਾ ਸੀ ਤਾਂ ਕਬਿੱਤ ਦੀ ਵਰਤੋਂ ਕੀਤੀ ਹੈ ਪਰ ਜਦੋਂ ਗਿਣਤੀ ਦੇ ਉਪਦੇਸ਼ਾਤਮਿਕ ਛੰਦ ਰਚਣੇ ਸਨ ਤਾਂ ਬੈਂਤ ਦੀ ਵਰਤੋਂ ਅਨੁਕੂਲ ਸੀ। ਇਨ੍ਹਾਂ ਨੂੰ ਅੱਗੇ ਪਿੱਛੇ ਜੜਨਾ ਸ਼ਾਇਰ ਦੀ ਮੁਹਾਰਤ ਹੈ, ਕਲਾ ਹੈ ਜਿਸ ਵਿੱਚ ਰਜਬ ਅਲੀ ਪ੍ਰਬੀਨ ਸੀ। ਕੁੱਝ ਉਦਾਹਰਣਾਂ -

'ਤੁੰਗਵਾ਼ਲੀ ਨਾਂਗੇ, ਫੂਸ ਮੰਡੀ ਦੇ ਕਮਾਊ ਬਾਹ਼ਲੇ, ਗਹਿਰੀ ਲੋਕ ਜ਼ਹਿਰੀ ਤੇ ਘਲੋਟੇ ਜ਼ਿਆਦਾ ਜੱਸੀ ਦੇ।''ਖੰਘ ਨੂੰ ਮੁਲੱਠੀ ਤੇ ਜਵੈਣ ਖੋਲ੍ਹੇ ਕਬਜ਼ੀ ਨੂੰ, ਰਸੌਂਤ ਗੰਦੇ ਮੈ਼ਲੇ ਤੇ ਕੁਨੈਣ ਮਾਰੇ ਤੱਪ ਨੂੰ।'

'ਸ਼ਹਿਰ ਨੀਂ ਭੰਬੋਰ ਜੈਸਾ, ਗ਼ਲ ਸੋਹਣਾ ਮੋਰ ਜੈਸਾ, ਹਾਰ ਜਾਨੀ ਚੋਰ ਜੈਸਾ, ਕਿਸੇ ਨੇ ਪਰੋਣਾ ਨੀਂ।'

'ਟੇਸ਼ਨ ਬਠਿੰਡਾ ਤੇ ਸਰਾਂ ਨਾ ਨੂਰਮਹਿਲ ਜੈਸੀ, ਤਾਲ ਤਲਵੰਡੀ ਦਾ ਸੁਹਾਵੇ ਢਾਬ ਮੱਲੇ ਦੀ।'

'ਛੇੜੂ, ਛੜਾ, ਪਾਹੜਾ, ਨਾਈ, ਡੂੰਮ, ਪਾਠੀ, ਜ਼ਿਆਦਾ ਖਾਣ ਜਹਾਨ ਤੇ ਖੰਡ ਛੀਏ।'

'ਰੂਈ, ਰੇਸ਼ਮ, ਉੱਨ ਤੇ ਸਣ, ਕਿਉੜਾ, ਨਾਰਾਂ ਲੈਣ ਸਿਆਣੀਆਂ ਕੱਤ ਪੰਜੇ।'

ਰਜਬ ਅਲੀ ਨੂੰ ਗੱਲ ਲੋਹੜੇ ਦੀ ਅਹੁੜਦੀ ਸੀ। ਕਿੱਸਾ ਸੁੱਚਾ ਸੂਰਮਾ ਵਿੱਚ ਵੀਰੋ ਸੁੱਚੇ ਨੂੰ ਮਖੌਲ ਕਰਦੀ ਹੈ ਪਰ ਬਾਬੂ ਜੀ ਇਸ ਬਹਾਨੇ ਬੰਦੂਕ ਦੀ ਬਣਤਰ ਸਮਝਾ ਗਿਆ -

'ਪਿੱਛੇ ਇਹਦੇ ਲੱਕੜੀ ਉੱਤੇ ਨੇ ਕੰਨ ਜੇ। ਸਿਰੇ ਵੱਲ ਵੇਖੀਏ ਮੱਖੀ ਜੀ ਬਣਜੇ। ਖੋਖਲਾ ਵਿਚਾ਼ਲਿਉਂ ਤਾਰ ਵਾ਼ਲਾ ਫੰਬਾ ਜਿਆ।
ਦੋਹੀਂ ਪਾਸੀਂ ਛੇਕ ਗੋ਼ਲਮੋ਼ਲ ਮੋਰੀਆਂ। ਮੋਢੇ ਲਮਕਾਵੇਂ ਵਿੱਚ ਪਾ ਕੇ ਡੋਰੀਆਂ। ਜਦੋਂ ਤੂੰ ਚਲਾਵੇਂ ਮਾਰੇ ਚੀਕ ਬੰਬਾ ਜਿਆ। ਆਹ ਕੀ ਲਿਆਂਦਾ ਛਾਉਣੀ ਮੁਲਤਾਨੋਂ ਟੰਬਾ ਜਿਆ।'

ਕਿੱਸਾ ਹਰਨਾਮ ਕੌਰ ਵਿਚ ਭਾਬੀ ਦੇ ਹਾਰ ਸ਼ਿੰਗਾਰ ਦਾ ਵਰਨਣ ਨਨਾਣ ਦੇ ਮੂੰਹੋਂ ਇਉਂ ਕਰਵਾਇਆ ਹੈ -

ਮੇਰੀ ਸ਼ਕੀਨਣ ਭਾਬੀ, ਦੋਵੇਂ ਬੁੱਲ੍ਹ
ਪਤਲੇ ਨਾਭੀ,
ਸੱਜਦੀ ਸਰਦਾਰ ਤਿੰਜਣ ਦੀ, ਛਟੀ
ਜਿਉਂ ਝੂਲੇ ਝਿੰਜਣ ਦੀ,
ਲਾਇਆਂ ਹੱਥ ਦੋਸ਼ ਲਗਦਾ, ਲਾਲ
ਜਿਉਂ ਮਸਤਕ ਦਗਦਾ,
ਮਿਰਕਣ ਦੇ ਗੋੜ੍ਹਿ?' ਗੋਰੀ, ਕੋਂਹਦੇ
ਬਘਿਆੜ ਪਠੋਰੀ,
ਚਿੱਟੇ ਦੰਦ ਖਿੜੀਆਂ ਕਲੀਆਂ,
ਮਹਿਕਣ ਖੁਸ਼ਬੋਆਂ ਮ਼ਲੀਆਂ,
ਨੱਕ ਦੇ ਵਿੱਚ ਹਿਲਦੀ ਮਛਲੀ, ਮਾਰ
ਮਾਰ ਕਰਦੀ ਮਛਲੀ,
ਜਾਣੀ ਦੀ ਔਤਾਰ ਉੱਤਰੀ ਜੀ, ਸੋਹੇ
ਪਿੰਡੇ 'ਤੇ ਛਲੂਣ ਗੁਲਾਬੀ,
ਦਮਕ ਤੀਣੀ। ਆਈ ਨਵੀਂ ਮੁਕਲਾਵੇ
ਭਾਬੀ, ਦਮਕ ਤੀਣੀ।'

ਪਤਾ ਨਹੀਂ ਬਾਬੂ ਜੀ ਨੂੰ ਗਹਿਣਿਆਂ ਦੇ ਏਨੇ ਨਾਂ ਕਿਵੇਂ ਪਤਾ ਸਨ, ਜ਼ਰੂਰ ਦੌਲਤਾਂ ਬੀਬੀ ਤੋਂ ਸੁਣੇ ਹੋਣਗੇ - ਝੁਮਕੇ, ਕਾਂਟੇ, ਬਟਣ, ਜੰਜ਼ੀਰੀ, ਕੋਕਰੂ, ਚੂੜੇ, ਝਾਂਜਰਾਂ, ਪੰਜੇਬਾਂ, ਸੰਧੂਰ, ਗੇਰੂ, ਫੁੱਲ ਸੱਗੀਆਂ, ਟਿੱਕਾ, ਬਿੰਦੀ, ਨੱਥ, ਗੁਲੂਬੰਦ, ਜਕਲੇਸ਼, ਹਮੇਲਾਂ, ਮਛਲੀ ਦੇ ਪੱਤ, ਕੋਕੇ, ਲੌਕਟ, ਕੰਗਣ, ਕੰਠੇ, ਵਾ਼ਲੀਆਂ, ਵਾ਼ਲੇ, ਨੱਤੀਆਂ ਆਦਿ। (ਕਿੱਸਾ ਦੁੱਲਾ ਭੱਟੀ)।

ਬਾਬੂ ਜੀ ਦੀ ਇੱਕ ਹੋਰ ਕਾਵਿ-ਜੁਗਤ ਦੇ ਪੱਖੋਂ ਸਿਫ਼ਤ ਸੀ ਕਿ ਖ਼ੁਦ ਏਨਾ ਪੜ੍ਹਿਆ ਲਿਖਿਆ ਦਾਨਸ਼ਵਰ ਹੋਣ ਦੇ ਬਾਵਜੂਦ ਉਸ ਨੇ ਸਮਕਾਲੀ ਜਾਂ ਹੋ ਚੁੱਕੇ ਕਿੱਸਾਕਾਰਾਂ ਕਵੀਸ਼ਰਾਂ ਨੂੰ ਗਹੁ ਨਾ਼ਲ ਪੜ੍ਹਿਆ, ਵਾਚਿਆ ਤੇ ਸੁਣਿਆ ਸੀ। ਤਾਂ ਹੀ ਤਾਂ ਉਸ ਨੇ ਲਿਖਿਆ ਹੈ -

- ਬਾਬੂ ਜੀ ਕਵੀਸ਼ਰਾਂ ਦਾ ਮੇਲਾ ਹੋ ਜੇ
ਖਾਨੇ ਜੀ।
- ਤਿਹੁੰ ਜਣਿਆਂ ਦੇ ਛੰਦ ਹਾਸਰਸ
ਦਾ ਨਮੂਨਾ ਇੱਕੋ,
ਬਾਬੂ ਜੀ ਤੇ ਮਾਘੀ ਸਿਉਂ ਮਰਾਝ
ਵਾ਼ਲੇ ਚੰਦ ਦਾ।
- ਮਾਘੀ ਸਿੰਘ, ਬਾਬੂ, ਰਾਮ ਸਿੰਘ
ਦੀ ਘੜਤ ਇੱਕੋ
ਸ਼ਾਇਰੀ ਤਿੰਨਾਂ ਸ਼ਾਇਰਾਂ ਨੇ ਬਣਾਈ
ਜਮਾਂ ਹੱਦ ਜੀ।
- ਰਜਬ ਅਲੀ ਜੈਸਾ ਨਾ ਅਕਲਹੀਣ
ਸ਼ਾਇਰ ਕੋਈ
ਵਾਰਿਸ ਸ਼ਾਹ ਦੀ ਹੀਰ ਦੇ ਸਮਾਨ
ਕੋਈ ਚਿੱਠਾ ਨਾ।

ਬਾਬੂ ਰਜਬ ਅਲੀ ਖਾਨ ਦੀ ਕਿੱਸਾਕਾਰੀ ਅਤੇ ਕਵੀਸ਼ਰੀ ਬਾਰੇ ਕਿਸੇ ਵੀ ਪੱਖ ਤੇ ਲਿਖਣਾ ਬਸ ਸ਼ੌਕ ਪੂਰਨ ਦੀ ਗੱਲ ਹੈ, ਵਰਨਾ ਇਹ ਤਾਂ ਸੂਰਜ ਨੂੰ ਦੀਵਾ ਵਿਖਾਉਣ ਵਾਂਗ ਹੈ। ਪੰਜਾਬ ਦੇ ਇਸ ਹਰਮਨ ਪਿਆਰੇ ਅਲਬੇਲੇ ਮੋਹਵੰਤੇ ਸ਼ਾਇਰ ਨੂੰ ਸਿਜਦਾ ਕਰਨ ਲਈ ਕੁੱਝ ਸ਼ਬਦਾਂ ਦੇ ਸਹਾਰੇ ਯਾਦ ਕਰਨਾ ਇੱਕ ਨਿਮਾਣਾ ਜਿਹਾ ਜਤਨ ਤਾਂ ਹੈ। ਬੜੀਆਂ ਕਲਮਾਂ ਬਾਬੂ ਜੀ ਨੂੰ ਸਮਰਪਿਤ ਹੁੰਦੀਆਂ ਰਹਿਣਗੀਆਂ ਅਤੇ ਬੜੇ ਹੀ ਕੰਠ ਉਸ ਦੇ ਬੋਲਾਂ ਨੂੰ ਆਵਾਜ਼ ਦਿੰਦੇ ਰਹਿਣਗੇ, ?ਦੋਂ ਤੱਕ ਜਦੋਂ ਤੱਕ ਉਸ ਦੇ ਲਾਏ ਮੋਘਿਆਂ ਦਾ ਪਾਣੀ ਪੰਜਾਬ ਦੀ ਧਰਤੀ ਨੂੰ ਸਰਸਬਜ਼ ਕਰਦਾ ਰਹੇਗਾ।




# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਚੀਮਾ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ ਜਨਮ 1993,ਕੱਦ 5 ਫੁੱਟ 11 ਇੰਚ, ਪੰਜਾਬ ਦੇ ਲੁਧਿਆਣਾ ਜਿਲ੍ਹੇ ਵਿੱਚ 5 ਕਿੱਲੇ ਜ਼ਮੀਨ ਦੇ ਮਾਲਕ ਲਈ ਹਾਣ ਪ੍ਰਵਾਣ ਦੀ ਕਨੇਡਾ ਵਿੱਚ ਹੀ ਰਹਿੰਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਆਪਣਾ ਘਰਾਂ ਦੀ ਰੈਨੋਵੇਸ਼ਨ ਕਰਨ ਦਾ ਚੰਗਾ ਕਾਰੋਬਾਰ ਹੈ। ਸਟੂਡੈਂਟ ਵੀਜ਼ਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕ੍ਰਿਪਾ ਕਰਕੇ ਮੈਰਿਜ ਬਿਊਰੋ ਵਾਲੇ ਕਾਲ ਨਾ ਕਰਨ। ਸੰਪਰਕ: 403 891 2618 ***231***

## ਲੜਕੇ ਦੀ ਲੋੜ

ਪੰਧੇਰ ਪਰਿਵਾਰ ਦੀ ਵਿਜਟਿਰ ਵੀਜੇ ਉੱਪਰ ਕਨੇਡਾ ਆਈ ਲੜਕੀ, ਉਮਰ 30 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ ਬੀ ਐਸ ਸੀ ਨਰਸਿੰਗ, ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। RN application in Alberta(CRNA) is in progress.RN in The State of New York(Passed NCLEX) ਸੰਪਰਕ: 587 581 9296 ***227***

## ਲੜਕੀ ਦੀ ਲੋੜ

Canadian Citizen, Jat Sikh handsome boy, born 1990, height 5 feet 11 inches, well-educated from Canada and doing Successful Business, looking for a girl from Canada. Please call or send biodata on what's app.403 796 7462 ***231***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਜਨਮ 1990, ਕੱਦ 5 ਫੁੱਟ 11 ਇੰਚ, ਕਨੇਡਾ ਵਿੱਚ ਹੀ ਚੰਗੇ ਪੜ੍ਹੇ ਲਿਖੇ ਅਤੇ ਕਨੇਡਾ ਵਿੱਚ ਹੀ ਸਫਲ ਬਿਜਨਿਸਮੈਨ ਲੜਕੇ ਲਈ, ਕਨੇਡਾ ਤੋਂ ਹੀ ਪੜ੍ਹੀ ਲਿਖੀ ਪਰਿਵਾਰਕ ਕਦਰਾਂ ਕੀਮਤਾਂ ਜਾਨਣ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 796 7462 ***231***

## ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਵਰਕ-ਪਰਮਿਟ ਉੱਪਰ ਕਨੇਡਾ ਆਏ ਲੜਕੇ ਉਮਰ 32 ਸਾਲ, ਕੱਦ 6 ਫੁੱਟ ਲਈ ਹਾਣ-ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਵੈੱਲ ਸੈਟਲਡ ਹੈ। ਲੜਕਾ ਇੰਡੀਆ ਵਿੱਚ ਸਰਕਾਰੀ ਨੌਕਰੀ ਕਰਦਾ ਹੋਇਆ ਆਇਆ ਹੈ। ਸੰਪਰਕ: 1 204-951-6503,ਜਾਂ 1 431-374-4686 ***231***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਦਿਉਲ ਵੈਸ਼ਨੂੰ ਪਰਿਵਾਰ ਦੇ ਲੜਕੇ ,ਉਮਰ 35 ਸਾਲ, ਕੱਦ 6 ਫੁੱਟ,ਆਈ ਟੀ ਮੈਨੇਜਰ, ਨਿਰਦੋਸ਼ ਤਲਾਕਸ਼ੁਦਾ 7 ਕਿੱਲੇ ਜ਼ਮੀਨ ਦੇ ਮਾਲਿਕ, ਗਜ਼ਟਿਡ ਅਫਸਰ ਦੇ ਇਕਲੌਤੇ ਲੜਕੇ ਲਈ ਪਰਿਵਾਰਕ ਕਦਰਾਂ ਕੀਮਤਾਂ ਵਾਲੀ ਵਧੀਆ ਪੜ੍ਹੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਕੈਲਗਰੀ ਵਿੱਚ ਲੜਕੇ ਕੋਲ ਆਪਣਾ ਘਰ ਹੈ। ਕਨੇਡਾ ਰਹਿੰਦੀ ਲੜਕੀ ਨੂੰ ਪਹਿਲ । ਵਟਸਐਪ: 91 75269 48208 ਜਾਂ 587-997-7710 ***227***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਕੈਂਥ ਪਰਿਵਾਰ ਦੇ ਲੜਕੇ, ਜਨਮ 1996,ਕੱਦ 5 ਫੁੱਟ 10 ਇੰਚ, ਐਮ ਐਸ ਸੀ, ਮਾਈਕਰੋਬਾਇਓਲਜੀ,ਮੌਜੂਦਾ ਸਮੇਂ ਕੈਲੇਫੋਰਨੀਆਂ ਸਾਇੰਸਟਿਸਟ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 204 891 7399 ***227***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਧਾਲੀਵਾਲ ਪਰਿਵਾਰ ਲੜਕੀ ,ਜਨਮ 1990,ਕੱਦ 5 ਫੁੱਟ 2 ਇੰਚ, M.sc. (Mathematics), M.ed (ਕਨੇਡੀਅਨ ਯੂਨੀਵਰਿਸਟੀ ) ਲਈ ਬਰਾਬਰ ਦੀ ਯੋਗਤਾ ਰੱਖਣ ਵਾਲੇ ਵੈਸ਼ਨੂੰ ,ਨਸ਼ਾ ਰਹਿਤ,ਪੀ ਆਰ/ ਸਿਟੀਜਨ/ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮੋਗਾ,ਜਗਰਾਓ,' ਲੁਧਿਆਣਾ ,ਕਨੇਡਾ ਦੇ ਅਲਬਰਟਾ ਸੂਬੇ ਅਤੇ ਬੀ ਸੀ ਨੂੰ ਪਹਿਲ। ਸੰਪਰਕ :ਕਾਲ ਜਾਂ ਵਟਸਐਪ : 306 501 6474 , ਫੋਨ ਕਾਲ: 825 889 6474 ***230***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਮਹਿਰੋਕ ਸਿੱਖ ਸਰਦਾਰ ਪਰਿਵਾਰ ਦੇ ਚੰਗੇ ਪੜ੍ਹੇਲਿਖੇ ਲੜਕੇ ਉਮਰ 32 ਸਾਲ ,ਕੱਦ 5 ਫੁੱਟ 8 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ। ਸੰਪਰਕ: 403 999 0254 ***230***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੇ ਲੜਕੇ,ਉਮਰ 31 ਸਾਲ, ਕੱਦ 5 ਫੁੱਟ 10 ਇੰਚ, ਵਿ ਦਿਅਕ ਯੋਗਤਾ ਬੀ ਫਾਰਮੇਸੀ (ਇੰਡੀਆ) ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਐਡਮੰਟਨ ਅਤੇ ਕੈਲਗਰੀ ਨੂੰ ਪਹਿਲ । ਸੰਪਰਕ: 1 431 351 0752 ***226***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਪਰਿਵਾਰ ਦੀ ਆਰਥਿਕ ਤੌਰ ਤੇ ਵੈੱਲ ਸੈਟਲਡ, ਵੈਟਨਰੀ ਡਾਕਟਰ (ਸਰਜਨ) ਤਲਾਕਸੁਦਾ ਲੜਕੀ ,ਉਮਰ 33 ਸਾਲ,ਕੱਦ 5 ਫੁੱਟ 3 ਇੰਚ,ਲਈ ਰਿਸ਼ਤੇ ਦੀ ਲੋੜ ਹੈ । ਲੜਕੀ ਦਾ ਪਹਿਲੇ ਵਿਆਹ ਤੋਂ 3 ਮਹੀਨੇ ਬਾਦ ਹੀ ਤਲਾਕ ਹੋ ਗਿਆ ਸੀ। ਲੜਕਾ ਚੰਗਾ ਪੜ੍ਹਿਆ ਲਿਖਿਆ ਕਨੇਡਾ ਤੋਂ ਹੀ ਹੋਣਾ ਚਾਹੀਦਾ ਹੈ । ,ਉਮਰ ਘੱਟੋ ਘੱਟ 30 ਸਾਲ ਤੋਂ ਉੱਪਰ ਵਾਲੇ ਹੀ ਸੰਪਰਕ ਕਰਨ । ਹੋਰ ਜਾਣਕਾਰੀ ਲਈ ਸੰਪਰਕ : 403 837 4194 ***226***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੇ ਅੰਮ੍ਰਿਤਧਾਰੀ ਲੜਕੀ ਜਨਮ 1998 ਕੱਦ 5 ਫੁੱਟ4 ਇੰਚ ਵੈੱਲ ਸੈਟਲਡ ਲੜਕੀ ਲਈ ਹਾਣ ਪ੍ਰਵਾਣ ਦੇ ਅੰਮ੍ਰਿਤਧਾਰੀ ਕਨੇਡੀਅਨ ਪੀ ਆਰ ਜਾ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਕੈਨੇਡਾ ਵਿੱਚ ਹੀ ਪੜਿਆ ਹੋਵੇ, ਸਿਰਫ ਅਮ੍ਰਿਤਧਾਰੀ ਲੜਕੇ ਵਾਲੇ ਹੀ ਸੰਪਰਕ ਕਰਨ । ਫ਼ੋਨ ਨੰਬਰ 403 455 4344 ***226***

## ਲੜਕੀ ਦੀ ਲੋੜ

Sikh Ramgarhia well settled family in Canada looking for a suitable match for their 32 year old son, doing business in Ontario and Winnipeg. Canadian citizen,5-10, Active in real estate and financing business. Call at 204-510-7658 or 437-881-7282. ***230***

## ਗੁਰਸਿੱਖ ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਸੰਧੂ ਪਰਿਵਾਰ ਦੇ ਅੰਮ੍ਰਿਤਧਾਰੀ,ਹੁਣ ਫੈਡਰਲ ਗਵਰਨਮੈਂਟ ਦੀ ਜੌਬ ਕਰ ਰਹੇ ਲੜਕੇ ਉਮਰ, 27 ਸਾਲ, ਕੱਦ 5 ਫੁੱਟ 11 ਇੰਚ , ਵਿਦਿਅਕ ਯੋਗਤਾ ਬੀ ਬੀ ਏ (ਫਾਇਨਾਂਸ) ਲਈ ਹਾਣ ਪ੍ਰਵਾਣ ਦੀ ਸੋਹਣੀ ਸੁਨੱਖੀ, ਪੜੀ ਲਿਖੀ, ਗੁਰਸਿੱਖ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 433 7959 **229**

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਹਾਂਸ ਪਰਿਵਾਰ ਦੇ ਲੜਕੇ ਉਮਰ 28, ਕੱਦ 5 ਫੁੱਟ 10 ਇੰਚ, ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 615 6321 ਜਾਂ 403 462 4511 **228**

## ਲੜਕੀ ਦੀ ਲੋੜ

ਜੱਟ ਸਿੱਖ ਬਰਾੜ ਪਰਿਵਾਰ ਦੇ ਕਨੇਡਾ ਵਿੱਚ ਹੀ ਜੰਮੇ ਪਲੇ ਲੜਕੇ ਉਮਰ 30 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਯੂਨੀਵਰਿਸਟੀ ਮੈਨੀਟੋਬਾ ਤੋਂ ਬੈਚੂਲਰ ਆਫ ਆਰਟਸ,ਮੇਜਰ ਇਨ ਫਿਸਿਆਲੋਜੀ ਐਂਡ ਮਾਈਨਰ ਇਨ ਹਿਊਮਨ ਰਿਸੋਰਸ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕਾ ਇਸ ਵੇਲੇ ਬੈਂਕ ਵਿੱਚ ਅਸਿਸਟੈਂਟ ਮੈਨਟਜਰ ਦੀ ਜੌਬ ਕਰ ਰਿਹਾ ਹੈ। ਲੜਕੇ ਕੋਲ ਐਡਮੰਟਨ ਵਿੱਚ ਆਪਣਾ ਘਰ ਹੈ। ਕੈਲਗਰੀ ਅਤੇ ਐਡਮੰਟਨ ਨੂੰ ਪਹਿਲ। ਸੰਪਰਕ: 1 204 960 5145 ***224***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ ਜਨਮ 1988,ਕੱਦ 5 ਫੁੱਟ 3 ਇੰਚ, ਰਜਿਸਟਰਡ ਨਰਸ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਿਨੀਪੈਗ ਨੂੰ ਪਹਿਲ। ਸੰਪਰਕ ਵਟਸਐਪ: 918360079862 ***224***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜ਼ਨ,ਜੱਟ ਸਿੱਖ ਬੈਨੀਪਾਲ ਪਰਿਵਾਰ ਦੇ ਪੱਗ ਬੰਨ੍ਹਣ ਦੇ ਸ਼ੌਕੀਨ ਲੜਕੇ,ਉਮਰ 34 ਸਾਲ,ਕੱਦ 6 ਫੁੱਟ 2 ਇੰਚ,ਬੀ ਟੈਕ,ਐਮ ਬੀ ਏ ਲਈ ਸੁੰਦਰ ਸੁਸ਼ੀਲ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 431 788 6113 ਵਟਸਐਪ: 919463004142 ***224***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ ਜਨਮ 1990,ਕੱਦ 5 ਫੁੱਟ 11 ਇੰਚ, ਕੰਪਿਊਟਿਰ ਸਾਇੰਸ ਡਿਪਲੋਮਾ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਵਿਨੀਪੈਗ ਨੂੰ ਪਹਿਲ, ਜੇਕਰ ਲੜਕੀ ਕਿਸੇ ਹੋਰ ਸਿਟੀ ਵਿੱਚ ਰਹਿੰਦੀ ਹੋਵੇ ਤਾਂ ਵਿਆਹ ਤੋਂ ਬਾਦ ਵਿਨੀਪੈਗ ਰਹਿਣ ਲਈ ਰਾਜੀ ਹੋਵੇ। ਸੰਪਰਕ: 1 431 278 2345 ***224***

## ਲੜਕੇ ਦੀ ਲੋੜ

ਸ਼ਰਮਾ ਪਰਿਵਾਰ ਦੀ ਵਰਕ ਪਰਮਿਟ ਉੱਪਰ ਆਈ ਲੜਕੀ ਉਮਰ 38 ਸਾਲ, ਕੱਦ 5 ਫੁੱਟ 5 ਇੰਚ, ਬੀ ਐਸ ਸੀ ਨਰਸਿੰਗ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 204 903 4149 ***227***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉਪਰ ( ਪੀ ਆਰ ਅਪਲਾਈ ਕੀਤਾ ਹੋਇਆ ਹੈ) ਨਰੂਲਾ ਪਰਿਵਾਰ ਦਾ ਲੜਕੇ ਉਮਰ 34 ਸਾਲ,ਕੱਦ 6 ਫੁੱਟ, ਬੀ ਟੈਕ ਕੰਪਿਊਟਰ ਸਾਇੰਸ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕਾ ਏਸ ਟਾਈਮ ਮੈਨੇਜਰ ਦੀ ਜੌਬ ਕਰ ਰਿਹਾ ਹੈ । ਸੰਪਰਕ: 403 973 4039 ***223***

## ਲੜਕੀ ਦੀ ਲੋੜ

ਜੱਟ ਸਿੱਖ ਉੱਪਲ ਪਰਿਵਾਰ ਦੇ ਲੜਕੇ ਉਮਰ 23 ਸਾਲ ,ਕੱਦ 6 ਫੁੱਟ, ਲੁਧਿਆਣਾ ਜਿਲੇ ਵਿੱਚ ਰਾਇਕੋਟ ਏਰੀਆ 8 ਕਿੱਲੇ ਜ਼ਮੀਨ ਦੀ ਮਾਲਕੀ, ਮਕੈਨੀਕਲ ਇੰਜੀਨੀਅਰ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਕਨੇਡਾ ਵਿੱਚ ਵਿਜਟਿਰ ਵੀਜੇ ਉੱਪਰ ਆਇਆ ਹੋਇਆ ਹੈ ਅਤੇ ਉਸ ਨੇ ਵਰਕ ਪਰਮਿਟ ਵੀ ਅਪਲਾਈ ਕੀਤਾ ਹੋਇਆ ਹੈ। ਸੰਪਰਕ: 403 607 2874 ***223***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਪਰਿਵਾਰ ਦੀ ਤਲਾਕਸ਼ੁਦਾ ਲੜਕੀ,ਉਮਰ 31 ਸਾਲ,ਕੱਦ 5 ਫੁੱਟ 2 ਇੰਚ, ਕਨੇਡੀਅਨ ਪੀ ਆਰ,ਨਸ਼ਾ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੇ ਕੇਸ ਉੱਪਰ ਵੀ ਵਿਚਾਰ ਕੀਤਾ ਜਾ ਸਕਦਾ ਹੈ। ਮਾਲਵਾ ਅਤੇ ਐਡਮਿੰਟਨ ਏਰੀਆ ਨੂੰ ਪਹਿਲ । ਸੰਪਰਕ: 1 780 278 0410 ***227***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਪੱਗ ਬੰਨ੍ਹਦੇ ਲੜਕੇ,ਉਮਰ 25 ਸਾਲ,ਕੱਦ 5 ਫੁੱਟ 11 ਇੰਚ ਲਈ ਹਾਣ ਪ੍ਰਵਾਣ ਦੀ ਜੱਟ ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਇਸ ਵੇਲੇ ਟਰੱਕ ਡਰਾਈਵਰ ਦੀ ਜੌਬ ਕਰ ਰਿਹਾ ਹੈ। ਮੋਗਾ ਅਤੇ ਫਰੀਦਕੋਟ ਨੂੰ ਪਹਿਲ । ਸੰਪਰਕ: 403 971 2245 ***227***

## ਲੜਕੇ ਦੀ ਲੋੜ

Canadian citizen, Jatt Sikh, Sandhu family seeking a suitable match for their 27-year-old daughter. Height: 5 feet 8 inches and working as a Dental Hygienist. Contact : 587-894-1421 ***227***

## ਲੜਕੀ ਦੀ ਲੋੜ

Hindu Punjabi khatri boy 38 years old, height 5.7 living in Vancouver upper middle class family, B.Tech / MBA, now self employed in logistics, Canadian citizen looking for a beautiful educated girl within Canada. Tourist, work permit, PR, or citizen. Contact : 1306 502 6789 ***227***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਬਰਾੜ ਪਰਿਵਾਰ ਦੇ ਲੜਕੇ ਉਮਰ 34 ਸਾਲ, ਕੱਦ 5 ਫੁੱਟ 11 ਇੰਚ, ਵਿ ਦਿਅਕ ਯੋਗਤਾ ਐਮ ਐਸ ਸੀ (ਆਈ ਟੀ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਇਸ ਵੇਲੇ ਅਸਿਸਟੈਂਟ ਬੈਂਕ ਮੈਨੇਜਰ ਦੀ ਜੌਬ ਕਰ ਰਿਹਾ ਹੈ। ਲੜਕੇ ਦੇ ਮਾਪੇ,ਭੈਣ ਅਤੇ ਭਰਾ ਕਨੇਡੀਅਨ ਪੀ ਆਰ ਹਨ। ਵਰਕ ਪਰਮਿਟ, ਜਾਂ ਡਿਵੋਰਸ ਕੇਸ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 587 439 4197 ਜਾਂ ਈ ਮੇਲ: manpritsinghbrar848@gmail.com ***227***

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ ਕਨੇਡੀਅਨ ਬੌਰਨ, ਜੱਟ ਸਿੱਖ ਵੜੈਚ ਪਰਵਾਰ ਦੇ ਪਗੜੀ ਧਾਰੀ, ਵੈਸ਼ਨੂ ਲੜਕੇ ਉਮਰ 33 ਸਾਲ,ਕੱਦ 5 ਫੁੱਟ 8 ਇੰਚ ਵਿਦਿਅਕ ਯੋਗਤਾ ਯੂਨੀਵਰਸਿਟੀ ਕੈਲਗਰੀ ਤੋਂ computer sicence ਡਿਗਰੀ ਹੋਲਡਰ ਲਈ ਹਾਣ ਪਰਵਾਨ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੈਨੇਡਾ ਦੀ ਜੰਮਪਲ ਜਾਂ ਕੈਨੇਡਾ ਰਹਿ ਕੇ ਹੀ ਪੜੀ ਲਿਖੀ ਹੋਵੇ, ਕਾਲ : 1 (587) 577-9895 ***227***

## ਲੜਕੇ ਦੀ ਲੋੜ

ਵਿਜਟਿਰ ਵੀਜੇ ਉੱਪਰ ਕਨੇਡਾ ਆਈ ਰਾਮਗੜੀਆ ਸਿੱਖ ਪਰਿਵਾਰ ਦੀ ਲੜਕੀ ਜਨਮ 1992, (ਬੋਲਣ ਅਤੇ ਸੁਣਨ ਵਿੱਚ ਥੋੜੀ ਸਮੱਸਿਆ ਹੈ) ਲਈ ਕਨੇਡੀਅਨ ਪੀਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਪਰਿਵਾਰ ਦੋਵੇਂ ਭਰਾ ਕਨੇਡਾ ਵੈੱਲ ਸੈਟਲਡ ਹਨ। ਪਰਿਵਾਰ ਵੈਸ਼ਨੂੰ ਹੈ। ਬਿਨਾ ਬੱਚੇ ਤੋਂ ਤਲਾਕ ਸੁਦਾ ਵੀ ਫੋਨ ਕਰ ਸਕਦੇ ਹਨ।ਕੋਈ ਜਾਤੀ ਬੰਧਨ ਨਹੀਂ ਹੈ। ਪਰ ਲੜਕਾ ਵੈਸ਼ਨੂੰ ਹੋਵੇ। ਸੰਪਰਕ: 403 415 4824 ਜਾਂ 403 952 4949 "**228**

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਮਾਂਗਟ ਪਰਿਵਾਰ ਦੇ ਲੜਕੇ ਉਮਰ 28 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਪਲੱਸ 2 ਲਈ ਸੋਹਣੀ ਸੁਨੱਖੀ ,ਪੜੀ ਲਿਖੀ,ਸਾਊ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 431 338 0570 ਜਾਂ 1 204 504 8723 ***226***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ, ਨਾਨ ਡਰਿੰਕਰ,ਕਨੇਡਾ ਬੌਰਨ ਲੜਕੇ ਉਮਰ 31 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਕੋਲ ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਦੀ ਡਿਗਰੀ ਹੈ। ਇਸ ਵੇਲੇ ਸਾਫਟਵੇਅਰ ਕੰਪਨੀ ਵਿੱਚ ਬਿਜਨਿਸ ਅਨੈਲਸਿਸ ਦੀ ਜੌਬ ਕਰ ਰਿਹਾ ਹੈ। ਸੰਪਰਕ: 403 561 6016 ***226***

## ਲੜਕੀ ਦੀ ਲੋੜ

ਕਨੇਡੀਅਨ ਜੱਟ ਸਿੱਖ ਉਮਰ 40 ਸਾਲ ਪੜਾਈ 10+1ਗਰੇਡ, ਫਾਈਵ ਟਨ ਟਰੱਕ ਡਰਾਈਵਰ ,ਸਾਊ,ਨਸ਼ਾ ਰਹਿਤ, ਡਾਇਵੋਰਸ ਲੜਕੇ ਲਈ ਘੱਟ ਤੋਂ ਘੱਟ ਪੜ੍ਹੀ, ਘਰੇਲੂ ਅਤੇ ਸਿਆਣੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੀ 10 ਜਾਂ 12 ਤੋਂ ਵੱਧ ਪੜੀ ਨਹੀਂ ਚਾਹੀਦੀ । ਵਿਨੀਪੈਗ ਨੂੰ ਪਹਿਲ। ਸੰਪਰਕ 1 204 697 4736 ***226***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਵਾਲੀਆ ਪਰਿਵਾਰ ਦੀ ਕੈਲਗਰੀ ਵਿੱਚ ਵੈਲ ਸੈਟਲਡ ਸੋਹਣੀ ਸੁਨੱਖੀ ਪੜੀ ਲਿਖੀ ਲੜਕੀ, 1987,ਕੱਦ 5 ਫੁੱਟ 5 ਇੰਚ, ਲਈ ਹਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਇਸ ਵੇਲੇ ਬੈਂਕ ਨਾਲ ਫਾਈਨੈਂਸੀਅਲ ਪਲੈਨਰ ਦੀ ਜੌਬ ਕਰ ਰਹੀ ਹੈ । ਸੰਪਰਕ: 587 837 4330 , ਵਟਸ ਐਪ: 8527485888 ***226***

## ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਰਾਏ ਪਰਿਵਾਰ ਦੇ ਲੜਕੇ ,ਉਮਰ 31 ਸਾਲ, ਕੱਦ 5 ਫੁੱਟ 11 ਇੰਚ, ਹਾਰਡਵੇਅਰ ਐਂਡ ਨੈਟਵਰਕਿੰਗ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਕੋਈ ਜਾਤੀ ਬੰਧਨ ਨਹੀਂ ਹੈ। ਪਰਿਵਾਰ ਕੈਲਗਰੀ/ ਚੈਸਟਰਮੀਅਰ ਰਹਿੰਦਾ ਹੈ। ਸੰਪਰਕ: 1 204 583 7222 ***226***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਸ਼ਰਮਾ ਪਰਿਵਾਰ ਦੀ ਲੜਕੀ,ਉਮਰ 30 ਸਾਲ,ਕੱਦ 5 ਫੁੱਟ 2 ਇੰਚ, Education: Engineering in Design & Drafting. Occupation: Government Official in Victoria, BC ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਹਿੰਦੂ ਬ੍ਰਾਹਮਣ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 979 7000 ਜਾਂ +91-77430-28110 / rahulkorpal@icloud.com ***226***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਪਰਿਵਾਰ ਦੀ ਆਰਥਿਕ ਤੌਰ ਤੇ ਵੈੱਲ ਸੈਟਲਡ, ਵੈਟਨਰੀ ਸਰਜਨ ਤਲਾਕਸੁਦਾ ਲੜਕੀ ,ਉਮਰ 33 ਸਾਲ,ਕੱਦ 5 ਫੁੱਟ 3 ਇੰਚ,ਲਈ ਰਿਸ਼ਤੇ ਦੀ ਲੋੜ ਹੈ । ਲੜਕੀ ਦਾ ਪਹਿਲੇ ਵਿਆਹ ਤੋਂ 3 ਮਹੀਨੇ ਬਾਦ ਹੀ ਤਲਾਕ ਹੋ ਗਿਆ ਸੀ। ਲੜਕਾ ਕਨੇਡਾ ਤੋਂ ਹੀ ਹੋਣਾ ਚਾਹੀਦਾ ਹੈ । ਹੋਰ ਜਾਣਕਾਰੀ ਲਈ ਸੰਪਰਕ : 403 837 4194 ***226***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 29 years old daughter. She is a Engineering Graduate from Canadian University and working as a Professional Engineer (P.Eng) within a reputed company. Boy should be born or raised in Canada. Seeking Canadian University Educated Doctor, Engineer, Lawyer, Accountant. Only Jatt Sikh families contact. Contact: (403) 828 7973 or acheema8811@gmail.com. ***226***

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

## ਵਰਕਰਾਂ ਦੀ ਲੋੜ

ਕੈਲਗਰੀ ਦੀ ਨਾਮਵਰ ਰੂਫਿੰਗ ਕੰਪਨੀ ਨੂੰ ਰੂਫਰ ਅਤੇ ਆਫਿਸ ਐਡਮਿਨ ਦੀ ਸਖਤ ਜਰੂਰਤ ਹੈ। ਦੋਵੇਂ ਪੋਸਟਾਂ ਲਈ ਐਲ ਐਮ ਆਈ ਵੀ ਮਿਲ ਸਕਦੀ ਹੈ। ਹੁਣੇ ਸੰਪਰਕ ਕਰੋ।

ਕਾਲ ਦਿਲਾਵਰ ਤੂਰ

403 680 0436




## ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

## ਜ਼ਮੀਨ ਵਿਕਾਊ ਹੈ

ਰੀਜਾਇਨਾ ਦੇ ਨੇੜੇ ਹਾਈਵੇਅ 1 ਈਸਟ ਉੱਪਰ 140 ਏਕੜ ਜਮੀਨ ਵਿਕਾਊ ਹੈ। ਇਹ ਜਮੀਨ **Saint Josph coloney** ਵਿੱਚ ਹੈ ਜੋ **Balgone** ਤੋਂ 2 ਮਿੰਟ ਈਸਟ ਵਿੱਚ ਹੈ। ਟਰਕ ਸਟੌਪ ਲਈ ਵਧੀਆ ਲੋਕੇਸ਼ਨ ਅਤੇ ਸਾਊਥ ਵਿਚ ਕੰਟਰੀ ਹੋਮ ਲਈ ਲਾਟਾਂ ਵਿਕ ਰਹੀਆਂ ਹਨ। ਕੀਮਤ 5000 ਡਾਲਰ ਪ੍ਰਤੀ ਏਕੜ ਹੈ। ਹੋਰ ਜਾਣਕਾਰੀ ਲਈ ਫੋਨ ਕਰ ਸਕਦੇ ਹੋ।

1-306 581 2187

ਅੰਗਦਾਨ ਕਰਨ ਲਈ ਹੁਣ ਤੁਸੀਂ ਇਸ ਕਿਊ ਆਰ ਕੋਡ ਨੂੰ ਆਪਣੇ ਫੋਨ ਵਿੱਚ ਸਕੈਨ ਕਰਕੇ ਸਾਰੀ ਜਾਣਕਾਰੀ ਲੈ ਸਕਦੇ ਹੋ ਅਤੇ ਅੰਗਦਾਨ ਫਾਰਮ ਵੀ ਆਨ ਲਾਈਨ ਹੀ ਭਰ ਸਕਦੇ ਹੋ

## ਬਿਜਨਿਸ ਵਿਕਾਊ ਹੈ




ਸੈਸਕਾਟੂਨ ਵਿੱਚ ਰੈਸਟੋਰੈਂਟ ਵਿਕਾਊ ਹੈ । ਪੰਜਾਬੀਆਂ ਦੀ ਵੱਸੋਂ ਵਾਲੇ ਇਲਾਕੇ ਵਿੱਚ ,ਬਿਜ਼ੀ ਪਲਾਜੇ ਅੰਦਰ, ਖੁੱਲੀ ਪਾਰਕਿੰਗ ਲਾਟ, ਸਫਲਤਾ ਨਾਲ ਚੱਲ ਰਿਹਾ ਬਿਜਨਿਸ ਕੁੱਝ ਨਿੱਜੀ ਕਾਰਣਾ ਕਰਕੇ ਵਿਕਾਊ ਹੈ । 1058 ਸਕੇਅਰਫੁੱਟ ਬਹੁਤ ਘੱਟ ਰੈਂਟ ਵਾਲੇ ਇਸ ਬਿਜਨਿਸ ਦੇ ਮਾਲਕ ਤੁਸੀਂ ਬਣ ਸਕਦੇ ਹੋ।

ਸੰਪਰਕ: 306 850 9734

## Name change

I, **Reena Devi Laicha,** daughter of **Baldev Singh,** holder of Indian Passport No # **K9602256,** issued at Vancouver, on **26/09/2013**, permanent resident of **Village – Dhanora, Post office – Durana, DISTT – Ambala, State – Haryana**, INDIA and presently residing at **385 Saddlelake Dr. NE Calgary, AB T3J0R6 Canada**, do hereby change my name from **Reena Devi Laicha** to **Reena Mander**, with immediate effect.

**Date: 08, AUG 2023 Cont.: (403) 605-8220**

## Name change

I, **ANKITABAHEN UPENDRASINH RAJ**, daughter of **UPENDRASINH GANPATSINH RAJ**, resident of **B/31 MIRAPARK SOCIETY, DAHEJ BY PASS ROAD, BHARUCH, PIN: 392001, GUJARAT, INDIA,** and presently residing at 101 **22 SANGSTER BLVD, REGINA, SK S4R7B4, CANADA**, do hereby change my name from **ANKITABAHEN DHARMARAJSINH CHAUHAN** to **ANKITABAHEN UPENDRASINH RAJ**, with immediate effect.

## Name change

I, **ANKITABAHEN UPENDRASINH RAJ**, mother of **HIMANI ANKITABAHEN RAJ**, resident of **B/31 MIRAPARK SOCIETY, DAHEJ BY PASS ROAD, BHARUCH, PIN: 392001, GUJARAT, INDIA**, and presently residing at **101 22 SANGSTER BLVD, REGINA, SK S4R7B4, CANADA**, do hereby change the name of my daughter from **HIMANI DHARMARAJSINH CHAUHAN** to **HIMANI ANKITABAHEN RAJ**, with immediate effect.

# ਨਸ਼ੇ ਦੇ ਤਸਕਰਾਂ ਵਿਰੁੱਧ ਲੋਕਾਂ ਦੀ ਲਾਮਬੰਦੀ



ਮੋਹਨ ਸ਼ਰਮਾ
ਮੋ:94171-48866

ਪੰਜਾਬ ਇਸ ਸਮੇਂ ਬਹੁ ਪੱਖੀ ਅਤੇ ਬਹੁ ਪਰਤੀ ਸੰਕਟ ਵਿੱਚੋਂ ਗੁਜਰ ਰਿਹਾ ਹੈ। ਕਿਸਾਨੀ ਸੰਕਟ, ਬੇਰੁਜ਼ਗਾਰੀ, ਪਰਵਾਸ, ਰਿਸ਼ਵਤਖੋਰੀ, ਮਹਿੰਗਾਈ ਦੇ ਨਾਲ-ਨਾਲ ਨਸ਼ਿਆਂ ਨੇ ਪੰਜਾਬੀਆਂ ਦੀ ਹਾਲਤ ਕੱਖੋਂ ਹੋਲੀ ਅਤੇ ਪਾਣੀਓਂ ਪਤਲੀ ਕਰ ਦਿੱਤੀ ਹੈ। 02.08.2023 ਨੂੰ ਪਾਰਲੀਮੈਂਟ ਦੀ ਸਟੈਂਡਿੰਗ ਕਮੇਟੀ ਨੇ ਪੰਜਾਬ ਵਿੱਚ ਨਸ਼ਿਆਂ ਦੇ ਪ੍ਰਕੋਪ ਸਬੰਧੀ ਜੋ ਰਿਪੋਰਟ ਪੇਸ਼ ਕੀਤੀ, ਉਸ ਨੇ ਪੰਜਾਬੀਆਂ ਦੇ ਭਵਿੱਖ ਤੇ ਪ੍ਰਸ਼ਨ ਚਿੰਨ੍ਹ ਖੜ੍ਹਾ ਕਰ ਦਿੱਤਾ ਹੈ। ਸੁੰਨ ਕਰ ਦੇਣ ਵਾਲੀ ਰਿਪੋਰਟ ਵਿੱਚ ਪ੍ਰਗਟਾਵਾ ਕੀਤਾ ਗਿਆ ਹੈ ਕਿ 10-17 ਸਾਲਾਂ ਦੀ ਆਯੂ ਗੁੱਟ ਦੇ ਅੰਦਾਜ਼ਨ 7 ਲੱਖ ਲੜਕੇ ਨਸ਼ੇ ਦੀ ਬੁਰੀ ਤਰ੍ਹਾਂ ਲਪੇਟ ਵਿੱਚ ਆ ਗਏ ਹਨ ਅਤੇ 66 ਲੱਖ ਤੋਂ ਜ਼ਿਆਦਾ ਵਿਅਕਤੀ ਵੱਖ ਵੱਖ ਨਸ਼ਿਆਂ ਦੀ ਵਰਤੋਂ ਕਰਦੇ ਹੋਏ ਮਾਨਸਿਕ, ਸ਼ਰੀਰਕ, ਆਰਥਿਕ ਅਤੇ ਬੌਧਿਕ ਤੌਰ ਤੇ ਖੁੰਘਲ ਹੋ ਰਹੇ ਹਨ। ਹਰ ਰੋਜ਼ 144 ਅਪਰਾਧਕ ਮਾਮਲੇ, 2 ਕਾਤਲਾਨਾ ਹਮਲੇ, 20 ਚੋਰੀ ਦੀਆਂ ਵਾਰਦਾਤਾਂ, 2 ਦਿਨਾਂ ਵਿੱਚ 5 ਔਰਤਾਂ ਦਾ ਬਲਾਤਕਾਰ, ਚੇਨ ਝਪੱਟਮਾਰੀ, ਗੈਂਗਵਾਰਾਂ ਵੱਲੋਂ ਦਿਨ ਦਿਹਾੜੇ ਕਤਲ ਕਰਨ ਦੀਆਂ ਧਮਕੀਆਂ ਦੇ ਨਾਲ-ਨਾਲ ਉਨ੍ਹਾਂ ਨੂੰ ਸਮੇਂ ਸਮੇਂ ਸਿਰ ਅਮਲੀ ਜਾਮਾ ਦੇਣ ਦੇ ਨਾਲ-ਨਾਲ ਥਾਣਿਆਂ ਦੇ ਰੋਜ਼ਨਾਮਚੇ ਭਰੇ ਜਾ ਰਹੇ ਹਨ। ਪੰਜਾਬੀਆਂ ਅੰਦਰ ਖੌਫ਼ ਦੀਆਂ ਦਿਵਾਰਾਂ ਉਸਰਨ ਦੇ ਨਾਲ-ਨਾਲ ਸਿਵਿਆਂ ਦੀ ਅੱਗ ਹੋਰ ਪ੍ਰਚੰਡ ਹੋਣ ਨਾਲ ਹਰ ਪੰਜਾਬੀ ਬੇਬਸੀ ਦੀ ਹਾਲਤ ਵਿੱਚ ਕਦੇ ਘਰ ਅੰਦਰ ਪਸਰੇ ਸੰਨਾਟੇ ਕਾਰਨ ਅਸਮਾਨ ਵੱਲ ਵੇਖ ਲੈਂਦਾ ਹੈ, ਕਦੇ ਘੁਣ ਖਾਧੀਆਂ ਛੱਤਾਂ ਵੱਲ, ਕਦੇ ਹੱਡੀਆਂ ਦੀ ਮੁੱਠ ਬਣੀ ਪਤਨੀ ਵੱਲ ਅਤੇ ਕਦੇ ਗੀਝਾਂ ਤੇ ਛਿਕਲੀ ਪਾਈਂ ਧੀਆਂ ਵੱਲ! ਚੁੱਲਾ ਬਾਲਣ ਲਈ ਲੋੜੀਂਦਾ ਸਮਾਨ ਲਿਆਉਣ ਵਾਸਤੇ ਇੱਕਠੇ ਕੀਤੇ ਪੈਸੇ ਇਕਲੌਤਾ ਪੁੱਤ ਖੌਰੂ ਪਾ ਕੇ ਧੱਕੇ ਨਾਲ ਨਸ਼ੇ ਡੱਫਣ ਲਈ ਲੈ ਜਾਂਦਾ ਹੈ ਅਤੇ ਸਾਰਾ ਪਰਿਵਾਰ ਰੋਜ਼ ਦੇ ਇਸ ਖਲਜਗਣ ਤੋਂ ਪੋਟਾ ਪੋਟਾ ਦੁਖੀ ਹੈ। ਇਹ ਕਹਾਣੀ ਇੱਕ ਘਰ ਦੀ ਨਹੀਂ। ਕਿਸੇ ਵਿਰਲੇ ਘਰ ਨੂੰ ਛੱਡ ਕੇ ਹਰ ਘਰ ਵਿੱਚ ਪੀੜਤ ਪਰਿਵਾਰ ਦਮ ਘੋਟੂ ਮਾਹੌਲ ਵਿੱਚ ਰਹਿ ਰਿਹਾ ਹੈ। ਕਿਤੇ ਨਸ਼ੱਈ ਦਾ ਬਾਪ ਨੂੰ ਕਤਲ ਕਰ ਦੇਣਾ, ਕਿਤੇ ਮਾਂ ਦੇ ਗਲ ਗੂਠਾ ਦੇ ਕੇ ਉਸ ਨੂੰ ਮੌਤ ਦੇ ਘਾਟ ਉਤਾਰ ਦੇਣਾ, ਕਿਤੇ ਨਸ਼ੱਈ ਲੜਕੇ ਵੱਲੋਂ ਘਰ ਦਾ ਕੀਮਤੀ ਸਮਾਨ ਕੌਡੀਆਂ ਦੇ ਭਾਅ ਵੇਚ ਕੇ ਨਸ਼ਾ ਡੱਫਣ ਕਾਰਨ ਪੋਟਾ ਪੋਟਾ ਦੁਖੀ ਬਾਪ, ਕਿਤੇ ਨਸ਼ੱਈ ਪੁੱਤ ਵੱਲੋਂ ਚੋਰੀ ਦੀਆਂ ਵਾਰਦਾਤਾਂ ਸਾਹਮਣੇ ਆਉਣ ਤੇ ਪੁਲਿਸ ਕਰਮਚਾਰੀ ਦਾ ਰੋਅਬ ਨਾਲ ਬਜ਼ੁਰਗ ਬਾਪ ਨੂੰ ਕਹਿਣਾ, ਚੌਰਿਆ, ਕੱਲ ਤੱਕ ਮੁੰਡੇ ਨੂੰ ਥਾਣੇ ਪੇਸ਼ ਕਰ, ਨਹੀਂ ਫਿਰ ਸਾਰਾ ਟੱਬਰ ਅੰਦਰ ਕਰ ਦਿਆਂਗੇ। ਗੁੰਮ-ਸੁੰਮ ਬਾਪ ਪੁਲਿਸ ਵਾਲਿਆਂ ਨੂੰ ਹੱਥ ਜੋੜ ਕੇ ਇਹ ਕਹਿੰਦਿਆਂ, ਠੀਕ ਐ ਜੀ। ਆਪਣੇ ਆਪ ਨੂੰ ਨਾ ਜਿਉਂਦਿਆਂ ਵਿੱਚ ਸਮਝਦਾ ਹੈ ਅਤੇ ਨਾ ਮਰਿਆਂ ਵਿੱਚ। ਦੂਜੇ ਪਾਸੇ ਇਕਲੌਤੇ ਨਸ਼ੱਈ ਪੁੱਤ ਦੀ ਮਾਂ ਕਾਲਜੇ ਤੇ ਹੱਥ ਰੱਖ ਕੇ ਸੋਚਦੀ ਹੈ, ਸਵੇਰ ਦਾ ਭੁੱਖਣ ਭਾਣਾ ਘਰੋਂ ਨਿਕਲਿਆ ਹੈ। ਮੂੰਹ ਹਨੇਰਾ ਹੋ ਗਿਐ। ਹਾਲੇ ਤੱਕ ਘਰ ਨਹੀਂ ਬਹੁੜਿਐ। ਕਿਤੇ ਕੋਈ ਹੋਰ ਚੰਦਰਾ ਸੁਨੇਹਾ............। ਉਹਦੀਆਂ ਅੱਖਾਂ ਚੋਂ ਵਹਿੰਦੇ ਖ਼ੂਨ ਦੇ ਅੱਥਰੂ ਅਤੇ ਮਾਰੂ ਸੋਚਾਂ ਕਾਰਨ ਉਹਦਾ ਆਪਣਾ ਆਪ ਵਿੰਨ੍ਹਿਆ ਪਿਆ ਹੈ। ਅਜਿਹੀ ਸਥਿਤੀ ਹੁਣ ਬਹੁਤ ਸਾਰੇ ਘਰਾਂ ਦੀ ਬਣ ਗਈ ਹੈ।

ਦੂਜੇ ਪਾਸੇ ਨਸ਼ਾ ਵੇਚਣ ਵਾਲਿਆਂ ਦੀ ਚੜ੍ਹ ਮੱਚੀ ਹੈ। ਮਹਿੰਗੀ ਕਾਰ, ਵੱਡੀ ਕੋਠੀ, ਸੋਨੇ ਦੀਆਂ ਉਂਗਲਾਂ ਵਿੱਚ ਪਾਈਆਂ ਛਾਂਪਾਂ, ਗਲ ਵਿੱਚ ਪਾਈ ਸੋਨੇ ਦੀ ਚੈਨੀ ਅਤੇ ਨੋਟਾਂ ਨਾਲ ਭਰੀ ਜੇਬ ਕਾਰਨ ਉਹ ਆਪਣੇ ਆਪ ਨੂੰ ਖੱਬੀ ਖਾਨ ਸਮਝਦੇ ਹਨ। ਸੱਥ ਵਿੱਚ ਨਿਮੋਝੂਨ ਬੈਠੇ ਬਜ਼ੁਰਗ ਅਤੇ ਘਰਾਂ ਦੀਆਂ ਦੇਹਲੀਆਂ ਤੇ ਬੁੱਤ ਜਿਹਾ ਬਣੀਆਂ ਔਰਤਾਂ ਕੋਲ ਦੀ ਜਦੋਂ ਉਨ੍ਹਾਂ ਦੀ ਕਾਰ ਗੁਜ਼ਰਦੀ ਹੈ ਤਾਂ ਉਹ ਕਚੀਚੀਆਂ ਜ਼ਰੂਰ ਵੱਟਦੀਆਂ ਹਨ, ਪਰ ਨਸ਼ਾ ਵੇਚਣ ਵਾਲਿਆਂ ਦੀ ਥਾਣੇ ਅਤੇ ਅਸਰ ਰਸੂਖ ਵਾਲਿਆਂ ਨਾਲ ਪਹੁੰਚ ਕਰਕੇ ਉਹ ਹੌਕਾ ਭਰ ਕੇ ਸੋਚਦੀਆਂ ਹਨ, ਖੋਟਾ ਸਿੱਕਾ ਆਪਣਾ, ਦੂਜਿਆਂ ਨੂੰ ਕੀ ਦੋਸ਼। ਉਂਝ ਲੋਕ ਇਨ੍ਹਾਂ ਮਲਿਕ ਭਾਗੂਆਂ ਪ੍ਰਤੀ ਨਕੋ-ਨੱਕ ਨਫ਼ਰਤ ਨਾਲ ਜ਼ਰੂਰ ਭਰੇ ਪਏ ਹਨ।

ਨਸ਼ਿਆਂ ਕਾਰਨ ਪੋਟਾ ਪੋਟਾ ਦੁਖੀ ਲੋਕ ਪਿੰਡ ਦੇ ਸਰਪੰਚ ਕੋਲ ਜਾਂਦੇ ਹਨ। ਸਰਪੰਚ ਪੰਚਾਇਤ ਮੈਂਬਰਾਂ ਨੂੰ ਨਾਲ ਲੈ ਕੇ ਥਾਣੇ ਵਿੱਚ ਜਾ ਕੇ ਪਿੰਡ ਵਿੱਚ ਨਸ਼ਾ ਵੇਚਣ ਵਾਲਿਆਂ ਤੇ ਸ਼ਿਕੰਜਾ ਕਸਨ ਲਈ ਦੁਹਾਈ ਪਾਉਂਦਾ ਹੈ। ਪਰ ਉਨ੍ਹਾਂ ਦੀ ਦੁਹਾਈ ਖਾਨਾ ਪੂਰਤੀ ਤੱਕ ਸੀਮਤ ਰਹਿ ਜਾਂਦੀ ਹੈ। ਦਰਅਸਲ ਜਦੋਂ ਮਾਲੀ ਦਗ਼ਾਬਾਜ਼ ਹੋ ਜਾਣ ਤਾਂ ਮਹਿਕਾਂ ਦੀ ਪੱਤ ਰੁੱਲ ਜਾਂਦੀ ਹੈ ਅਤੇ ਜਦੋਂ ਦਰਬਾਨਾਂ ਦੀ ਅੱਖ ਚੋਰਾਂ ਨਾਲ ਮਿਲ ਜਾਵੇ ਤਾਂ ਜਾਨ ਅਤੇ ਮਾਲ ਸੁਰੱਖਿਅਤ ਨਹੀਂ ਰਹਿੰਦੀਆਂ। ਪੁਲਿਸ ਦੀਆਂ ਬਹੁਤ ਸਾਰੀਆਂ ਕਾਲੀਆਂ ਭੇਡਾਂ ਦੇ ਕਾਰਨ ਪੰਚਾਇਤਾਂ ਅਤੇ ਲੋਕਾਂ ਦੀ ਨਸ਼ਿਆਂ ਵਿਰੁੱਧ ਦੁਹਾਈ ਦਾ ਕੋਈ ਅਸਰ ਨਹੀਂ ਹੋਇਆ ਅਤੇ ਨਸ਼ੇ ਦੀ ਤਸਕਰੀ ਕਰਨ ਵਾਲਿਆਂ ਦੇ ਹੌਸਲੇ ਬੁਲੰਦ ਹੁੰਦੇ ਗਏ। ਚੋਣਾਂ ਸਮੇਂ ਸਿਆਸੀ ਆਗੂਆਂ ਦੇ ਕੀਤੇ ਵਾਅਦੇ ਅਤੇ ਦਾਅਵੇ ਵੀ ਖੋਖਲੇ ਹੀ ਸਾਬਤ ਹੋਏ। ਹਾਂ, ਕਦੇ-ਕਦੇ ਸਿਆਸੀ ਆਗੂਆਂ ਦੇ ਬਿਆਨ, ਨਸ਼ਾ ਕਰਨ ਵਾਲਿਆਂ ਨੂੰ ਬਖ਼ਸ਼ਾਂਗੇ ਨਹੀਂ, ਸਭ ਸਲਾਖਾਂ ਪਿੱਛੇ ਹੋਣਗੇ। ਜ਼ਰੂਰ ਸਾਹਮਣੇ ਆਉਂਦੇ ਰਹੇ।

ਆਖ਼ਰ ਅੱਕੇ ਹੋਏ ਲੋਕਾਂ ਨੇ ਆਪਣੇ ਆਪਣੇ ਪਿੰਡਾਂ ਵਿੱਚ ਨਸ਼ਾ ਤਸਕਰਾਂ ਨੂੰ ਠੀਕ ਰਾਂਹ ਤੇ ਲਿਆਉਣ ਲਈ ਦ੍ਰਿੜ ਇਰਾਦਾ ਕਰ ਲਿਆ। ਪਿੰਡ ਦੇ ਅਗਾਂਹ ਵੱਧੂ ਨੌਜਵਾਨ, ਕਿਸਾਨ-ਮਜ਼ਦੂਰ ਜੱਥੇਬੰਦੀਆਂ ਅਤੇ ਪੰਚਾਇਤਾਂ ਨੇ ਆਪਣੇ ਆਪਣੇ ਪਿੰਡ ਵਿੱਚ ਨਸ਼ਾ ਵਿਰੋਧੀ ਕਮੇਟੀਆਂ ਬਣਾ ਕੇ ਆਪਣੇ ਪਿੰਡ ਨੂੰ ਨਸ਼ਾ ਮੁਕਤ ਕਰਨ ਦਾ ਬੀੜਾ ਚੁੱਕ ਲਿਆ। ਅਜਿਹੀਆਂ ਨਸ਼ਾ ਵਿਰੋਧੀ ਕਮੇਟੀਆਂ ਹੋਂਦ ਵਿੱਚ ਆਉਣ ਦੇ ਸੰਕੇਤ ਉਸ ਸਮੇਂ ਹੀ ਸਾਹਮਣੇ ਆ ਗਏ ਸਨ, ਜਦੋਂ 21 ਜੁਲਾਈ 2023 ਨੂੰ ਮਾਲਵੇ ਦੇ ਸ਼ਹਿਰ ਮਾਨਸਾ ਵਿੱਚ ਪੰਜਾਬ ਦੇ ਵੱਖ ਵੱਖ ਪਿੰਡਾਂ ਤੋਂ ਆਏ 10,000 ਤੋਂ ਵੀ ਜ਼ਿਆਦਾ ਲੋਕਾਂ ਨੇ ਸ਼ਰੇਆਮ ਨਸ਼ਾ ਤਸਕਰਾਂ ਅਤੇ ਪੁਲਿਸ ਦੀਆਂ ਬਹੁਤ ਸਾਰੀਆਂ ਕਾਲੀਆਂ ਭੇਡਾਂ ਦੀ ਮਿਲੀ ਭੁਗਤ ਦਾ ਖੁੱਲ੍ਹੇ ਤੌਰ ਤੇ ਪ੍ਰਗਟਾਵਾ ਕੀਤਾ ਅਤੇ ਨਾਲ ਹੀ ਇਹ ਗਿਲਾ ਵੀ ਕੀਤਾ ਗਿਆ ਕਿ ਸਿਆਸੀ ਸਰਪ੍ਰਸਤੀ ਤੋਂ ਬਿਨ੍ਹਾਂ ਅਜਿਹਾ ਕੁਝ ਸੰਭਵ ਹੀ ਨਹੀਂ। ਨਸ਼ੇ ਵਿਰੁੱਧ ਬੁਲੰਦ ਆਵਾਜ਼ ਉਠਾਉਣ ਵਾਲੇ ਪਰਮਿੰਦਰ ਝੋਟਾ ਨੂੰ ਤੁਰੰਤ ਰਿਹਾ ਕਰਨ ਦੀ ਮੰਗ ਵੀ ਉਸ ਸਮੇਂ ਹੀ ਉਠਾਈ ਗਈ।

ਮਾਲਵੇ ਤੋਂ ਉੱਠੀ ਇਹ ਚੰਗਿਆੜੀ ਹੁਣ ਭਾਂਬੜ ਦੇ ਰੂਪ ਵਿੱਚ ਮਾਲਵੇ ਦੇ ਬਹੁਤ ਸਾਰੇ ਪਿੰਡਾਂ ਦੇ ਨਾਲ ਨਾਲ ਮਾਝੇ ਅਤੇ ਦੁਆਬੇ ਦੇ ਇਲਾਕੇ ਵਿੱਚ ਫੈਲ ਗਈ ਹੈ। ਨਸ਼ਿਆਂ ਵਿਰੁੱਧ ਇਸ ਲੜਾਈ ਵਿੱਚ ਪੰਜਾਬ ਦੀਆਂ ਮੁਟਿਆਰਾਂ ਅਤੇ ਔਰਤਾਂ ਵੀ ਕੁੱਦ ਪਈਆਂ ਹਨ। ਭਰੇ ਪੀਤੇ ਲੋਕਾਂ ਨੂੰ ਹੁਣ ਐਨੀਂ ਸੂਝ ਆ ਗਈ ਹੈ ਕਿ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਹੋਰ ਤਬਦੀਲੀਆਂ ਲੋਕਾਂ ਵੱਲੋਂ ਲਿਆਂਦੀਆਂ ਜਾਂਦੀਆਂ ਹਨ ਅਤੇ ਲੋਕਾਂ ਦਾ ਏਕਾ ਸਮਾਜਿਕ ਦਬਾਅ, ਸਮਾਜਿਕ ਨਮੋਸ਼ੀ ਅਤੇ ਸਮਾਜਿਕ ਪਹਿਰੇਦਾਰੀ ਨਸ਼ੇ ਦੇ ਖ਼ਾਤਮੇ ਲਈ ਵਰਦਾਨ ਸਾਬਤ ਹੋਣਗੀਆਂ। ਉਨ੍ਹਾਂ ਨੇ ਸਰਬ ਸੰਮਤੀ ਨਾਲ ਹੇਠ ਲਿਖੇ ਫੈਸਲਿਆਂ ਤੇ ਤੁਰੰਤ ਅਮਲੀਜਾਮਾ ਵੀ ਪਹਿਨਾਉਣਾ ਸ਼ੁਰੂ ਕਰ ਦਿੱਤਾ ਹੈ :-

ਆਪਣੇ-ਆਪਣੇ ਪਿੰਡ ਵਿੱਚ ਠੀਕਰੀ ਪਹਿਰਾ ਦੇ ਕੇ ਕਿਸੇ ਨਸ਼ਾ ਵੇਚਣ ਵਾਲੇ ਵਿਅਕਤੀ ਨੂੰ ਪਿੰਡ ਵਿੱਚ ਦਾਖ਼ਲ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਨਾ ਹੀ ਪਿੰਡ ਦੇ ਕਿਸੇ ਨਸ਼ਾ ਵੇਚਣ ਵਾਲੇ ਨੂੰ ਨਸ਼ੇ ਸਮੇਤ ਬਾਹਰ ਜਾਣ ਦਿੱਤਾ ਜਾਵੇਗਾ। ਇਸ ਤਰੀਕੇ ਨਾਲ ਸਪਲਾਈ ਲਾਇਨ ਤੇ ਸੱਟ ਮਾਰੀ ਜਾਵੇਗੀ। ਪਿੰਡ ਦੀ ਨਸ਼ਾ ਵਿਰੋਧੀ ਕਮੇਟੀ ਵੱਲੋਂ ਨਸ਼ਾ ਵੇਚਣ ਵਾਲਿਆਂ ਨੂੰ ਪਹਿਲਾਂ ਬੇਨਤੀ ਕਰਕੇ ਇਹ ਕੰਮ ਛੱਡਣ ਲਈ ਕੁਝ ਸਮਾਂ ਦਿੱਤਾ ਜਾਵੇਗਾ ਅਤੇ ਜੇਕਰ ਫਿਰ ਵੀ ਇਹ ਕੁੱਤਾ ਕੰਮ ਨਹੀਂ ਛੱਡਦੇ ਤਾਂ ਉਨ੍ਹਾਂ ਨਾਲ ਪਿੰਡ ਵਾਲਿਆਂ ਦੀ ਰੋਟੀ-ਬੇਟੀ ਦੀ ਸਾਂਝ ਖ਼ਤਮ ਹੋ ਜਾਵੇਗੀ।

ਨਸ਼ਾ ਵੇਚਣ ਵਾਲੇ ਦੀਆਂ ਲਿਸ਼ਟਾਂ ਸਬੰਧਤ ਥਾਣੇ ਵਿੱਚ ਪਹੁੰਚਾ ਕੇ ਉਨ੍ਹਾਂ ਨੂੰ ਲੋੜੀਂਦੀ ਕਾਰਵਾਈ ਕਰਨ ਲਈ ਕਿਹਾ ਜਾਵੇਗਾ। ਨਿਸ਼ਚਿਤ ਸਮੇਂ ਤੋਂ ਬਾਅਦ ਜੇਕਰ ਉਹ ਪਹਿਲਾਂ ਵਾਂਗ ਕੋਈ ਕਾਰਵਾਈ ਨਹੀਂ ਕਰਦੇ ਤਾਂ ਥਾਣੇ ਦਾ ਘਿਰਾਓ ਕੀਤਾ ਜਾਵੇਗਾ। ਨਸ਼ਾ ਵੇਚਣ ਵਾਲਿਆਂ ਦੀ ਗ੍ਰਿਫਤਾਰੀ ਉਪਰੰਤ ਉਸ ਦੀ ਪਿੰਡ ਵਾਲਿਆਂ ਵੱਲੋਂ ਜਮਾਨਤ ਨਹੀਂ ਕਰਵਾਈ ਜਾਵੇਗੀ। ਜੇਕਰ ਪੁਲਿਸ ਪ੍ਰਸ਼ਾਸਨ ਕਿਸੇ ਕਮੇਟੀ ਮੈਂਬਰ ਤੇ ਕੇਸ ਪਾਉਂਦਾ ਹੈ ਤਾਂ ਸਾਰਾ ਪਿੰਡ ਉਸ ਦੇ ਨਾਲ ਡੱਟ ਕੇ ਖੜ੍ਹੇਗਾ ਅਤੇ ਕੇਸ ਦੀ ਪੈਰਵੀ ਵੀ ਪਿੰਡ ਵਾਲਿਆਂ ਵੱਲੋਂ ਕੀਤੀ ਜਾਵੇਗੀ।

ਨਸ਼ਾ ਵੇਚਣ ਵਾਲਿਆਂ ਤੇ ਕਤਲ ਜਾਂ ਇਰਾਦਾ ਕਤਲ ਦੀਆਂ ਧਾਰਾਵਾਂ ਲਾਈਆਂ ਜਾਣ, ਕਿਉਂਕਿ ਉਨ੍ਹਾਂ ਵੱਲੋਂ ਨਸ਼ੇ ਦੀ ਸਪਲਾਈ ਕਾਰਨ ਹੀ ਨੌਜਵਾਨਾਂ ਦੇ ਸਿਵੇ ਬਲਦੇ ਹਨ। ਸਿੱਧੇ ਰੂਪ ਵਿੱਚ ਉਹ ਜਵਾਨੀ ਦੇ ਕਾਤਲ ਹਨ।

ਨਸ਼ਾ ਕਰਨ ਵਾਲੇ ਪੀੜਤ ਹਨ। ਉਨ੍ਹਾਂ ਪੀੜਤਾਂ ਦਾ ਇਲਾਜ ਪਿੰਡ ਵਾਸੀਆਂ ਵੱਲੋਂ ਕਰਵਾ ਕੇ ਉਨ੍ਹਾਂ ਨੂੰ ਮੁੱਖ ਧਾਰਾ ਵਿੱਚ ਲਿਆਂਦਾ ਜਾਵੇਗਾ।

ਨਸ਼ਾ ਵਿਰੋਧੀ ਕਮੇਟੀ ਦੇ ਮੈਂਬਰ ਕਿਸੇ ਸਿਆਸੀ ਵਿਅਕਤੀ ਦਾ ਹੱਥ ਠੋਕਾ ਨਹੀਂ ਬਨਣਗੇ।

ਨਸ਼ਾ ਵਿਰੋਧੀ ਕਮੇਟੀ ਅਤੇ ਲੋਕਾਂ ਦੇ ਸਰਗਰਮ ਹੋਣ ਕਾਰਨ ਨਸ਼ਾ ਤਸਕਰ ਬੁਖਲਾਹਟ ਵਿੱਚ ਆ ਗਏ ਹਨ। ਇਸ ਬੁਖਲਾਹਟ ਦੇ ਕਾਰਨ ਹੀ ਫਰੀਦਕੋਟ ਲਾਗੇ ਢਿਲਵਾਂ ਪਿੰਡ ਵਿੱਚ ਇੱਕ ਤਸਕਰ ਨੇ ਨਸ਼ਾ ਵਿਰੋਧੀ ਕਮੇਟੀ ਦੇ ਮੈਂਬਰ ਹਰਭਗਵਾਨ ਸਿੰਘ ਤੇ ਗੋਲੀਆਂ ਚਲਾ ਕੇ ਉਸਦਾ ਕਤਲ ਕਰ ਦਿੱਤਾ ਅਤੇ ਇੱਕ ਹੋਰ ਪਿੰਡ ਤੁੰਗਵਾਲੀ ਵਿੱਚ ਵੀ ਕਮੇਟੀ ਦੇ ਮੈਂਬਰ ਤੇ ਤਲਵਾਰ ਨਾਲ ਜਾਨਲੇਵਾ ਹਮਲਾ ਕੀਤਾ। ਇਹ ਸਭ ਕੁਝ ਦੇ ਬਾਵਜੂਦ ਲੋਕ ਅੱਗੇ ਨਾਲੋਂ ਵੀ ਜ਼ਿਆਦਾ ਰੋਹ ਵਿੱਚ ਆ ਕੇ ਇੱਕਜੁੱਟ ਹੋ ਗਏ ਹਨ। ਦੋਸ਼ੀਆਂ ਨੂੰ ਪੁਲਿਸ ਵੱਲੋਂ ਤੁਰੰਤ ਗ੍ਰਿਫ਼ਤਾਰ ਕਰ ਲਿਆ ਗਿਆ। ਨਸ਼ਾ ਵਿਰੋਧੀ ਲਹਿਰ ਦੇ ਪਹਿਲੇ ਸ਼ਹੀਦ ਹਰਭਗਵਾਨ ਸਿੰਘ ਦੇ ਪਰਿਵਾਰ ਨੂੰ ਪ੍ਰਸ਼ਾਸਨ ਵੱਲੋਂ ਆਰਥਿਕ ਸਹਾਇਤਾ ਦੇਣ ਦੇ ਨਾਲ ਨਾਲ ਇੱਕ ਪਰਿਵਾਰਕ ਮੈਂਬਰ ਨੂੰ ਨੌਕਰੀ ਦੇਣ ਦਾ ਐਲਾਨ ਵੀ ਲੋਕ ਰੋਹ ਨੂੰ ਵੇਖਦਿਆਂ ਕੀਤਾ ਗਿਆ ਹੈ।

ਪਿੰਡਾਂ ਵਿੱਚ ਰੋਸ਼ ਰੈਲੀਆਂ, ਡਾਂਗ ਮਾਰਚ ਅਤੇ ਨਸ਼ਿਆਂ ਵਿਰੁੱਧ ਗੂੰਜਦੇ ਨਾਅਰੇ ਜਾਗ੍ਰਿਤੀ ਦਾ ਸੁਨੇਹਾ ਦਿੰਦੇ ਹਨ। ਰੋਸ਼ ਰੈਲੀਆਂ ਵਿੱਚ ਸਿਆਣੀਆਂ ਧੀਆਂ ਦੇ ਅਜਿਹੇ ਸੁਨੇਹੇ ਹਵਾ ਵਿੱਚ ਗੂੰਜਦੇ ਹਨ :

**ਸਾਡੇ ਪਿੰਡ ਨਸ਼ਾ ਵੇਚਣ ਨਾ ਆਈਂ ਵੇ**
**ਇੱਥੇ ਪਹਿਰਾ ਲਗਦੈ।**
**ਐਵੇਂ ਛਿੱਤਰ ਨਾ ਖਾ ਕੇ ਜਾਈਂ ਵੇ**
**ਇੱਥੇ ਪਹਿਰਾ ਲਗਦੈ।**

**ਕਿਸੇ ਹੋਰ ਪਿੰਡ ਦੇ ਇਕੱਠ ਵਿੱਚ ਜਾਗਰੂਕ ਧੀਆਂ ਸਟੇਜ ਤੇ ਜਾ ਕੇ ਪੁੱਤ ਬਚਾਉਣ ਦਾ ਇੰਜ ਹੌਕਾ ਦਿੰਦੀਆਂ ਨੇ :**

**ਕਿਉਂ ਨਸ਼ਿਆਂ ਦੀ ਵਰਤੋਂ ਕਰਦੈਂ**
**ਧਰਤੀ ਮਾਂ ਕਿਉਂ ਗਹਿਣੇ ਧਰਦੈਂ ?**
**ਤੇਰੇ ਵਰਗੇ ਠੀਕ ਕਰਨ ਲਈ**
**ਅਸਾਂ ਨੇ ਲਹਿਰ ਚਲਾਈ ਐ**
**ਬਈ ਹੁਣ ਜਾਗੋ ਆਈਐ।**
**ਮੁੰਡਿਆ ਜਾਗ ਬਈ, ਹੁਣ ਜਾਗੋ ਆਈਐ।**

ਸ਼ਾਲਾ! ਇਹ ਜਾਗੋ ਦੀ ਲਾਟ ਲੋਕਾਂ ਦੇ ਮਨਾ ਅੰਦਰ ਬਲਦੀ ਰਹੇ ਅਤੇ ਨਸ਼ਾ ਤਸਕਰ ਇਹਦੇ ਸਾਹਮਣੇ ਢਹਿ ਢੇਰੀ ਹੋ ਜਾਣ। ਇੱਥੇ ਇਹ ਵੀ ਵਰਨਣ ਯੋਗ ਹੈ ਕਿ ਨਸ਼ਾ ਵਿਰੋਧੀ ਕਮੇਟੀਆਂ ਵੱਲੋਂ ਸਰਗਰਮ ਭੂਮਿਕਾ ਨਿਭਾਉਣ ਕਾਰਨ ਬਹੁਤ ਸਾਰੇ ਨਸ਼ਾ ਤਸਕਰ ਇਸ ਵੇਲੇ ਕੀਮਤੀ ਕਾਰਾਂ ਵਿੱਚ 'ਮਾਲ' ਸਪਲਾਈ ਕਰਨ ਦੀ ਥਾਂ ਘਰਾਂ ਵਿੱਚ ਬੈਠੇ ਹਨ। ਲੋਕਾਂ ਦੇ ਰੋਹ ਕਾਰਨ ਪੁਲਿਸ ਪ੍ਰਸ਼ਾਸਨ ਵੀ ਕੁਝ ਸਰਗਰਮ ਹੋਇਆ ਹੈ। ਪਰ ਰਾਜ ਸਤਾ ਨਾਲ ਸਬੰਧਤ ਆਗੂਆਂ ਦੀ ਖਾਮੋਸ਼ੀ ਲੋਕਾਂ ਨੂੰ ਰੜਕ ਰਹੀ ਹੈ।

# ਝੂਠੀ ਸੌਂਹ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

ਇਹ ਹੱਡਬੀਤੀ ਦੱਸਣ ਦਾ ਮਕਸਦ ਕਿਸੇ ਤਰਾਂ ਦਾ ਵਹਿਮ ਭਰਮ ਫੈਲਾਉਣਾ ਜਾਂ ਇਹ ਦਰਸਾਉਣਾ ਨਹੀਂ ਹੈ ਕਿ ਕਿਸੇ ਖਾਸ ਧਾਰਮਿਕ ਸਥਾਨ 'ਤੇ ਚੁੱਕੀ ਹੋਈ ਕਸਮ ਤੋੜਨ ਨਾਲ ਕੋਈ ਨੁਕਸਾਨ ਹੋ ਸਕਦਾ ਹੈ। ਪਰ ਕਈ ਵਾਰ ਕੁਦਰਤੀ ਤੌਰ 'ਤੇ ਆਪਸ ਵਿੱਚ ਜੁੜੀਆਂ ਹੋਈਆਂ ਅਜਿਹੀਆਂ ਘਟਨਾਵਾਂ ਇੱਕ ਤੋਂ ਬਾਅਦ ਇੱਕ ਵਾਪਰ ਜਾਂਦੀਆਂ ਹਨ ਜੋ ਲੋਕਾਂ ਦੇ ਮਨਾਂ ਵਿੱਚ ਭੈਅ ਪੈਦਾ ਕਰ ਦਿੰਦੀਆਂ ਹਨ। ਕੁਝ ਲੋਕ ਐਨੀ ਬੇਸ਼ਰਮੀ ਅਤੇ ਬੇਬਾਕੀ ਨਾਲ ਝੂਠ ਬੋਲਦੇ ਹਨ ਕਿ ਵੇਖ ਕੇ ਹੈਰਾਨੀ ਹੁੰਦੀ ਹੈ। ਪੁਲਿਸ ਦੀ ਨੌਕਰੀ ਦੌਰਾਨ ਕਈ ਵਾਰ ਅਜਿਹੇ ਮੌਕੇ ਆਉਂਦੇ ਹਨ ਜਦੋਂ ਦੋ ਪਾਰਟੀਆਂ ਦਾ ਛੋਟਾ ਮੋਟਾ ਝਗੜਾ ਸਹੁੰ ਨੇਮ 'ਤੇ ਮੁਕਾਉਣਾ ਪੈਂਦਾ ਹੈ। ਵੇਖਣ ਵਿੱਚ ਆਇਆ ਹੈ ਕਿ ਸੱਚਾ ਆਦਮੀ ਚਾਹੇ ਕਿੰਨਾ ਵੀ ਨੁਕਸਾਨ ਝੱਲ ਜਾਵੇ, ਕਦੇ ਸਹੁੰ ਨਹੀਂ ਚੁੱਕਦਾ ਪਰ ਬੇਸ਼ਰਮ ਅਤੇ ਝੂਠਾ ਵਿਅਕਤੀ ਝੂਠੀ ਸਹੁੰ ਚੁੱਕਣ ਲੱਗਿਆਂ ਪਲ ਨਹੀਂ ਲਾਉਂਦਾ।

1994 - 95 ਵਿੱਚ ਮੈਂ ਰੋਪੜ ਜਿਲ੍ਹੇ ਦੇ ਥਾਣੇ ਮੋਰਿੰਡੇ ਦਾ ਐਸ.ਐਚ.ਉ. ਲੱਗਾ ਹੋਇਆ ਸੀ। ਇੱਕ ਪਿੰਡ ਵਿੱਚ ਦੋ ਪਾਰਟੀਆਂ ਦਰਮਿਆਨ ਕਿਸੇ ਗੱਲ ਤੋਂ ਝਗੜਾ ਹੋ ਗਿਆ ਤੇ ਮੈਂ ਭੁਪਿੰਦਰ ਸਿੰਘ ਨਾਮਕ ਇੱਕ ਥਾਣੇਦਾਰ ਨੂੰ ਮੌਕਾ ਵੇਖਣ ਲਈ ਭੇਜ ਦਿੱਤਾ। ਉਹ ਮੌਕੇ 'ਤੇ ਗਿਆ ਤੇ ਦੋਵਾਂ ਪਾਰਟੀਆਂ ਵਿੱਚ ਰਾਜ਼ੀਨਾਵਾਂ ਕਰਵਾ ਦਿੱਤਾ। ਰਾਜ਼ੀਨਾਵਾਂ ਕਰਵਾਉਂਦੇ ਸਮੇਂ ਉਸ ਨੇ ਇੱਕ ਪਾਰਟੀ ਦੇ ਮੋਹਰੀ ਬੰਦੇ ਖੇਤਰਪਾਲ (ਕਾਲਪਨਿਕ ਨਾਮ) ਨੂੰ ਕੁਝ ਜਿਆਦਾ ਹੀ ਦਬਕਾ ਦਿੱਤਾ ਜੋ ਰਾਜ਼ੀਨਾਵੇਂ ਵਿੱਚ ਬਿਨਾਂ ਮਤਲਬ ਅੜਿੱਕਾ ਡਾਹ ਰਿਹਾ ਸੀ। ਭੁਪਿੰਦਰ ਸਿੰਘ ਅਜੇ ਥਾਣੇ ਪਹੁੰਚਿਆ ਹੀ ਸੀ ਕਿ ਪਿੱਛੇ ਹੀ ਖੇਤਰਪਾਲ ਬੰਦਿਆਂ ਦੀ ਟਰਾਲੀ ਭਰ ਕੇ ਥਾਣੇ ਪਹੁੰਚ ਗਿਆ। ਕੁਦਰਤੀ ਮੈਂ ਦਫਤਰ ਹੀ ਬੈਠਾ ਸੀ ਤੇ ਰੌਲਾ ਗੌਲਾ ਸੁਣ ਕੇ ਉਹਨਾਂ ਬੰਦਿਆਂ ਨੂੰ ਅੰਦਰ ਬੁਲਾ ਲਿਆ। ਖੇਤਰਪਾਲ ਨੇ ਭੁਪਿੰਦਰ ਸਿੰਘ 'ਤੇ ਇਲਜ਼ਾਮ ਲਗਾ ਦਿੱਤਾ ਕਿ ਇਸ ਨੇ ਮੇਰੇ ਕੋਲੋਂ 2000 ਰੁਪਏ ਰਿਸ਼ਵਤ ਲਈ ਹੈ। ਭੁਪਿੰਦਰ ਸਿੰਘ ਨੂੰ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਇਹ ਵਿਅਕਤੀ ਜਾਣ ਬੁੱਝ ਕੇ ਰਾਜ਼ੀਨਾਵਾਂ ਨਹੀਂ ਸੀ ਹੋਣ ਦੇ ਰਿਹਾ। ਇਸ ਲਈ ਮੈਂ ਇਸ ਨੂੰ ਦਬਕੇ ਜਰੂਰ ਮਾਰੇ ਹਨ, ਪਰ ਰਿਸ਼ਵਤ ਕੋਈ ਨਹੀਂ ਲਈ। ਕਾਫੀ ਦੇਰ ਤੱਕ ਬਹਿਸ ਮੁਸਾਹਬਾ ਚੱਲਦਾ ਰਿਹਾ ਪਰ ਗੱਲ ਕਿਸੇ ਤਣ ਪੱਤਣ ਨਾ ਲੱਗੀ। ਜਦੋਂ ਦੋਵੇਂ ਧਿਰਾਂ ਆਪੋ ਆਪਣੀ ਗੱਲ 'ਤੇ ਅੜਿੱਗ ਰਹੀਆਂ ਤਾਂ ਮੈਂ ਇੱਕ ਵਿਚਕਾਰਲਾ ਰਾਹ ਲੱਭ ਲਿਆ। ਮੋਰਿੰਡੇ ਵਿਖੇ ਇੱਕ ਬਹੁਤ ਹੀ ਪਵਿੱਤਰ ਅਸਥਾਨ ਹੈ ਜਿੱਥੇ ਸਹੁੰ ਖਾਣ ਦੀ ਕੋਈ ਹਿੰਮਤ ਨਹੀਂ ਕਰਦਾ। ਮੈਂ ਪੰਚਾਇਤ ਨੂੰ ਕਹਿ ਦਿੱਤਾ ਕਿ ਭੁਪਿੰਦਰ ਸਿੰਘ 2000 ਰੁਪਏ ਉਸ ਅਸਥਾਨ 'ਤੇ ਰੱਖ ਦੇਵੇਗਾ ਤੇ ਖੇਤਰਪਾਲ ਚੁੱਕ ਲਵੇ। ਸੱਚ ਝੂਠ ਦਾ ਨਿਤਾਰਾ ਪ੍ਰਮਾਤਮਾ 'ਤੇ ਛੱਡ ਦਿੱਤਾ ਜਾਵੇ। ਦੋਵੇਂ ਧਿਰਾਂ ਇਸ ਗੱਲ ਨਾਲ ਸਹਿਮਤ ਹੋ ਗਈਆਂ ਤੇ ਝਗੜਾ ਨਿੱਬੜ ਗਿਆ। ਭੁਪਿੰਦਰ ਸਿੰਘ ਨੇ ਧਾਰਮਿਕ ਸਥਾਨ 'ਤੇ ਪੈਸੇ ਰੱਖ ਦਿੱਤੇ ਜੋ ਖੇਤਰਪਾਲ ਨੇ ਪੰਚਾਇਤ ਦੀ ਹਾਜ਼ਰੀ ਵਿੱਚ ਚੁੱਕ ਲਏ। ਇਸ ਘਟਨਾ ਤੋਂ ਤਿੰਨ ਚਾਰ ਮਹੀਨੇ ਬਾਅਦ ਮੈਨੂੰ ਦੁਬਾਰਾ ਉਸ ਪਿੰਡ ਵਿੱਚ ਜਾਣਾ ਪਿਆ ਕਿਉਂਕਿ ਉਥੇ ਦੋ ਭਰਾਵਾਂ ਰਾਮ ਸਿੰਘ ਅਤੇ ਸ਼ਾਮ ਸਿੰਘ (ਕਾਲਪਨਿਕ ਨਾਮ) ਵਿੱਚ ਇੱਕ ਏਕੜ ਜ਼ਮੀਨ ਦੇ ਕਬਜ਼ੇ ਦਾ ਝਗੜਾ ਚੱਲ ਰਿਹਾ ਸੀ ਜੋ ਗੰਭੀਰ ਰੂਪ ਧਾਰਨ ਕਰ ਗਿਆ ਸੀ।

ਜਦੋਂ ਮੈਂ ਉਸ ਪਿੰਡ ਪਹੁੰਚਿਆ ਤਾਂ ਵੇਖਿਆ ਕਿ ਝਗੜੇ ਵਾਲੀ ਜ਼ਮੀਨ ਵਿੱਚ ਕਣਕ ਪੱਕੀ ਖੜੀ ਸੀ ਤੇ ਦੋਵੇਂ ਧਿਰਾਂ ਉਸ 'ਤੇ ਹੱਕ ਜਤਾ ਰਹੀਆਂ ਸਨ। ਮੌਜੂਦਾ ਸਰਪੰਚ ਤੇ ਉਸ ਦੇ ਸਾਥੀ ਰਾਮ ਸਿੰਘ ਦੀ ਹਮਾਇਤ ਵਿੱਚ ਖੜ੍ਹੇ ਸਨ ਤੇ ਸਾਬਕਾ ਸਰਪੰਚ ਅਤੇ ਉਸ ਦੇ ਸਾਥੀ ਸ਼ਾਮ ਸਿੰਘ ਦੀ ਹਮਾਇਤ ਵਿੱਚ ਖੜ੍ਹੇ ਸਨ। ਜ਼ਮੀਨ ਸਾਂਝੇ ਖਾਤੇ ਵਾਲੀ ਸੀ, ਇਸ ਕਾਰਨ ਇਹ ਦੱਸਣਾ ਮੁਸ਼ਕਿਲ ਸੀ ਕਿ ਇਸ ਦਾ ਮਾਲਕ ਦੋਵਾਂ ਭਰਾਵਾਂ ਵਿੱਚੋਂ ਕੌਣ ਸੀ। ਰਾਮ ਸਿੰਘ ਪਾਰਟੀ ਦਾ ਕਹਿਣਾ ਸੀ ਕਿ ਕਣਕ ਰਾਮ ਸਿੰਘ ਨੇ ਬੀਜੀ ਹੈ, ਉਸ ਨੇ ਹੀ ਸਿੰਜਾਈ ਕੀਤੀ ਹੈ ਤੇ ਉਸ ਨੇ ਹੀ ਖਾਦ ਪਾਈ ਹੈ। ਸ਼ਾਮ ਸਿੰਘ ਤਾਂ ਕਦੇ ਉਥੇ ਵੜਿਆ ਹੀ ਨਹੀਂ ਸੀ। ਸ਼ਾਮ ਸਿੰਘ ਦਾ ਕਹਿਣਾ ਸੀ ਕਿ ਕਣਕ ਉਸ ਨੇ ਬੀਜੀ ਹੈ, ਉਸ ਨੇ ਸਿੰਜਾਈ ਕੀਤੀ ਹੈ ਤੇ ਉਸ ਨੇ ਹੀ ਖਾਦ ਪਾਈ ਹੈ। ਰਾਮ ਸਿੰਘ ਦਾ ਤਾਂ ਉਥੇ ਮਤਲਬ ਹੀ ਕੋਈ ਨਹੀਂ। ਮੈਂ ਇਹ ਸੁਣ ਕੇ ਹੈਰਾਨ ਰਹਿ ਗਿਆ ਤੇ ਸਮਝਾਉਣ ਦੇ ਇਰਾਦੇ ਨਾਲ ਬੋਲਿਆ, ਉਹੋ ਸਕਦਾ ਹੈ ਕਿ ਜ਼ਮੀਨ ਰਾਮ ਸਿੰਘ ਨੇ ਵਾਹੀ ਹੋਵੇ, ਬੀਜ ਦਾ ਛੱਟਾ ਸ਼ਾਮ ਸਿੰਘ ਦੇ ਗਿਆ ਹੋਵੇ, ਪਾਣੀ ਰਾਮ ਸਿੰਘ ਨੇ ਦਿੱਤਾ ਹੋਵੇ ਤੇ ਖਾਦ ਸ਼ਾਮ ਸਿੰਘ ਨੇ ਪਾਈ ਹੋਵੇ। ਦੋਵਾਂ ਧਿਰਾਂ ਦਾ ਜੋ ਕਹਿਣਾ ਹੈ, ਉਹ ਅਸੰਭਵ ਹੈ। ਦੋਵਾਂ ਵਿੱਚੋਂ ਇੱਕ ਪਾਰਟੀ ਤਾਂ ਝੂਠ ਬੋਲ ਰਹੀ ਹੈ। ਚਲੋ ਮੈਨੂੰ ਨਹੀਂ ਪਤਾ, ਪਰ ਪਿੰਡ ਵਾਲਿਆਂ ਨੂੰ ਤਾਂ ਪਤਾ ਹੈ ਕਿ ਕੀ ਹੋਇਆ ਹੈ।" ਪਰ ਦੋਵੇਂ ਧਿਰਾਂ ਆਪੋ ਆਪਣੀ ਗੱਲ 'ਤੇ ਅੜੀਆਂ ਰਹੀਆਂ। ਹਾਰ ਕੇ ਮੈਂ ਕਿਹਾ ਕਿ ਚਲੋ ਰਾਮ ਸਿੰਘ ਤੇ ਸ਼ਾਮ ਸਿੰਘ ਮੋਰਿੰਡੇ ਵਾਲੇ ਧਾਰਮਿਕ ਸਥਾਨ 'ਤੇ ਸਹੁੰ ਚੁੱਕਣ। ਮੈਂ ਸੋਚਿਆ ਕਿ ਜਿਹੜਾ ਝੂਠਾ ਹੋਵੇਗਾ ਉਹ ਡਰ ਜਾਵੇਗਾ ਤੇ ਸਹੁੰ ਨਹੀਂ ਚੁੱਕੇਗਾ। ਪਰ ਉਹ ਦੋਵੇਂ ਭਰਾ ਇਸ ਲਈ ਖੁਸ਼ੀ ਖੁਸ਼ੀ ਤਿਆਰ ਹੋ ਗਏ। ਜਦੋਂ ਮੇਰਾ ਇਹ ਤੀਰ ਨਾ ਚੱਲਿਆ ਤਾਂ ਮੈਂ ਕਿਹਾ ਕਿ ਮੈਂ ਤਾਂ ਸਰਪੰਚ ਅਤੇ ਸਾਬਕਾ ਸਰਪੰਚ ਨੂੰ ਸਹੁੰ ਚੁਕਾਵਾਂਗਾ। ਉਹ ਵੀ ਦੋਵੇਂ ਬਿਨਾਂ ਕਿਸੇ ਡਰ ਭੈਅ ਦੇ ਇਸ ਕੰਮ ਲਈ ਤਿਆਰ ਹੋ ਗਏ। ਐਨਾ ਕੁਫਰ ਤੁਲਦਾ ਵੇਖ ਕੇ ਮੈਂ ਪਰੇਸ਼ਾਨ ਹੋ ਗਿਆ। ਮੈਂ ਥੋੜ੍ਹਾ ਗੁੱਸੇ ਜਿਹੇ ਨਾਲ ਕਿਹਾ, ਉਤੁਹਾਡੇ ਤਾਂ ਸਾਰੇ ਪਿੰਡ ਨੇ ਕੁਫਰ ਤੋਲਣ ਦਾ ਠੇਕਾ ਲਿਆ ਹੋਇਆ ਹੈ। ਤਿੰਨ ਕੁ ਮਹੀਨੇ ਪਹਿਲਾਂ ਤੁਹਾਡੇ ਪਿੰਡ ਦੇ ਖੇਤਰਪਾਲ ਨੇ ਝੂਠੇ ਹੀ ਪੈਸੇ ਚੁੱਕ ਲਏ ਸਨ।" ਮੌਜੂਦਾ ਸਰਪੰਚ ਪੱਗ ਸਵਾਰਦਾ ਹੋਇਆ ਬੋਲਿਆ, ਉਸਰਦਾਰ ਜੀ, ਉਹ ਤਾਂ ਪੈਸੇ ਚੁੱਕਣ ਤੋਂ ਦੋ ਹਫਤੇ ਬਾਅਦ ਹੀ ਮਰ ਗਿਆ ਸੀ। ਤੁਸੀਂ ਸਾਡੀ ਗੱਲ ਕਰੋ। ਦੱਸੋ ਕਦੋਂ ਚੁੱਕਣੀ ਆ ਸਹੁੰ?" ਸੁਣ ਕੇ ਮੈਨੂੰ ਚੱਕਰ ਆਉਣ ਲੱਗ ਪਏ। ਝੂਠੀ ਸਹੁੰ ਚੁੱਕਣ ਵਾਲੇ ਖੇਤਰਪਾਲ ਦੀ ਮੌਤ ਦਾ ਵੀ ਉਹਨਾਂ ਲੋਕਾਂ 'ਤੇ ਭੋਰਾ ਅਸਰ ਨਹੀਂ ਸੀ ਹੋਇਆ। ਮੈਂ ਖਿਝ ਕੇ ਕਿਹਾ, ਉਮੈਨੂੰ ਤਾਂ ਭਰਾਵੋ ਮਾਫ ਹੀ ਕਰੋ। ਤੁਸੀਂ ਹੋਰ ਕਿੰਨੇ ਕੁ ਬੰਦੇ ਮਰਵਾਉਣੇ ਆ ਝੂਠੀਆਂ ਸਹੁੰਆਂ ਚੁੱਕਵਾ ਕੇ? ਮੈਂ ਨਹੀਂ ਚੁਕਾਉਂਦਾ ਕਿਸੇ ਨੂੰ ਸਹੁੰ। ਜਾਉ ਜਾ ਕੇ ਅਦਾਲਤ ਵਿੱਚ ਕੇਸ ਕਰ ਦਿਉ।" ਮੈਂ ਗੱਡੀ ਨੂੰ ਸੈੱਲਫ ਮਾਰ ਕੇ ਉਥੋਂ ਭੱਜਣ ਵਿੱਚ ਹੀ ਭਲਾਈ ਸਮਝੀ।

# ਆਜ਼ਾਦੀ ਦੀ ਕੀਮਤ





ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 9888940211

ਦੇਸ਼-ਭਗਤਾਂ ਤੇ ਕ੍ਰਾਂਤੀਕਾਰੀਆਂ 'ਚ ਤਾਂ ਦੇਸ਼ ਆਜ਼ਾਦ ਕਰਾਉਣ ਦਾ ਪੂਰਾ ਜਨੂੰਨ ਸੀ। ਉਹ ਤਾਂ ਭਲੀਭਾਂਤ ਜਾਣੂ ਸਨ ਕਿ ਅਜਾਦੀ ਲੈਣ ਲਈ ਜਾਨਾਂ ਤਾਂ ਦੇਣੀਆਂ ਹੀ ਪੈਣਗੀਆਂ। ਆਖਰ ਉਹਨਾਂ ਦੇ ਸੁਪਨਿਆਂ ਨੂੰ ਬੂਰ ਪਿਆ ਤੇ 15 ਅਗਸਤ 1947 ਨੂੰ ਸਾਡਾ ਦੇਸ਼ ਆਜ਼ਾਦ ਹੋ ਗਿਆ।

ਅੱਜ 76 ਸਾਲਾਂ ਬਾਅਦ ਆਜ਼ਾਦੀ ਦਾ ਨਿੱਘ ਤਾਂ ਸਾਰਾ ਦੇਸ਼ ਮਾਣ ਰਿਹਾ, ਪਰ ਦੂਜੇ ਪਾਸੇ ਜਿਨ੍ਹਾਂ (ਪੰਜਾਬੀਆਂ) ਨੇ ਸਭ ਤੋਂ ਵਧੇਰੇ ਕੁਰਬਾਨੀਆਂ ਕੀਤੀਆਂ, ਉਸ ਵਕਤ ਦੇ ਅਖੌਤੀ ਸਿਆਸਤਦਾਨਾਂ ਨੇ ਉਹਨਾਂ ਦੇ ਪੰਜਾਬ ਦੇ ਕਿੰਨੇ ਟੁੱਕੜੇ ਕੀਤੇ, ਇਹ ਵੀ ਸੋਚਣ ਵਿਚਾਰਾਣ ਵਾਲੀ ਗੱਲ ਹੈ। ਕਿੰਨਾ ਵੱਡਾ ਸੀ ਅਣਵੰਡਿਆ ਪੰਜਾਬ। ਅੱਧਾ ਪੰਜਾਬ ਪਾਕਿਸਤਾਨ ਨੂੰ ਦੇ ਦਿੱਤਾ, ਕਿੰਨੇ ਹੀ ਗੁਰਧਾਮ ਉੱਧਰ ਰਹਿ ਗਏ। ਇੱਥੇ ਹੀ ਸਬਰ ਨਹੀਂ, 47 ਤੋਂ ਬਾਅਦ ਆਜ਼ਾਦ ਭਾਰਤ ਵਿੱਚ ਪੰਜਾਬ ਦੇ ਹੋਰ ਟੁਕੜੇ ਕਰਕੇ ਹਰਿਆਣਾ ਅਤੇ ਹਿਮਾਚਲ ਵੱਖਰੇ ਸੂਬੇ ਬਣਾ ਦਿੱਤੇ। ਪੰਜਾਬ ਹੋਰ ਸਿਮਟ ਕੇ ਰਹਿ ਗਿਆ। ਇਹ ਤਾਂ ਹੋਈ ਭੂਗੋਲਿਕ ਖਿੱਤੇ ਤੇ ਆਜ਼ਾਦੀ ਦੇ ਪ੍ਰਵਾਨਿਆਂ ਦੀ ਗਲ। ਹੁਣ ਗੱਲ ਕਰਦੇ ਆਂ ਉਸ ਕੀਮਤ ਦੀ ਜਿਹੜੀ ਇਹ ਆਜ਼ਾਦੀ ਲੈਣ ਲਈ ਪੰਜਾਬੀਆਂ ਨੂੰ ਤਾਰਨੀ ਪਈ। ਆਜ਼ਾਦੀ ਮੌਕੇ ਜਿਸ ਨੂੰ ਹਾਲੇ ਵੀ 47 ਦੇ ਹੱਲ੍ਹਿਆਂ ਕਰਕੇ ਯਾਦ ਕੀਤਾ ਜਾਂਦਾ, ਇਨ੍ਹਾਂ ਦਿਨਾਂ ਵਿੱਚ ਦੋਵੇਂ ਪਾਸਿਆਂ ਤੋਂ ਵਾਸਨਾ ਦੇ ਵਹਿਸ਼ੀਆਂ ਨੇ ਹਜਾਰਾਂ ਤ੍ਰੀਮਤਾਂ ਦੀ ਇੱਜਤ ਲੀਰੋ ਲੀਰ ਕੀਤੀ। ਕਿੰਨੀਆਂ ਮਜਬੂਰ ਤੇ ਬੇਵੱਸ ਪੰਜਾਬਣਾਂ ਨੇ ਇੱਜਤਾਂ ਬਚਾਉਣ ਲਈ ਖੂਹਾਂ ਤੇ ਨਹਿਰਾਂ 'ਚ ਛਾਲਾਂ ਮਾਰ ਦਿੱਤੀਆਂ ਤੇ ਕਈਆਂ ਨੂੰ ਉਨ੍ਹਾਂ ਦੇ ਘਰਦਿਆਂ ਨੇ ਆਪ ਹੀ ਮਾਰ ਮੁਕਾ ਦਿੱਤਾ। ਕਿੰਨਾ ਭਿਆਨਕ ਮੰਜਰ ਹੋਵੇਗਾ! ਹਰ ਦੁੱਖ ਸੁੱਖ ਦੇ ਭਾਈਵਾਲ ਇਨਸਾਨੀਅਤ ਛੱਡ ਖੂਨ ਦੇ ਪਿਆਸੇ ਹੋ ਗਏ ਸਨ। ਦੋਵੇਂ ਪਾਸਿਓਂ ਪਿੰਡਾਂ ਦੇ ਪਿੰਡ ਖਾਲੀ ਹੋ ਗਏ। ਜਿੱਥੇ ਇਕੱਠੇ ਖੇਡਦਿਆਂ ਬਚਪਨ ਬੀਤਿਆ, 'ਕੱਠੇ ਸਕੂਲੇ-ਮਦਰੱਸੇ ਜਾਂਦੇ, ਮੇਲਿਆਂ 'ਚ ਭੰਗੜੇ ਤੇ ਕੌਡੀਆਂ ਦੀ ਰੇਡਾਂ ਪਾਉਂਦੇ ਸੀ, ਧਰਮ ਤੇ ਸਿਆਸਤ ਨੇ ਅਜਿਹੀਆਂ ਵੰਡੀਆਂ ਪਾਈਆਂ ਕਿ ਸਭ ਕੁਝ ਛੱਡਣਾ ਪਿਆ। ਆਪਣੇ ਪਿੰਡ ਦੀਆਂ ਗਲੀਆਂ, ਖੇਤਾਂ, ਤੌੜ ਤੇ ਖੂਹ ਦੀਆਂ ਟਿੰਡਾਂ ਨੂੰ ਆਖਰੀ ਵਾਰ ਤੱਕਦਿਆਂ ਕਿਸਾਨਾਂ ਦੇ ਕਾਲਜੇ 'ਚ ਪੈਂਦੀ ਧੂਹ ਬਿਆਨ ਨਹੀਂ ਕੀਤੀ ਜਾ ਸਕਦੀ।

ਸਰਹੱਦਾਂ ਦੇ ਦੋਵੇਂ ਪਾਸੇ ਤੋਂ ਲਾਸ਼ਾਂ ਦੀਆਂ ਰੇਲਾਂ ਭਰ-ਭਰ ਭੇਜੀਆਂ ਗਈਆਂ। ਖ਼ੂਨ ਖਰਾਬੇ ਦੀਆਂ ਸਭ ਹੱਦਾਂ ਪਾਰ ਹੋ ਗਈਆਂ। ਹਜਾਰਾਂ ਲੋਕਾਂ ਨੇ ਆਪਣੀਆਂ ਜਾਨਾਂ ਗਵਾਈਆਂ ਤੇ ਲੱਖਾਂ ਹੀ ਖੇਤ, ਜਮੀਨਾਂ, ਕਾਰੋਬਾਰ ਤੇ ਆਪਣੇ ਘਰ ਛੱਡ ਬੇਘਰੇ ਹੋ ਗਏ। ਚੰਗੀ ਭਲੀ ਚੱਲਦੀ ਜਿੰਦਗੀ ਲੀਹੋਂ ਉਤਰ ਗਈ। ਮਾਵਾਂ ਆਪਣੇ ਦੁੱਧ ਚੁੰਘਦੇ ਬੱਚਿਆਂ ਨੂੰ ਰੋਂਦੇ ਵਿਲਕਦੇ ਛੱਡਣ ਨੂੰ ਮਜਬੂਰ ਹੋ ਗਈਆਂ ਅਤੇ ਮਰਦ ਆਪਣੀਆਂ ਹੀ ਤਰੀਮਤਾਂ ਦੀਆਂ ਇੱਜਤਾਂ ਬਚਾਉਣ ਲਈ ਉਹਨਾਂ ਨੂੰ ਜਾਨੋ ਮਾਰਨ ਲਈ ਮਜਬੂਰ ਹੋ ਗਏ। ਇਸ ਆਪੋਧਾਪੀ ਦਾ ਮੌਕਾਪ੍ਰਸਤ ਲੋਕਾਂ ਨੇ ਰੱਜ ਕੇ ਫਾਇਦਾ ਉਠਾਇਆ। ਜੋ ਜਿਸ ਦੇ ਹੱਥ ਲੱਗਾ ਉਹ ਲੁੱਟ ਕੇ ਲੈ ਗਿਆ, ਭਾਵੇਂ ਕੋਈ ਕੀਮਤੀ ਸ਼ੈਅ ਤੇ ਭਾਵੇਂ ਕਿਸੇ ਔਰਤ ਦੀ ਇੱਜ਼ਤ। ਇੱਜ਼ਤਾਂ ਨੋਚ ਲਈਆਂ, ਘਰ-ਬਾਰ ਤੇ ਮਾਲ ਡੰਗਰ ਲੁੱਟ ਕੇ ਘਰਾਂ ਨੂੰ ਅੱਗਾਂ ਲਗਾ ਦਿੱਤੀਆਂ। ਰਾਵੀ ਦਰਿਆ ਦੇ ਪਾਣੀ ਦਾ ਰੰਗ ਖੂਨ ਨਾਲ ਲਾਲ ਸੂਹਾ ਹੋ ਗਿਆ।

ਇਸ ਦੌਰਾਨ ਕਈਆਂ ਨੇ ਦੂਜੇ ਫਿਰਕੇ ਦੀਆਂ ਔਰਤਾਂ ਨਾਲ ਜਬਰਦਸਤੀ ਵਿਆਹ/ਨਿਕਾਹ ਕਰਵਾਏ ਜੋ ਕਿ ਬਾਅਦ ਵਿੱਚ ਦੋਵੇਂ ਦੇਸ਼ ਦੀਆਂ ਸਰਕਾਰਾਂ ਵੱਲੋਂ ਆਪਣੇ-ਆਪਣੇ ਦੇਸ਼ ਦੀਆਂ ਔਰਤਾਂ ਨੂੰ ਵਟਾਂਦਰੇ ਦੇ ਸਮਝੌਤੇ ਰਾਹੀਂ ਵਾਪਿਸ ਆਪਣੇ ਮੁਲਖ ਲਿਆਂਦਾ ਗਿਆ। ਇਸ ਤੋਂ ਇਲਾਵਾ ਆਜ਼ਾਦੀ ਉਪਰੰਤ ਪਾਗਲਖਾਨਿਆਂ ਵਿੱਚ ਰਹਿ ਰਹੇ ਹਿੰਦੂ-ਸਿੱਖਾਂ ਅਤੇ ਮੁਸਲਮਾਨ ਪਾਗਲਾਂ ਦਾ ਵੀ ਵਟਾਂਦਰਾ ਕੀਤਾ ਗਿਆ, ਉਹ ਪਾਗਲ ਜਿਨ੍ਹਾਂ ਨੂੰ ਨਾਂ ਤਾਂ ਗੁਲਾਮੀ ਦੀ ਕੋਈ ਚਿੰਤਾ ਸੀ ਤੇ ਨਾ ਹੀ ਆਜ਼ਾਦੀ ਦੀ ਕੋਈ ਖੁਸ਼ੀ।

ਅਜਿਹੇ ਵਰਤਾਰੇ ਪੜ੍ਹ-ਸੁਣ ਕੇ ਰੂਹ ਕੰਬਦੀ ਹੈ। ਫਿਰ ਵੀ ਸਭ ਨੂੰ ਆਜ਼ਾਦੀ ਦੀਆਂ ਮੁਬਾਰਕਾਂ।




For All your Exterior Needs
B.B.S. Exterior
Roofing/ Siding / Stucco / Soffits & Fascia / Hardie Shakes / SmartBoard / Eaves & Downspouts / Windows etc.
403.714.0455
bbsexterior@gmail.com

# ਪਟਿਆਲਾ ਦਾ ਨਾਮ ਚਮਕਾਉਣ ਵਾਲੀਆਂ ਇਸਤਰੀ ਡਿਪਟੀ ਕਮਿਸ਼ਨਰ



ਉਜਾਗਰ ਸਿੰਘ

**ਅੰਗਰੇਜ਼ੀ ਦੇ ਅਖ਼ਬਾਰਾਂ ਵਿੱਚ ਲੇਖ ਵੀ ਪ੍ਰਕਾਸ਼ਤ ਹੁੰਦੇ ਰਹੇ ਹਨ। ਜੁਲਾਈ 2023 ਦੇ ਹੜ੍ਹਾਂ ਦੌਰਾਨ ਫ਼ਤਿਹਗੜ੍ਹ ਜਿਲ੍ਹੇ ਵਿੱਚ ਆਏ ਹੜ੍ਹ ਦੇ ਪ੍ਰਕੋਪ ਸਮੇਂ ਪਰਨੀਤ ਕੌਰ ਸ਼ੇਰਗਿੱਲ ਦਲੇਰੀ ਨਾਲ ਡੂੰਘੇ ਪਾਣੀ ਵਿੱਚ ਖੁਦ ਪਹੁੰਚਕੇ ਲੋਕਾਂ ਦੀਆਂ ਜਾਨਾ ਬਚਾਉਣ ਦੇ ਪ੍ਰਬੰਧ ਕਰਦੇ ਰਹੇ। ਬਲਦੀਪ ਕੌਰ ਇਸ ਸਮੇਂ ਤਰਨਤਾਰਨ ਦੀ ਡਿਪਟੀ ਕਮਿਸ਼ਨਰ ਹੈ।**



ਪੂਨਮਦੀਪ ਕੌਰ, ਪਰਨੀਤ ਕੌਰ ਸ਼ੇਰਗਿੱਲ, ਸੇਨੂੰ ਦੁੱਗਲ ਅਤੇ ਬਲਦੀਪ ਕੌਰ

ਵਰਤਮਾਨ ਪੰਜਾਬ ਸਰਕਾਰ ਨੂੰ ਇਸ ਗੱਲ ਦਾ ਮਾਣ ਜਾਂਦਾ ਹੈ ਕਿ ਉਨ੍ਹਾਂ ਇਸਤਰੀ ਆਈ.ਏ.ਐਸ. ਅਧਿਕਾਰੀਆਂ ਦੀ ਕਾਬਲੀਅਤ ਨੂੰ ਮੁੱਖ ਰਖਦਿਆਂ ਪੰਜਾਬ ਦੇ 23 ਜਿਲ੍ਹਿਆਂ ਵਿੱਚੋਂ 10 ਵਿੱਚ ਇਸਤਰੀਆਂ ਨੂੰ ਡਿਪਟੀ ਕਮਿਸ਼ਨਰ ਨਿਯੁਕਤ ਕੀਤਾ ਹੈ। ਪੰਜਾਬ ਦੇ ਹੁਣ ਤੱਕ ਦੇ ਇਤਿਹਾਸ ਵਿੱਚ ਇਸ ਸਮੇਂ ਸਭ ਤੋਂ ਵੱਧ ਇਸਤਰੀਆਂ ਡਿਪਟੀ ਕਮਿਸ਼ਨਰ ਹਨ। ਉਨ੍ਹਾਂ ਵਿੱਚ ਸਾਕਸ਼ੀ ਸਾਹਨੀ ਪਟਿਆਲਾ, ਪਰਨੀਤ ਕੌਰ ਸ਼ੇਰਗਿੱਲ ਫ਼ਤਿਹਗੜ੍ਹ ਸਾਹਿਬ, ਪ੍ਰੀਤੀ ਯਾਦਵ ਰੂਪ ਨਗਰ, ਪੂਨਮਦੀਪ ਕੌਰ ਬਰਨਾਲਾ, ਸੇਨੂੰ ਦੁੱਗਲ ਫਾਜਿਲਕਾ, ਆਸ਼ਿਕਾ ਜੈਨ ਐਸ.ਏ.ਐਸ ਨਗਰ ਮੋਹਾਲੀ, ਬਲਦੀਪ ਕੌਰ ਤਰਨਤਾਰਨ, ਕੋਮਲ ਮਿਤਲ ਹੁਸ਼ਿਆਰਪੁਰ, ਰੂਹੀ ਧੁੱਗ ਫਰੀਦਕੋਟ ਅਤੇ ਸੁਰਭੀ ਮਲਿਕ ਲੁਧਿਆਣਾ ਵਿਖੇ ਤਾਇਨਾਤ ਹਨ। ਇਸ ਪ੍ਰਕਾਰ 48 ਫ਼ੀ ਸਦੀ ਇਸਤਰੀਆਂ ਡਿਪਟੀ ਕਮਿਸ਼ਨਰ ਹਨ। ਭਾਵੇਂ ਕੁਦਰਤ ਦੇ ਕਹਿਰ ਦਾ ਮੁਕਾਬਲਾ ਕਰਨਾ ਮਾਨਵਤਾ ਦੇ ਵਸ ਦੀ ਗੱਲ ਨਹੀਂ ਪ੍ਰੰਤੂ ਫਿਰ ਵੀ ਇਨ੍ਹਾਂ ਵਿੱਚੋਂ ਲੱਗਪਗ 9 ਜਿਲ੍ਹਿਆਂ ਵਿੱਚ ਆਏ ਹੜ੍ਹਾਂ ਦੀ ਸਥਿਤੀ ਨੂੰ ਉਨ੍ਹਾਂ ਬੜੇ ਸੁਚੱਜੇ ਢੰਗ ਨਾਲ ਸੰਭਾਲਿਆ ਹੈ। ਇਨ੍ਹਾਂ ਵਿੱਚੋਂ ਪਟਿਆਲਾ ਜਿਲ੍ਹੇ ਨਾਲ ਸੰਬੰਧਤ 4 ਜਿਲ੍ਹਿਆਂ ਦੀਆਂ ਡਿਪਟੀ ਕਮਿਸ਼ਨਰ ਹਨ। ਪਟਿਆਲਾ ਜਿਲ੍ਹੇ ਨੂੰ ਮਾਣ ਜਾਂਦਾ ਹੈ ਕਿ ਇਸ ਜਿਲ੍ਹੇ ਨਾਲ ਸੰਬੰਧਤ ਇਸਤਰੀ ਆਈ.ਏ.ਐਸ ਅਧਿਕਾਰੀ ਹਮੇਸ਼ਾ ਪੰਜਾਬ ਦੇ ਬਾਕੀ ਜਿਲ੍ਹਿਆਂ ਦੀਆਂ ਅਧਿਕਾਰੀਆਂ ਨਾਲੋਂ ਵਧੇਰੇ ਮਾਤਰਾ ਵਿੱਚ ਡਿਪਟੀ ਕਮਿਸ਼ਨਰ ਰਹੀਆਂ ਹਨ। ਇਸ ਸਮੇਂ ਪਟਿਆਲਾ ਸ਼ਹਿਰ ਨਾਲ ਸੰਬੰਧ ਰਖਦੀਆਂ ਚਾਰ ਆਈ.ਏ.ਐਸ.ਅਧਿਕਾਰੀ ਇਸਤਰੀਆਂ ਪੂਨਮਦੀਪ ਕੌਰ ਬਰਨਾਲਾ, ਪਰਨੀਤ ਕੌਰ ਸ਼ੇਰਗਿੱਲ ਫਤਿਹਗੜ੍ਹ ਸਾਹਿਬ, ਸੇਨੂੰ ਕਪਿਲਾ ਦੁੱਗਲ ਫਾਜ਼ਿਲਕਾ ਅਤੇ ਬਲਦੀਪ ਕੌਰ ਤਰਨਤਾਰਨ ਜਿਲ੍ਹਿਆਂ ਦੀਆਂ ਡਿਪਟੀ ਕਮਿਸ਼ਨਰ ਹਨ। ਪੂਨਮਦੀਪ ਕੌਰ ਫਤਿਹਗੜ੍ਹ ਸਾਹਿਬ ਦੀ ਡਿਪਟੀ ਕਮਿਸ਼ਨਰ ਵੀ ਰਹੀ ਹੈ। ਪੂਨਮਦੀਪ ਕੌਰ ਅਤੇ ਪਰਨੀਤ ਕੌਰ ਸ਼ੇਰਗਿੱਲ ਦੋਵੇਂ ਫ਼ੌਜੀ ਅਧਿਕਾਰੀਆਂ ਦੇ ਪਰਿਵਾਰਾਂ ਦੀਆਂ ਵਾਰਸ ਹਨ। ਪੂਨਮਦੀਪ ਕੌਰ ਦੇ ਪਤੀ ਮੇਜਰ ਮਨਵਿੰਦਰਾ ਸਿੰਘ ਬਾਰਾਮੁਲਾ ਵਿਖੇ ਦੇਸ਼ ਦੀ ਸਰਹੱਦ ਦੀ ਰਾਖੀ ਕਰਦਿਆਂ 12 ਦਸੰਬਰ 2000 ਨੂੰ ਸ਼ਹੀਦੀ ਦਾ ਜਾਮ ਪੀ ਗਏ ਸਨ। ਉਨ੍ਹਾਂ ਦਾ ਲੜਕਾ ਅਰਮਾਨਦੀਪ ਸਿੰਘ ਸਿੰਘ ਕਮਰਸ਼ੀਅਲ ਪਾਇਲਟ ਹੈ। ਪੂਨਮਦੀਪ ਕੌਰ ਦਾ ਪਿਤਾ ਕੁਲਬੀਰ ਸਿੰਘ ਦੇਸ਼ ਭਗਤ ਸੁਤੰਤਰਤਾ ਸੰਗਰਾਮੀ ਸੀ। ਪੂਨਮਦੀਪ ਕੌਰ ਪੀ.ਸੀ.ਐਸ ਵਿੱਚ ਆਉਣ ਤੋਂ ਪਹਿਲਾਂ ਅੰਗਰੇਜ਼ੀ ਦੇ ਲੈਕਚਰਾਰ ਸਨ। ਪੂਨਮਦੀਪ ਕੌਰ ਪੀ.ਸੀ.ਐਸ. ਬਣਨ ਤੋਂ ਬਾਅਦ ਬਹੁਤ ਸਾਰੇ ਮਹੱਤਵਪੂਰਨ ਅਹੁਦਿਆਂ 'ਤੇ ਤਾਇਨਾਤ ਰਹੇ ਹਨ, ਜਿਸ ਕਰਕੇ ਉਨ੍ਹਾਂ ਦਾ ਪ੍ਰਬੰਧਕੀ ਤਜ਼ਰਬਾ ਕਾਫੀ ਹੈ। ਉਹ ਮਿਹਨਤੀ ਅਤੇ ਸਿਰੜੀ ਹੈ। ਪਰਨੀਤ ਕੌਰ ਸ਼ੇਰਗਿੱਲ ਦੀ ਵਿਰਾਸਤ ਅਮੀਰ ਹੈ, ਉਸ ਦੇ ਪਿਤਾ ਬਰਗੇਡੀਅਰ ਬਲਵਿੰਦਰ ਸਿੰਘ ਸ਼ੇਰਗਿੱਲ ਸਨ, ਜਿਨ੍ਹਾਂ ਨੇ 21 ਅਗਸਤ 2001 ਨੂੰ ਕੁੱਪਵਾੜਾ ਵਿਖੇ ਦੇਸ਼ ਦੀ ਰਾਖੀ ਕਰਦਿਆਂ ਸ਼ਹਾਦਤ ਦਾ ਜਾਮ ਪੀਤਾ ਸੀ। ਪਰਨੀਤ ਕੌਰ ਸ਼ੇਰਗਿੱਲ ਦਾ ਤਾਇਆ ਡਾ.ਸ਼ਵਿੰਦਰ ਸਿੰਘ ਸ਼ੇਰਗਿੱਲ ਪੀ.ਜੀ.ਆਈ.ਚੰਡੀਗੜ੍ਹ ਵਿਖੇ ਹੱਡੀਆਂ ਦੇ ਮਾਹਰ ਡਾਕਟਰ ਰਹੇ ਹਨ, ਉਹ ਪੰਜਾਬ ਹੈਲਥ ਸਾਇੰਸਜ ਯੂਨੀਵਰਸਿਟੀ ਫਰੀਦਕੋਟ ਦੇ ਉਪ ਕੁਲਪਤੀ ਸਨ। ਉਨ੍ਹਾਂ ਦਾ ਪਿਛੋਕੜ ਬਰਨਾਲਾ ਜਿਲ੍ਹੇ ਦੇ ਦਾਨਗੜ੍ਹ ਪਿੰਡ ਨਾਲ ਹੈ। ਉਸ ਦੇ ਸਹੁਰਾ ਪਰਿਵਾਰ ਦੀ ਵਿਰਾਸਤ ਵਿਲੱਖਣ ਹੈ। ਉਸ ਦੇ ਪਤੀ ਦੇ ਦਾਦਾ ਅਮਰ ਸਿੰਘ ਕੰਬੋਜ ਪਟਿਆਲਾ ਰਿਆਸਤ ਦਾ ਜਾਣਿਆ ਪਹਿਚਾਣਿਆਂ ਹਸਤਾਖ਼ਰ ਸੀ। ਉਨ੍ਹਾਂ ਦੇ ਸਹੁਰਾ ਕਰਨਲ ਕਰਮਿੰਦਰ ਸਿੰਘ ਪ੍ਰਤਿਸ਼ਟ ਸ਼ੋਸ਼ਲ ਵਰਕਰ ਹਨ, ਜਿਹੜੇ ਬਲਾਈਂਡ, ਡੈਫ ਐਂਡ ਡੈਫਬਲਾਈਂਡ ਸਕੂਲ ਪਟਿਆਲਾ ਵਿਖੇ ਚਲਾ ਰਹੇ ਹਨ, ਜਿਥੇ ਲਗਪਗ 450 ਵਿਸ਼ੇਸ਼ ਬੱਚੇ ਅੱਧੇ ਲੜਕੇ ਅਤੇ ਅੱਧੀਆਂ ਲੜਕੀਆਂ ਬੋਰਡਿੰਗ ਵਿੱਚ ਰਹਿੰਦਿਆਂ ਪੜ੍ਹ ਰਹੇ ਹਨ। ਇਹ ਸਕੂਲ ਪਲੱਸ ਟੂ ਤੱਕ ਹੈ। ਪਰਨੀਤ ਕੌਰ ਦਾ ਵਿਆਹ ਸਿਮਰ ਪ੍ਰੀਤ ਸਿੰਘ ਨਾਲ ਹੋਇਆ। ਉਨ੍ਹਾਂ ਦੇ ਇਕ ਲੜਕਾ ਉਦੇ ਪ੍ਰਤਾਪ ਸਿੰਘ ਹੈ। ਸਿਮਰਪ੍ਰੀਤ ਸਿੰਘ ਵੀ ਆਪਣੀ ਪਿਤਾ ਪੁਰਖੀ ਵਿਰਾਸਤ ਅਨੁਸਾਰ ਸਮਾਜ ਸੇਵਾ ਦਾ ਕੰਮ ਕਰਦਾ ਹੈ। ਪਰਨੀਤ ਕੌਰ ਸ਼ੇਰਗਿੱਲ 2001 ਵਿੱਚ ਪੀ.ਸੀ.ਐਸ.ਵਿੱਚ ਆਈ ਸੀ। ਉਹ ਬਹੁਤ ਸਾਰੇ ਮਹੱਤਵਪੂਰਨ ਅਹੁਦਿਆਂ ਤੇ ਰਹੀ ਹੈ, ਜਿਸ ਕਰਕੇ ਉਸ ਦਾ ਪ੍ਰਬੰਧਕੀ ਤਜ਼ਰਬਾ ਵਿਸ਼ਾਲ ਹੈ। ਉਨ੍ਹਾਂ ਵਿੱਚ ਤਨਦੇਹੀ ਨਾਲ ਕੰਮ ਕਰਨ ਅਤੇ ਅਨੁਸ਼ਾਸ਼ਨ ਵਿੱਚ ਰਹਿਣ ਅਤੇ ਆਪਣੇ ਸਟਾਫ ਤੋਂ ਸਹਿਯੋਗ ਲੈਣ ਦੀ ਸਮਰੱਥਾ ਹੈ। ਪਰਨੀਤ ਕੌਰ ਸ਼ੇਰਗਿੱਲ ਨੇ ਪੱਤਰਕਾਰੀ ਵਿੱਚ ਆਨਰਜ਼ ਕੀਤੀ ਹੋਈ ਹੈ। ਉਹ ਅੰਗਰੇਜ਼ੀ ਦੇ ਮੈਗਜ਼ੀਨ ਅਤੇ ਅਖ਼ਬਾਰ ਵਿੱਚ ਪੱਤਰਕਾਰ ਵੀ ਰਹੀ ਹੈ। ਉਸ ਦੇ ਅੰਗਰੇਜ਼ੀ ਦੇ ਅਖ਼ਬਾਰਾਂ ਵਿੱਚ ਲੇਖ ਵੀ ਪ੍ਰਕਾਸ਼ਤ ਹੁੰਦੇ ਰਹੇ ਹਨ। ਜੁਲਾਈ 2023 ਦੇ ਹੜ੍ਹਾਂ ਦੌਰਾਨ ਫ਼ਤਿਹਗੜ੍ਹ ਜਿਲ੍ਹੇ ਵਿੱਚ ਆਏ ਹੜ੍ਹ ਦੇ ਪ੍ਰਕੋਪ ਸਮੇਂ ਪਰਨੀਤ ਕੌਰ ਸ਼ੇਰਗਿੱਲ ਦਲੇਰੀ ਨਾਲ ਡੂੰਘੇ ਪਾਣੀ ਵਿੱਚ ਖੁਦ ਪਹੁੰਚਕੇ ਲੋਕਾਂ ਦੀਆਂ ਜਾਨਾ ਬਚਾਉਣ ਦੇ ਪ੍ਰਬੰਧ ਕਰਦੇ ਰਹੇ। ਬਲਦੀਪ ਕੌਰ ਇਸ ਸਮੇਂ ਤਰਨਤਾਰਨ ਦੀ ਡਿਪਟੀ ਕਮਿਸ਼ਨਰ ਹੈ। ਉਹ ਵੀ ਪਟਿਆਲਾ ਨਾਲ ਸੰਬੰਧਤ ਹੈ। ਉਸ ਦਾ ਸਹੁਰਾ ਪਰਿਵਾਰ ਪਟਿਆਲਾ ਨਾਲ ਸੰਬੰਧਤ ਹੈ। ਉਸ ਦਾ ਪਿਤਾ ਬੇਅੰਤ ਸਿੰਘ ਬੇਦੀ ਪਟਿਆਲਾ ਵਿਖੇ ਸ਼ੈਸ਼ਨਜ ਜੱਜ ਰਹੇ ਹਨ। ਬਲਦੀਪ ਕੌਰ ਏਥੇ ਹੀ ਪੜ੍ਹੇ ਹਨ। ਇਸ ਤੋਂ ਇਲਾਵਾ ਅੰਮ੍ਰਿਤ ਕੌਰ ਸ਼ੇਰਗਿੱਲ ਫ਼ਤਿਹਗੜ੍ਹ ਸਾਹਿਬ ਅਤੇ ਮਾਲੇਰਕੋਟਲਾ ਦੀ ਡਿਪਟੀ ਕਮਿਸ਼ਨਰ ਰਹੀ ਹੈ। ਉਹ ਪੰਜਾਬ ਦੇ ਮੁੱਖ ਮੰਤਰੀ ਦੀ ਵਧੀਕ ਪ੍ਰਿੰਸੀਪਲ ਸਕੱਤਰ ਵੀ ਰਹੀ ਹੈ। ਆਪਣੇ ਕੰਮ ਦੀ ਮਾਹਿਰ ਹੈ। ਅੱਜ ਕਲ੍ਹ ਉਹ ਸਕੱਤਰ ਮਾਰਕੀਟਿੰਗ ਬੋਰਡ ਦੇ ਅਹੁਦੇ 'ਤੇ ਕੰਮ ਕਰ ਰਹੇ ਹਨ। ਉਹ ਅੰਤਰਰਾਸ਼ਟਰੀ ਪੱਧਰ ਦੀ ਸਾਈਕਲਿਸਟ ਹੈ। ਉਨ੍ਹਾਂ ਦੇ ਪਿਤਾ ਵੀ ਸਾਈਕਲ ਫੈਡਰੇਸ਼ਨ ਆਫ ਇੰਡੀਆ ਦੇ ਪ੍ਰਧਾਨ ਸਨ। ਇਸੇ ਤਰ੍ਹਾਂ ਕਿਰਨਪ੍ਰੀਤ ਕੌਰ ਬਰਾੜ ਵੀ ਡਿਪਟੀ ਕਮਿਸ਼ਨਰ ਰਹੀ ਹੈ। ਅੱਜ ਕਲ੍ਹ ਉਹ ਮੈਨੇਜਿੰਗ ਡਾਇਰੈਕਟਰ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਅਹੁਦੇ 'ਤੇ ਕੰਮ ਕਰ ਰਹੇ ਹਨ। ਸਾਰੀਆਂ ਵੱਖ-ਵੱਖ ਜਿਲ੍ਹਿਆਂ ਵਿੱਚ ਡਿਪਟੀ ਕਮਿਸ਼ਨਰ ਰਹੀਆਂ ਹਨ। ਅੰਮ੍ਰਿਤ ਕੌਰ ਗਿੱਲ, ਪੂਨਮਦੀਪ ਕੌਰ, ਪਰਨੀਤ ਕੌਰ ਸ਼ੇਰਗਿੱਲ ਅਤੇ ਸੇਨੂੰ ਦੁੱਗਲ, ਮੈਨੂੰ ਇਨ੍ਹਾਂ ਚਾਰੇ ਅਧਿਕਾਰੀਆਂ ਨੂੰ ਕੰਮ ਕਰਦਿਆਂ ਨੇੜੇ ਤੋਂ ਵੇਖਣ ਦਾ ਮਾਣ ਪ੍ਰਾਪਤ ਹੈ। ਇਹ ਸਾਰੇ ਅਧਿਕਾਰੀ ਮਿਹਨਤੀ, ਦਲੇਰ ਅਤੇ ਲੋਕਾਂ ਦੇ ਹੱਕ ਤੇ ਸੱਚ 'ਤੇ ਪਹਿਰਾ ਦੇਣ ਵਾਲੇ ਹਨ। ਇਨ੍ਹਾਂ ਵਿੱਚੋਂ ਤਿੰਨ ਅਧਿਕਾਰੀ ਅੰਮ੍ਰਿਤ ਕੌਰ ਗਿੱਲ, ਪੂਨਮਦੀਪ ਕੌਰ ਅਤੇ ਪਰਨੀਤ ਕੌਰ ਸ਼ੇਰਗਿੱਲ ਪਟਿਆਲਾ ਵਿਖੇ ਜਦੋਂ ਉਹ ਪੀ.ਸੀ.ਐਸ.ਅਧਿਕਾਰੀ ਹੁੰਦੀਆਂ ਸਨ ਤਾਂ ਉਹ ਜੀ.ਏ., ਐਸ.ਡੀ.ਐਮ., ਸ਼ਿਕਾਇਤ ਨਿਵਾਰਨ ਅਧਿਕਾਰੀ ਅਤੇ ਏ.ਸੀ.ਏ.ਪੁਡਾ ਆਦਿ ਵੱਖ-ਵੱਖ ਅਹੁਦਿਆਂ 'ਤੇ ਕੰਮ ਕਰਦੀਆਂ ਰਹੀਆਂ ਹਨ। 2003 ਵਿੱਚ ਜਦੋਂ ਪਟਿਆਲਾ ਵਿਖੇ ਹੈਰੀਟੇਜ ਮੇਲੇ ਲੱਗਦੇ ਰਹੇ ਸਨ, ਇਨ੍ਹਾਂ ਅਧਿਕਾਰੀਆਂ ਦੀ ਕਾਰਜਕੁਸ਼ਲਤਾ ਵੇਖਣ ਵਾਲੀ ਹੁੰਦੀ ਸੀ। ਸਵੇਰੇ ਸੂਰਜ ਦੀ ਟਿੱਕੀ ਨਿਕਲਣ ਤੋਂ ਲੈ ਕੇ ਅੱਧੀ ਰਾਤ ਤੱਕ ਸਾਰੇ ਪ੍ਰਬੰਧਾਂ ਦੀ ਨਿਗਰਾਨੀ ਕਰਦੇ ਰਹਿੰਦੇ ਸਨ। ਇਨ੍ਹਾਂ ਦਾ ਸਿਰੜ, ਦ੍ਰਿੜ੍ਹਤਾ ਅਤੇ ਲਗਨ ਨਾਲ ਆਪਣੇ ਫ਼ਰਜ ਨਿਭਾਉਣ ਦੀ ਪ੍ਰਵਿਰਤੀ ਕਾਬਲੇ ਤਾਰੀਫ਼ ਹੁੰਦੀ ਸੀ। ਪੂਰੇ ਦੇਸ਼ ਵਿੱਚੋਂ ਵੱਖ-ਵੱਖ ਖੇਤਰਾਂ ਦੇ ਨਾਮਵਰ ਕਲਾਕਾਰ ਆਉਂਦੇ ਸਨ, ਉਨ੍ਹਾਂ ਦੇ ਪ੍ਰੋਗਰਾਮਾ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਵਿੱਚ ਵਿਸ਼ੇਸ਼ ਭੂਮਿਕਾ ਇਨ੍ਹਾਂ ਅਧਿਕਾਰੀਆਂ ਦੀ ਹੁੰਦੀ ਸੀ। ਇਸ ਤੋਂ ਇਲਾਵਾ ਰਾਤ ਬਰਾਤੇ ਹੜ੍ਹਾਂ ਵਰਗੀ ਔਖੀ ਕੁਦਰਤੀ ਆਫ਼ਤ ਸਮੇਂ ਵੀ ਇਹ ਅਧਿਕਾਰੀ ਆਪਣੇ ਫ਼ਰਜ਼ ਬਾਖ਼ੂਬੀ ਨਿਭਾਉਂਦੇ ਰਹੇ ਹਨ। ਉਹ ਪ੍ਰਬੰਧਕੀ ਕਾਰਜ਼ਕੁਸ਼ਲਤਾ ਵਾਲੀਆਂ ਅਧਿਕਾਰੀ ਹਨ। ਇਸੇ ਤਰ੍ਹਾਂ ਡਾ.ਸੇਨੂੰ ਦੁੱਗਲ ਨੂੰ ਮੈਂ ਲੋਕ ਸੰਪਰਕ ਵਿਭਾਗ ਵਿੱਚ ਲੰਬਾ ਸਮਾਂ ਕੰਮ ਕਰਦਿਆਂ ਵੇਖਿਆ ਹੈ। ਉਹ ਵਿਭਾਗ ਦੀਆਂ ਮਹੱਤਵਪੂਰਨ ਸ਼ਾਖ਼ਾਵਾਂ ਦੇ ਮੁੱਖੀ ਰਹੇ ਹਨ।, ਜਿਨ੍ਹਾਂ ਵਿੱਚ ਪ੍ਰੈਸ ਸ਼ਾਖ਼ਾ, ਇਸ਼ਤਿਹਾਰ ਸ਼ਾਖ਼ਾ, ਸ਼ੋਸ਼ਲ ਮੀਡੀਆ ਅਤੇ ਪਨਮੀਡੀਆ ਸ਼ਾਮਲ ਹਨ। ਲੋਕ ਸੰਪਰਕ ਵਿਭਾਗ ਦਾ ਕੰਮ ਬਹੁਤ ਹੀ ਟੇਡੀ ਖੀਰ ਹੁੰਦਾ ਹੈ। ਉਹ ਅਤਿ ਨਾਜ਼ਕ ਹਾਲਾਤ ਵਿੱਚ ਰਾਤ ਬਰਾਤੇ ਸ਼ਿਦਤ ਨਾਲ ਕੰਮ ਕਰਦੇ ਰਹੇ ਹਨ। ਆਪਣੀ ਪੜ੍ਹਾਈ ਵਿੱਚ ਉਹ ਗੋਲਡ ਮੈਡਲਿਸਟ ਹਨ। ਉਨ੍ਹਾਂ ਨੇ ਪੀ.ਐਚ.ਡੀ ਆਰਟਸ ਐਂਡ ਸ਼ੋਸ਼ਲ ਸਾਇੰਸਜ ਵਿਸ਼ੇ ਵਿੱਚ ਕੀਤੀ ਹੋਈ ਹੈ। ਉਨ੍ਹਾਂ ਦੀ ਵਿਰਾਸਤ ਸਾਹਿਤ, ਸੰਗੀਤ ਅਤੇ ਨ੍ਰਿਤ ਨਾਲ ਸੰਬੰਧਤ ਹੈ। ਉਨ੍ਹਾਂ ਦੀ ਮਾਤਾ ਸੁਰਿੰਦਰ ਕਪਿਲਾ ਪਟਿਆਲਾ ਵਿਖੇ ਲੜਕੀਆਂ ਦੇ ਕਾਲਜ ਦੇ ਪ੍ਰਿੰਸੀਪਲ ਰਹੇ ਹਨ।

ਉਨ੍ਹਾਂ ਦੇ ਪਿਤਾ ਪ੍ਰੇਮ ਚੰਦ ਲੋਕ ਨਿਰਮਾਣ ਵਿਭਾਗ ਵਿੱਚ ਸਬ ਡਵੀਜਨਲ ਅਧਿਕਾਰੀ ਸਨ। ਉਨ੍ਹਾਂ ਦਾ ਪਿਛੋਕੜ ਲੁਧਿਆਣਾ ਜਿਲ੍ਹੇ ਦੇ ਸਾਹਨੇਵਾਲ ਕਸਬੇ ਨਾਲ ਹੈ। ਇਨ੍ਹਾਂ ਲੜਕੀਆਂ ਨੂੰ ਕੰਮ ਕਰਦਿਆਂ ਵੇਖ ਕੇ ਮਰਦ ਔਰਤ ਦੇ ਬਰਾਬਰੀ ਦੇ ਸੰਕਲਪ ਦਾ ਪ੍ਰਗਟਾਵਾ ਹੁੰਦਾ ਹੈ।

# ਟੈਲੀਵਿਜ਼ਨ ਅਤੇ ਸਾਹਿਤ ਦਾ ਰਿਸ਼ਤਾ

ਪ੍ਰੋ. ਕੁਲਬੀਰ ਸਿੰਘ

ਟੈਲੀਵਿਜ਼ਨ ਅਤੇ ਸਾਹਿਤ ਇਕ ਦੂਸਰੇ ਦੇ ਪੂਰਕ ਹਨ, ਵਿਰੋਧੀ ਨਹੀਂ। ਪਰ ਟੈਲੀਵਿਜ਼ਨ ਦੇ ਅਧਿਕਾਰੀਆਂ ਕਰਮਚਾਰੀਆਂ ਦੀ ਹਉਮੈ ਅਤੇ ਲੇਖਕਾਂ ਸਾਹਿਕਾਰਾਂ ਦੀ ਮੈਂ ਨੇ ਇਕ ਦੂਸਰੇ ਦਾ ਨੁਕਸਾਨ ਕੀਤਾ ਹੈ। ਆਦਾਨ ਪ੍ਰਦਾਨ ਰਾਹੀਂ ਦੋਹਾਂ ਦਾ ਦਾਇਰਾ ਮੋਕਲਾ ਹੁੰਦਾ, ਕੱਦ ਵੱਧਦਾ। ਪਰ ਤਾਲਮੇਲ ਅਤੇ ਪ੍ਰਸਪਰ ਸਮਝ ਦੀ ਘਾਟ ਕਾਰਨ ਸਮੇਂ ਨਾਲ ਟਕਰਾ ਅਤੇ ਵਿਰੋਧ ਵੱਧਦਾ ਗਿਆ। ਇਕ ਵਿਸ਼ੇਸ਼ ਵਰਗ ਦੇ ਲੇਖਕਾਂ, ਸਾਹਿਤਕਾਰਾਂ, ਸ਼ਾਇਰਾਂ ਦਾ ਟੈਲੀਵਿਜ਼ਨ 'ਤੇ ਗਲਬਾ ਰਿਹਾ। ਨਤੀਜੇ ਵਜੋਂ ਵਧੇਰੇ ਕਰਕੇ ਚੰਗਾ, ਮਿਆਰੀ ਤੇ ਸਮਾਜਕ ਮਾਨਵੀ ਸਰੋਕਾਰਾਂ ਵਾਲਾ ਸਾਹਿਤ ਟੈਲੀਵਿਜ਼ਨ ਪਰਦੇ ਤੱਕ ਨਹੀਂ ਪਹੁੰਚ ਸਕਿਆ। ਜਦੋਂ ਜਦੋਂ ਅਜਿਹੀਆਂ ਸਾਹਿਤਕ ਕਿਰਤਾਂ ਨੂੰ ਮੌਕਾ ਮਿਲਿਆ ਉਦੋਂ ਉਦੋਂ ਦਰਸ਼ਕਾਂ ਨੇ ਭਰਪੂਰ ਹੁੰਗਾਰਾ ਭਰਿਆ ਅਤੇ ਟੈਲੀਵਿਜ਼ਨ ਦੀ ਵਾਹਵਾ ਭੱਲ ਬਣੀ। ਟੈਲੀਵਿਜ਼ਨ ਪ੍ਰੋਗਰਾਮਾਂ ਦੀ ਸਾਰਥਿਕਤਾ ਵਧੀ ਅਤੇ ਕਾਰਗੁਜ਼ਾਰੀ ਬਿਹਤਰ ਹੋਈ। ਦੂਰਦਰਸ਼ਨ ਦੇ ਕੌਮੀ ਚੈਨਲ ਦੀਆਂ ਕੁਝ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ ਅਤੇ ਕੁਝ ਦੂਰਦਰਸ਼ਨ ਦੇ ਖੇਤਰੀ ਚੈਨਲਾਂ ਦੀਆਂ। ਸਾਹਿਤਕਾਰ ਖ਼ੁਦ ਨੂੰ ਸਮਾਜ ਨਾਲ ਨੇੜਲਾ ਸਬੰਧ ਰੱਖਣ ਵਾਲਾ ਮੰਨਦਾ ਹੈ ਪਰੰਤੂ ਉਸਦੀ ਲੋਕਾਂ ਤੱਕ ਵਾਸਤਵਿਕ ਪਹੁੰਚ ਮੀਡੀਆ ਦੁਆਰਾ ਹੁੰਦੀ ਹੈ। ਬਿਨ੍ਹਾਂ ਸ਼ੱਕ ਪ੍ਰਿੰਟ ਮੀਡੀਆ ਦਾ ਸਾਹਿਤ ਨੂੰ ਵਡਮੁੱਲਾ ਯੋਗਦਾਨ ਹੈ ਪਰੰਤੂ ਟੈਲੀਵਿਜ਼ਨ ਦੇ ਪ੍ਰਸੰਗ ਵਿਚ ਅਜਿਹਾ ਨਹੀਂ ਕਿਹਾ ਜਾ ਸਕਦਾ। ਲੋਕਾਂ ਲਈ ਲਿਖਣ ਵਾਲੇ ਬਹੁਗਿਣਤੀ ਲੇਖਕ ਇਸਤੋਂ ਕੰਨੀਂ ਕਤਰਾਉਂਦੇ ਰਹੇ ਹਨ। ਟੈਲੀਵਿਜ਼ਨ ਨੇ ਅਖ਼ਬਾਰਾਂ ਅਤੇ ਅਕਾਸ਼ਵਾਣੀ ਦੇ ਮੁਕਾਬਲੇ ਸਾਹਿਤਕਾਰਾਂ ਨੂੰ ਬਣਦਾ ਆਦਰ ਮਾਣ ਨਹੀਂ ਦਿੱਤਾ। ਸਾਹਿਤ ਅਤੇ ਮੀਡੀਆ ਇਕ ਵਿਸ਼ਾਲ ਕੈਨਵਸ ਹੈ। ਦੋਹਾਂ ਨੂੰ ਚਾਹੀਦਾ ਹੈ ਕਿ ਮਿਲ ਕੇ ਲੋਕ-ਕਲਿਆਣ ਦੀ ਭਾਵਨਾ ਨਾਲ ਕੰਮ ਕਰਨ। ਇਸਦੇ ਉਲਟ ਟੈਲੀਵਿਜ਼ਨ ਨੇ ਸਾਹਿਤ ਅਤੇ ਕਲਾ ਨੂੰ ਮੂਲੋਂ ਵਿਸਾਰ ਦਿੱਤਾ ਹੈ। ਸਾਹਿਤ ਅਤੇ ਕਲਾ ਨਾਲ ਸਬੰਧਤ ਲੜੀਵਾਰ ਪ੍ਰੋਗਰਾਮ ਲੱਭਿਆਂ ਵੀ ਨਹੀਂ ਲੱਭਦੇ। ਪੰਜਾਬੀ ਕਹਾਣੀ, ਪੰਜਾਬੀ ਨਾਵਲ, ਪੰਜਾਬੀ ਨਾਟਕ, ਪੰਜਾਬੀ ਕਵਿਤਾ 'ਤੇ ਕਦੇ ਵੀ ਕੋਈ ਪ੍ਰੋਗਰਾਮ ਵੇਖਣ ਨੂੰ ਨਹੀਂ ਮਿਲਦਾ। ਅੱਜ ਕਲ੍ਹ ਚੈਨਲਾਂ ਦੀਆਂ ਤਰਜੀਹਾਂ ਹੋਰ ਹਨ। ਟੀ.ਆਰ.ਪੀ. ਹੈ। ਇਸ਼ਤਿਹਾਰਬਾਜ਼ੀ ਹੈ। ਕਾਹਲ ਹੈ। ਸ਼ੋਰ ਸ਼ਰਾਬਾ ਹੈ। ਤੂੰ ਤੂੰ ਮੈਂ ਮੈਂ ਹੈ। ਗ਼ੈਰ ਮਿਆਰੀ ਮਨੋਰੰਜਨ ਹੈ ਅਤੇ ਅਜਿਹਾ ਬੜਾ ਕਝ ਹੋਰ। ਖ਼ਬਰ ਦੀ ਪਰਿਭਾਸ਼ਾ ਬਦਲ ਗਈ ਹੈ। ਇਕ ਵਾਰ ਮੈਂ ਪ੍ਰੋਗਰਾਮ ਕਰਨ ਲਈ ਦੂਰਦਰਸ਼ਨ ਗਿਆ। ਪ੍ਰੋਗਰਾਮ ਦਾ ਪ੍ਰੋਡਿਊਸਰ ਛੁੱਟੀ 'ਤੇ ਸੀ। ਉਸਦੀ ਜਗ੍ਹਾ ਅਸਿਸਟੈਂਟ ਪ੍ਰੋਡਿਊਸਰ ਡਿਊਟੀ 'ਤੇ ਸੀ। ਮੈਂ ਸਹੀ ਸਮੇਂ 'ਤੇ ਪਹੁੰਚ ਗਿਆ। ਅਸਿਸਟੈਂਟ ਪ੍ਰੋਡਿਊਸਰ ਨੂੰ ਇਧਰ ਓਧਰ ਵੇਖਿਆ। ਕਿਧਰੇ ਨਜ਼ਰ ਨਾ ਆਇਆ। ਮੈਂ ਪ੍ਰੋਗਰਾਮ ਲਈ ਲੋੜੀਂਦੀ ਕਾਰਵਾਈ ਪੂਰੀ ਕੀਤੀ ਅਤੇ 10 ਕੁ ਮਿੰਟ ਪਹਿਲਾਂ ਮੇਕਅਪ ਰੂਮ ਵਿਚ ਪਹੁੰਚ ਕੇ ਮੇਕਅਪ ਕਰਵਾਉਣ ਲੱਗਾ ਤਾਂ ਉਹ ਉਥੇ ਆਕੇ ਗੁੱਸੇ ਵਿਚ ਉੱਚੀ ਆਵਾਜ਼ ਵਿਚ ਬੋਲਣ ਲੱਗਾ। ਮੈਨੂੰ ਵੀ ਅਤੇ ਮਾਹਿਰ ਨੂੰ ਵੀ। ਕਹਿੰਦਾ, 'ਤੁਸੀਂ ਇੱਥੇ ਗੈਸਟ ਹੋ, ਦੂਰਦਰਸ਼ਨ ਦੀ ਪ੍ਰਤੀਨਿਧਤਾ ਮੈਂ ਕਰਦਾ ਹਾਂ। ਤੁਹਾਨੂੰ ਮੇਰੇ ਕੋਲ ਆਉਣਾ ਚਾਹੀਦਾ ਸੀ, ਮੈਨੂੰ ਲੱਭਣਾ ਚਾਹੀਦਾ ਸੀ।' ਮੈਂ ਉਸਨੂੰ ਬਥੇਰਾ ਕਿਹਾ, 'ਤੁਹਾਨੂੰ ਬਹੁਤ ਲੱਭਿਆ, ਤੁਸੀਂ ਨਹੀਂ ਲੱਭੇ।' ਕਹਿਣ ਲੱਗਾ, ÷ਮੈਂ ਫਲਾਣੀ ਫਲੋਰ 'ਤੇ ਫਲਾਣੇ ਕਮਰੇ ਵਿਚ ਬੈਠਾ ਸਾਂ।'ਮੈਂ ਕਿਹਾ, 'ਮੈਨੰ ਨਹੀਂ ਪਤਾ ਕਿ ਤੁਸੀਂ ਉੱਥੇ ਬੈਠਦੇ ਹੋ। ਏਨਾ ਵਕਤ ਵੀ ਨਹੀਂ ਸੀ ਕਿ ਤੁਹਾਨੂੰ ਲਗਾਤਾਰ ਲੱਭੀ ਜਾਂਦਾ। ਜਦੋਂ ਤੁਹਾਨੂੰ ਪਤਾ ਹੈ ਕਿ ਮਾਹਿਰ ਅਤੇ ਐਂਕਰ ਫਲਾਣੇ ਕਮਰੇ ਵਿਚ ਆ ਕੇ ਬੈਠਦੇ ਹਨ ਤਾਂ ਤੁਹਾਨੂੰ ਉਥੇ ਮੌਜੂਦ ਹੋਣਾ ਚਾਹੀਦਾ ਸੀ ਜਾਂ ਆ ਕੇ ਮਿਲਣਾ ਚਾਹੀਦਾ ਸੀ।÷ ਇਸਤੇ ਉਹ ਹੋਰ ਖਿਝ ਗਿਆ ਅਤੇ ਪ੍ਰੋਗਰਾਮ ਪੇਸ਼ ਕਰਨ ਤੋਂ ਐਨ ਪਹਿਲਾਂ ਸਾਡਾ ਮੂਡ ਖ਼ਰਾਬ ਕਰਕੇ ਚਲਾ ਗਿਆ। ਉਸਤੋਂ ਬਾਅਦ ਕਦੇ ਵੀ ਮੈਂ ਉਸਦੀ ਨਿਗਰਾਨੀ ਹੇਠ ਪ੍ਰੋਗਰਾਮ ਕਰਨ ਨਹੀਂ ਗਿਆ। ਇਕ ਵਾਰ ਫਿਰ ਅਜਿਹਾ ਵਾਪਰਿਆ। ਸਵੇਰ ਦੇ ਬੜੇ ਮਹੱਤਵਪੂਰਨ ਪ੍ਰੋਗਰਾਮ ਵਿਚ ਮੈਂ ਮਾਹਿਰ ਵਜੋਂ ਬੈਠਾ ਸਾਂ। ਵਿਸ਼ਵ ਪੰਜਾਬੀ ਮੀਡੀਆ ਕਾਨਫ਼ਰੰਸ ਕਰਵਾਉਣੀ ਸੀ। ਉਸ ਸਬੰਧ ਵਿਚ ਮੇਰੇ ਨਾਲ ਇੰਟਰਵਿਊ ਸੀ। ਐਂਕਰ ਵਜੋਂ ਇਕ ਆਕੜਖਾਨ ਪ੍ਰੋਡਿਊਸਰ ਖ਼ੁਦ ਬੈਠ ਗਿਆ। ਪਹਿਲਾਂ ਤਾਂ ਉਹ ਉਸ ਜਗ੍ਹਾ ਨਹੀਂ ਪਹੁੰਚਿਆ ਜਿੱਥੇ ਪ੍ਰੋਗਰਾਮ ਤੋਂ ਪਹਿਲਾਂ ਮਾਹਿਰ, ਐਂਕਰ ਤੇ ਪ੍ਰੋਡਿਊਸਰ ਮਿਲ ਬੈਠਦੇ ਹਨ ਅਤੇ ਇੰਟਰਵਿਊ ਦੀ ਰੂਪ-ਰੇਖਾ, ਸਵਾਲ ਜਵਾਬ ਬਾਰੇ ਵਿਚਾਰ ਕਰਦੇ ਹਨ। ਉਹ ਸਿੱਧਾ ਸੈੱਟ 'ਤੇ ਪਹੁੰਚਿਆ ਅਤੇ ਪ੍ਰੋਗਰਾਮ ਆਰੰਭ ਹੁੰਦਿਆਂ ਹੀ ਪੁੱਠੇ ਸਿੱਧੇ ਸਵਾਲ ਕਰਨ ਲੱਗਾ। ਮੈਂ ਆਪਣੇ ਹਫ਼ਤਾਵਾਰ ਕਾਲਮ ਵਿਚ ਇਸ ਸੱਭ ਕੁਝ ਦਾ ਜ਼ਿਕਰ ਕੀਤਾ ਤਾਂ ਬਹੁਤ ਸਾਰੇ ਫੋਨ ਆਏ ਕਿ ਤੁਸੀਂ ਬਿਲਕੁਲ ਸਹੀ ਲਿਖਿਆ ਹੈ। ਲੁਧਿਆਣੇ ਤੋਂ ਉੱਘੇ ਸਾਹਿਤਕਾਰ ਗੁਰਭਜਨ ਸਿੰਘ ਗਿੱਲ ਹੁਰਾਂ ਦਾ ਲੰਮਾ ਫੋਨ ਆਇਆ ਕਿ ਤੁਸੀਂ ਜੁਅਰਤ ਨਾਲ ਲਿਖਿਆ ਹੈ। ਇਹ ਪ੍ਰੋਡਿਊਸਰ ਇਕ ਪ੍ਰੋਗਰਾਮ ਵਿਚ ਮੇਰੇ ਨਾਲ ਵੀ ਅਜਿਹਾ ਕਰ ਚੁੱਕਾ ਹੈ। ਉਸਨੂੰ ਨਾ ਦੂਰਦਰਸ਼ਨ ਦੇ ਵਿਹੜੇ ਆਏ ਮਹਿਮਾਨ ਦੀ ਕਦਰ ਹੈ, ਨਾ ਲੇਖਕ ਦੀ। ਇਹ ਹਉਮੈ, ਇਹ ਵਿਰੋਧ, ਇਹ ਟਕਰਾ ਬੰਦ ਹੋਣੇ ਚਾਹੀਦੇ ਹਨ। ਦੂਰਦਰਸ਼ਨ ਕਿਸੇ ਦਾ ਨਿੱਜੀ ਅਦਾਰਾ ਨਹੀਂ ਹੈ। ਉਹ ਉਥੇ ਕੇਵਲ ਕਰਮਚਾਰੀ, ਅਧਿਕਾਰੀ ਵਜੋਂ ਸੇਵਾਵਾਂ ਨਿਭਾ ਰਹੇ ਹਨ।

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263

Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal health insurance



Harvinder Singh
587-574-0029
harvinder.h.singh@sunlife.com
Sun Life Assurance Company of Canada is a member of the Sun Life group of companies.
© Sun Life Assurance Company of Canada, 2021.

ARROW DRYWALL INC.
The Name You Can Trust
Products of Services:
Insulation • Drywall • Taping • Texturing • Blow Insulation
ਇੰਸੂਲੇਸ਼ਨ • ਡਰਾਈਵਾਲ • ਟੇਪਿੰਗ • ਬਲੋ ਇੰਸੂਲੇਸ਼ਨ • ਟੈਕਸਚਰਿੰਗ
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ



Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500



# ਕੈਨੇਡਾ ਈਸਟ ਨੇ ਕੀਤਾ ਕੈਨੇਡਾ ਕਬੱਡੀ ਕੱਪ 'ਤੇ ਕਬਜ਼ਾ

# ਰਵੀ ਦਿਉਰਾ ਤੇ ਰਵੀ ਸਾਹੋਕੇ ਬਣੇ ਸਰਵੋਤਮ ਖਿਡਾਰੀ



ਕੱਪ ਜੇਤੂ ਕੈਨੇਡਾ ਈਸਟ ਦੀ ਟੀਮ ਜਸਵਿੰਦਰ ਸਿੰਘ ਸ਼ੋਕਰ ਤੇ ਸਾਥੀ ਪ੍ਰਬੰਧਕਾਂ ਤੋਂ ਟਰਾਫੀ ਹਾਸਿਲ ਕਰਦੀ ਹੋਈ।



ਕੰਜਰਵੇਟਿਵ ਪਾਰਟੀ ਦੇ ਨੇਤਾ ਪੀਅਰ ਪੌਲੀਵਰ ਦਰਸ਼ਕਾਂ ਦੇ ਰੂਬਰੂ ਹੁੰਦੇ ਹੋਏ ਨਾਲ ਖੜੇ ਹਨ ਮੇਜ਼ਬਾਨ ਜਸਵਿੰਦਰ ਸਿੰਘ ਸ਼ੋਕਰ ਤੇ ਸਾਥੀ



ਖੁਸ਼ੀ ਗਿੱਲ ਦੁੱਗਾ ਦੇ ਪਿਤਾ ਨਿਰਮਲ ਸਿੰਘ ਗਿੱਲ ਦਾ ਸਨਮਾਨ ਕਰਦੇ ਹੋਏ ਇੰਦਰਜੀਤ ਧੁੱਗਾ ਤੇ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਦੇ ਅਹੁਦੇਦਾਰ।



ਸਰਵੋਤਮ ਧਾਵੀ ਰਵੀ ਦਿਉਰਾ



ਸਰਵੋਤਮ ਜਾਫੀ ਰਵੀ ਸਾਹੋਕੇ

**ਟੋਰਾਂਟੋ:** ਹੈਮਿਲਟਨ ਦੇ ਫਸਟ ਓਂਟਾਰੀਓ ਸੈਂਟਰ 'ਚ ਯੂਨਾਈਟਡ ਬਰੈਂਪਟਨ ਸਪੋਰਟਸ ਕਲੱਬ ਵੱਲੋਂ ਜਸਵਿੰਦਰ ਸਿੰਘ ਜਸ ਸ਼ੋਕਰ ਦੀ ਅਗਵਾਈ 'ਚ ਕਰਵਾਇਆ ਗਿਆ 30ਵਾਂ ਕੈਨੇਡਾ ਕਬੱਡੀ ਕੱਪ ਕੈਨੇਡਾ ਈਸਟ ਦੀ ਟੀਮ ਨੇ ਜਿੱਤਣ ਦਾ ਮਾਣ ਪ੍ਰਾਪਤ ਕੀਤਾ ਜਦੋਂ ਕਿ ਯੂ.ਐਸ.ਏ. ਦੀ ਟੀਮ ਉਪ ਜੇਤੂ ਰਹੀ। ਜੇਤੂ ਟੀਮ ਦੇ ਖਿਡਾਰੀ ਰਵੀ ਦਿਉਰਾ ਨੇ ਸਰਵੋਤਮ ਧਾਵੀ ਅਤੇ ਰਵੀ ਸਾਹੋਕੇ ਨੇ ਬਿਹਤਰੀਨ ਜਾਫੀ ਦਾ ਖਿਤਾਬ ਜਿੱਤਿਆ। ਸੁਲਤਾਨ ਸਮਸਪੁਰ ਨੂੰ ਮੋਸਟ ਵਾਲੂਏਬਲ ਖਿਡਾਰੀ ਚੁਣਿਆ ਗਿਆ। ਇਹ ਕੱਪ ਉਸ ਵੇਲੇ ਸਿਖਰਾਂ ਨੂੰ ਛੂਹ ਗਿਆ ਜਦੋਂ ਕੰਜਰਵੇਟਿਵ ਪਾਰਟੀ ਦੇ ਆਗੂ ਪੀਅਰ ਪੌਲੀਵਰ ਪ੍ਰਬੰਧਕਾਂ ਤੇ ਖਿਡਾਰੀਆਂ ਨੂੰ ਆਸ਼ੀਰਵਾਦ ਦੇਣ ਲਈ ਪੁੱਜੇ।

**ਪ੍ਰਬੰਧਕੀ ਟੀਮ:-** ਮੇਜ਼ਬਾਨ ਯੂਨਾਈਟਡ ਬਰੈਂਪਟਨ ਸਪੋਰਟਸ ਕਲੱਬ ਦੀ ਟੀਮ 'ਚ ਜਸ ਸ਼ੋਕਰ, ਸੁੱਖੀ ਚਾਂਦੀ, ਦੇਵ ਮਾਂਗਟ, ਜੁਝਾਰ ਸ਼ੋਕਰ, ਬਲਵੀਰ ਰਾਏ, ਹਰਜੀਤ ਸਹੋਤਾ, ਹਰਜਿੰਦਰ ਸੰਘੇੜਾ, ਜਸਬੀਰ ਢਿੱਲੋਂ, ਨਵਜੋਤ ਥਿੰਦ, ਗੁਰਮੁਖ ਅਟਵਾਲ, ਮੀਕਾ ਜੌਹਲ, ਗੁਰਨੇਕ ਬੱਲ, ਸੁੱਖਾ ਰੰਧਾਵਾ, ਸੁਖਵਿੰਦਰ ਨੱਤ, ਪੰਮਾ ਜੌਹਲ, ਗੁਲਾਬ ਸੈਣੀ, ਨਿੰਦਰ ਸਹੋਤਾ, ਹਰਮੇਸ਼ ਬੈਂਸ, ਹਰਸੇਵਕ ਐਸ ਦੂਲੇਅ, ਸਨੀ ਗਰੇਵਾਲ, ਰਵੀ ਬੈਂਸ, ਰਾਜਵਿੰਦਰ ਕੂਨਰ, ਅਜੇਪਾਲ ਵਿਰਕ, ਗੁਰਮੀਤ ਔਜਲਾ, ਲਵਦੀਪ ਗਰੇਵਾਲ, ਹਰਜਸ ਬੈਂਸ, ਹਰਮਨ ਗਿੱਲ, ਇੰਦਰਜੀਤ ਗਿੱਲ, ਅਰਵਿੰਦਰ ਚੌਹਾਨ, ਦੇਵ ਸਿੰਘ, ਸਨੀ ਨੱਤ, ਹਰਵਿਨ ਸਿੰਘ, ਜਸਬੀਰ ਬਸਰਾ, ਯਾਦਵਿੰਦਰ ਸਿੰਘ, ਮਨਦੀਪ ਰਾਣੂ, ਸੁਭਾਸ਼ ਸੈਣੀ ਤੇ ਹਰਜਿੰਦਰ ਗਿੱਲ ਸ਼ਾਮਲ ਸਨ।

**ਇਨਾਮ-ਸਨਮਾਨ:-** ਇਸ ਕੱਪ ਦੀ ਜੇਤੂ ਟੀਮ ਨੂੰ ਨਾਰਥ ਵੌਲਫ ਕੰਨਸਟਰਕਸ਼ਨ ਵੱਲੋਂ ਅਤੇ ਉਪ ਜੇਤੂ ਟੀਮ ਨੂੰ ਐਸਬੀਐਸ ਐਕਸਪੀਡਾਈਟਡ ਸਰਵਿਸ ਲਿਮਟਿਡ ਵੱਲੋਂ ਦਿੱਤਾ ਗਿਆ। ਸਰਵੋਤਮ ਜਾਫੀ ਤੇ ਧਾਵੀ ਨੂੰ ਇਨਾਮ ਨਿਊ ਬੈਸਟ ਦੇ ਮਾਲਕ ਸੁਰਜੀਤ ਸਿੰਘ ਤੇ ਬਲਕਾਰ ਸਿੰਘ ਵੱਲੋਂ ਪ੍ਰਦਾਨ ਕੀਤਾ ਗਿਆ। ਇਸ ਮੌਕੇ ਇੰਦਰਜੀਤ ਧੁੱਗਾ ਦੀ ਅਗਵਾਈ 'ਚ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਵੱਲੋਂ ਨਾਮਵਰ ਜਾਫੀ ਖੁਸ਼ੀ ਗਿੱਲ ਦੁੱਗਾ ਦੇ ਪਿਤਾ ਨਿਰਮਲ ਸਿੰਘ ਗਿੱਲ ਦਾ ਪੰਜ ਤੋਲੇ ਸੋਨੇ ਦੇ ਕੈਂਠੇ ਨਾਲ ਸਨਮਾਨ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਜਾਫੀ ਯਾਦਵਿੰਦਰ ਯਾਦਾ ਤੇ ਯੋਧਾ ਸੁਰਖਪੁਰ ਦੇ ਪਿਤਾ, ਵਿਸ਼ਵ ਪੁਲਿਸ ਖੇਡਾਂ ਦੇ ਸੋਨ ਤਗਮਾ ਜੇਤੂ ਪਹਿਲਵਾਨ ਜੱਸੀ ਸਹੋਤਾ, ਕਬੱਡੀ ਪ੍ਰਮੋਟਰ ਗੁਰਜੀਤ ਪੁਰੇਵਾਲ ਆਦਿ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

**ਮਹਿਮਾਨ:-** ਇਸ ਮੌਕੇ ਜਿੱਥੇ ਕੈਨੇਡਾ ਸੰਸਦ 'ਚ ਵਿਰੋਧੀ ਧਿਰ ਦੇ ਨੇਤਾ ਪੀਅਰ ਪੌਲੀਵਰ ਪੁੱਜੇ ਉੱਥੇ ਐਮ.ਪੀ. ਟਿੰਮ ਉਪਲ, ਜਸਰਾਜ ਹੱਲਣ, ਰਣਦੀਪ ਸਰਾਏ, ਹਰਦੀਪ ਗਰੇਵਾਲ ਤੇ ਜਾਰਜ ਚਾਹਲ (ਸਾਰੇ ਐਮ.ਪੀਜ਼.) ਪੁੱਜੇ। ਇਸ ਮੌਕੇ ਨਾਮਵਰ ਗਾਇਕ ਤੇ ਨਾਇਕ ਐਮੀ ਵਿਰਕ, ਗੀਤਾ ਜ਼ੈਲਦਾਰ, ਕਾਲਾ ਹਾਂਸ, ਇੰਦਰਜੀਤ ਧੁੱਗਾ, ਗੁਰਲਾਟ ਸਹੋਤਾ, ਹਰਵਿੰਦਰ ਬਾਸੀ, ਦਲਜੀਤ ਸਹੋਤਾ, ਮੇਜਰ ਨੱਤ, ਜਸ ਸੋਹਲ, ਮਿੱਠੂ, ਧੀਰਾ ਸੰਧੂ, ਜਿੰਦਰ ਬੁੱਟਰ, ਕੁਲਵਿੰਦਰ ਪੱਤੜ, ਸੇਵਾ ਸਿੰਘ ਰੰਧਾਵਾ, ਗੁਰਜੀਤ ਪੁਰੇਵਾਲ, ਰੈਂਬੋ ਸਿੱਧੂ, ਸੁੱਖਾ ਢੇਸੀ, ਹਰਿੰਦਰ ਬੈਂਸ, ਤਲਵਿੰਦਰ ਮੰਡ, ਬੂਟਾ ਚਾਹਲ, ਜੱਸੀ ਸਰਾਏ, ਮਨਜੀਤ ਘੋਤੜਾ, ਸੁੱਖਾ ਬਾਸੀ, ਰੇਸ਼ਮ ਸਿੰਘ, ਕੁਲਵੰਤ ਢੀਂਡਸਾ, ਮੇਜਰ ਬਰਾੜ, ਜਸਪਾਲ ਭੰਡਾਲ, ਸਵਰਨ ਸਿੱਧੂ, ਕਰਮਪਾਲ ਬਰਾੜ ਲੰਡੇਕੇ, ਜਲੰਧਰ ਸਿੱਧੂ, ਗੋਗਾ ਗਹੂੰਣੀਆ, ਜੋਗਾ ਕੰਗ, ਬਲਜੀਤ ਸੰਧੂ ਤੇ ਜੰਟੀ ਅਮਰੀਕਾ, ਇੰਗਲੈਂਡ ਕਬੱਡੀ ਫੈਡਰੇਸ਼ਨ ਤੋਂ ਬਹਾਦਰ ਸ਼ੇਰਗਿੱਲ ਤੇ ਰਣਜੀਤ ਢੰਡਾ, ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਤੀਰਥ ਸਿੰਘ ਅਟਵਾਲ, ਅਵਤਾਰ ਸਿੰਘ ਤਾਰੀ ਟਰੰਗਾ, ਕੀਪਾ ਟਾਂਡਾ ਸਮੇਤ ਕਬੱਡੀ ਨਾਲ ਜੁੜੀਆ ਹੋਰ ਸ਼ਖਸ਼ੀਅਤਾਂ ਪੁੱਜੀਆਂ।

**ਮੁਕਾਬਲੇਬਾਜ਼ੀ:-** ਕੱਪ ਦੀ ਸ਼ੁਰੂਆਤ ਵੱਖ-ਵੱਖ ਟੀਮਾਂ ਦੇ ਮਾਰਚ ਪਾਸਟ ਨਾਲ ਹੋਈ। ਪਹਿਲੇ ਮੈਚ 'ਚ ਕੈਨੇਡਾ ਈਸਟ ਦੀ ਟੀਮ ਨੇ ਇੰਗਲੈਂਡ ਨੂੰ 48.5-32, ਦੂਸਰੇ ਮੈਚ 'ਚ ਅਮਰੀਕਾ ਨੇ ਪਾਕਿਸਤਾਨ ਨੂੰ 37.5-35 ਅੰਕਾਂ, ਤੀਸਰੇ ਮੈਚ 'ਚ ਕੈਨੇਡਾ ਵੈਸਟ ਨੇ ਇੰਗਲੈਂਡ ਨੂੰ 38-33.5 ਅੰਕਾਂ, ਚੌਥੇ ਮੈਚ 'ਚ ਭਾਰਤ ਨੇ ਪਾਕਿਸਤਾਨ ਨੂੰ 39-28.5 ਅੰਕਾਂ ਨਾਲ ਪਛਾੜਿਆ। ਪਹਿਲੇ ਸੈਮੀਫਾਈਨਲ 'ਚ ਅਮਰੀਕਾ ਨੇ ਕੈਨੇਡਾ ਵੈਸਟ ਦੀ ਟੀਮ ਨੂੰ 44.5-36 ਅਤੇ ਦੂਸਰੇ ਸੈਮੀਫਾਈਨਲ 'ਚ ਕੈਨੇਡਾ ਈਸਟ ਨੇ ਭਾਰਤ ਨੂੰ 48.5-43 ਅੰਕਾਂ ਨਾਲ ਹਰਾਕੇ ਫਾਈਨਲ 'ਚ ਥਾਂ ਬਣਾਈ। ਫਾਈਨਲ ਮੈਚ 'ਚ ਕੈਨੇਡਾ ਈਸਟ ਨੇ ਅਮਰੀਕਾ ਨੂੰ 53-47.5 ਅੰਕਾਂ ਨਾਲ ਹਰਾਕੇ ਖਿਤਾਬ ਜਿੱਤਿਆ।ਅੰਡਰ-21 ਵਰਗ ਦੇ ਪ੍ਰਦਰਸ਼ਨੀ ਮੈਚ 'ਚ ਵਾਰੀਅਰਜ਼ ਕਲੱਬ ਦੀ ਟੀਮ ਨੇ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਦੀ ਟੀਮ ਨੂੰ 47-45.5 ਅੰਕਾਂ ਨਾਲ ਹਰਾਇਆ।

**ਸਰਵੋਤਮ ਖਿਡਾਰੀ:-** ਜੇਤੂ ਟੀਮ ਦੇ ਖਿਡਾਰੀ ਰਵੀ ਦਿਉਰਾ ਨੇ 24 ਅਜੇਤੂ ਧਾਵੇ ਬੋਲਕੇ ਸਰਵੋਤਮ ਧਾਵੀ ਦਾ ਖਿਤਾਬ ਜਿੱਤਿਆ। ਇਸੇ ਟੀਮ ਦੇ ਰਵੀ ਸਾਹੋਕੇ ਨੇ 15 ਕੋਸ਼ਿਸ਼ਾਂ ਤੋਂ 3 ਜੱਫੇ ਲਗਾਕੇ ਸਰਵੋਤਮ ਜਾਫੀ ਦਾ ਖਿਤਾਬ ਜਿੱਤਿਆ। ਸੁਲਤਾਨ ਸਮਸਪੁਰ ਨੇ 24 ਰੇਡਾਂ ਤੋਂ 23 ਅੰਕ ਹਾਸਿਲ ਕੀਤੇ ਅਤੇ ਉਸ ਨੂੰ ਕੱਪ ਦਾ ਮੋਸਟ ਵਾਲੂਏਬਲ ਖਿਡਾਰੀ ਚੁਣਿਆ ਗਿਆ। ਜੇਤੂ ਟੀਮ ਦੇ ਖਿਡਾਰੀ ਜੱਗੂ ਹਾਕਮਵਾਲਾ ਨੇ ਕੱਪ ਦੌਰਾਨ ਸਭ ਤੋਂ ਵੱਧ 9 ਜੱਫੇ ਲਗਾਏ।



**ਡਾ. ਸੁਖਦਰਸ਼ਨ ਸਿੰਘ ਚਹਿਲ**
9779590575,
+1 (403) 660-5476



# ਜਸਟਿਸ ਫਾਰ ਟਰੱਕ ਡਰਾਇਵਰਜ਼ ਦੀ ਕੰਪੇਨ ਨੂੰ ਮਿਲਿਆ ਭਰਵਾਂ ਹੁੰਗਾਰਾ

ਟੌਰੰਟੋ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਕਈ ਮਹੀਨਿਆਂ ਤੋਂ ਟੋਰੰਟੋ ਏਰੀਏ ਦੇ ਸੈਂਕੜੇ ਹੀ ਟਰੱਕ ਡਰਾਇਵਰ ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਚਲਾਉਂਣ ਦੇ ਰਾਹ ਪਏ ਹੋਏ ਹਨ। ਡਰਾਇਵਰਾਂ ਵੱਲੋਂ ਆਪਣੀ ਅਵਾਜ਼ ਚੁਣੇ ਹੋਏ ਨੁਮਾਇੰਦਿਆਂ ਤੱਕ ਪਹੁੰਚਾਉਂਣ ਲਈ 22 ਜੁਲਾਈ ਨੂੰ ਇੱਕ ਟਾਊਨ-ਹਾਲ ਮੀਟਿੰਗ ਦਾ ਆਯੋਜਨ ਕੀਤਾ ਗਿਆ ਸੀ। ਵੱਡੀ ਗਿਣਤੀ 'ਚ ਉਹਨਾਂ ਡਰਾਇਵਰਾ ਨੇ ਮੀਟਿੰਗ "ਚ ਹਿੱਸਾ ਲਿਆ ਜਿਹਨਾਂ ਦੀ ਪੇਅ ਮਾਲਕਾਂ ਵੱਲੋਂ ਨਹੀਂ ਦਿੱਤੀ ਜਾ ਰਹੀ। ਇਸ ਸਮੇਂ 'ਤੇ ਉਨਟਾਰੀਓ ਦੀ ਐਨ ਡੀ ਪੀ ਦੀ ਲੀਡਰ, ਹੈਮਿਲਟਨ ਤੋਂ ਐਮ ਪੀ, ਮੈਥਿਉ ਗਰੀਨ ,ਐਮ ਪੀ ਪੀ ਡੌਲੀ ਬੇਗਮ, ਲਿਬਰਲ ਪਾਰਟੀ ਦੀ ਐਮ ਪੀ ਰੂਬੀ ਸਹੋਤਾ, ਪੀ ਸੀ ਪਾਰਟੀ ਦੇ ਐਮ ਪੀ ਪੀ, ਹਰਦੀਪ ਗਰੇਵਾਲ, ਪ੍ਰਭਮੀਤ ਸਰਕਾਰੀਆ, ਅਮਰਜੋਤ ਸੰਧੂ ਤੋਂ ਇਲਾਵਾ ਬਰੈਂਪਟਨ ਦੇ ਡਿਪਟੀ ਮੇਅਰ ਹਰਕੀਰਤ ਸਿੰਘ ਅਤੇ ਸਕੂਲ ਟਰੱਸਟੀ ਸਤਪਾਲ ਜੌਹਲ ਨੇ ਵੀ ਹਿੱਸਾ ਲਿਆ। ਸਾਰੇ ਲੀਡਰਾਂ ਸਾਹਮਣੇ ਇਹਨਾਂ ਮੰਗਾਂ ਨੂੰ ਪੇਸ਼ ਕੀਤਾ ਗਿਆ।

ਜਿਹੜੇ ਟਰੱਕ ਡਰਾਇਵਰਾਂ ਦੇ ਪੈਸੇ ਉਹਨਾਂ ਦੀਆਂ ਕੰਪਨੀਆਂ ਜਾਂ ਮਾਲਕਾਂ ਵੱਲੋਂ ਨਹੀਂ ਦਿੱਤੇ ਜਾ ਰਹੇ, ਉਹਨਾਂ ਦੀ ਜਲਦੀ ਤੋਂ ਜਲਦੀ ਪੇਮੈਂਟ ਦਿਵਾਉਂਣ ਲਈ ਕਦਮ ਚੁੱਕੇ ਜਾਣ। ਲੇਬਰ ਮਨਿਸਟਰੀ ਵੱਲੋਂ ਵਰਕਰਾਂ ਲਈ ਬਣਾਏ ਗਏ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਹੋਵੇ। ਫੈਡਰਲ ਲੇਬਰ ਪ੍ਰੋਗਰਾਮ 'ਚ ਕੇਸ ਕਰਨ ਲਈ ਡਰਾਇਵਰ ਕੋਲ ਸਿਰਫ 6 ਮਹੀਨੇ ਦਾ ਸਮਾਂ ਹੁੰਦਾ ਹੈ ਜਿਸਨੂੰ ਵਧਾਕੇ 2 ਸਾਲ ਕੀਤਾ ਜਾਵੇ। ਕਈ ਪ੍ਰੋਵਿੰਸਜ਼ 'ਚ ਇਹ ਸਮਾਂ ਪਹਿਲਾਂ ਹੀ 2 ਸਾਲ ਦਾ ਹੈ। ਵਾਰ ਵਾਰ ਵਰਕਰਾਂ ਦੀ ਪੇਅ ਦੱਬਣ ਵਾਲੇ ਕੰਪਨੀ ਮਾਲਕਾਂ ਨੂੰ ਸਖਤ ਜ਼ੁਰਮਾਨੇ ਕੀਤੇ ਜਾਣੇ ਚਾਹੀਦੇ ਹਨ। ਡਰਾਇਵਰਾਂ ਦੀ ਮਿਸਲਕਾਸੀਫਿਕੇਸ਼ਨ ਕਰਕੇ ਕੀਤੀ ਜਾਂਦੀ ਲੁੱਟ ਬੰਦ ਹੋਵੇ।

ਇਸ ਸਮੇਂ 'ਤੇ ਬੋਲਦਿਆਂ ਹੈਮਿਲਟਨ ਦੇ ਮੈਂਬਰ ਪਾਰਲੀਮੈਂਟ ਮੈਥਿਊ ਗਰੀਨ ਨੇ ਇਹ ਵਾਅਦਾ ਵੀ ਕੀਤਾ ਹੈ ਕਿ ਉਹ ਆਰਗੇਨਾਈਜਰਜ਼ ਅਤੇ ਡਰਾਇਵਰਾਂ ਨੂੰ ਮਿਲਕੇ ਉਹਨਾਂ ਦੀਆਂ ਜਾਇਜ ਮੰਗਾਂ ਬਾਰੇ ਇੱਕ ਪ੍ਰਾਈਵੇਟ ਬਿੱਲ ਵੀ ਲੈ ਕੇ ਆਉਂਣ ਲਈ ਹਰ ਸੰਭਵ ਯਤਨ ਕਰੇਗਾ। ਇਸ ਟਾਊਨ-ਹਾਲ ਸਮੇਂ 'ਤੇ ਹੋਰ ਵੀ ਬਹੁਤ ਸਾਰੇ ਲੋਕਾਂ ਨੇ ਅਤੇ ਟਰੱਕਰਜ਼ ਦੀਆਂ ਜੱਥੇਬੰਦੀਆਂ ਨੇ ਆਪਣੀ ਸ਼ਮੂਲੀਅਤ ਕੀਤੀ। ਪਹਿਲਾਂ ਕੈਨੇਡਾ ਲੇਬਰ ਪ੍ਰੋਗਰਾਮ ਅੱਗੇ ਵਰਕਰਾਂ ਵਲੋਂ ਕੀਤੀ ਪ੍ਰੈਸ ਮਿਲਣੀ ਅਤੇ ਫੇਰ ਟਾਊਨ-ਹਾਲ ਦਾ ਇਹ ਦਬਾਅ ਦੇਖਣ ਨੂੰ ਮਿਲਿਆ ਕਿ ਇੱਕ ਕੰਪਨੀ ਦੇ ਮਾਲਕ ਨੇ ਆਪਣੇ ਸਾਰੇ ਹੀ 20 ਡਰਾਇਵਰਾਂ ਦੇ ਲੱਖਾਂ ਹੀ ਡਾਲਰਾਂ ਦਾ ਬਕਾਇਆ ਪੇਅ ਕਰ ਦਿੱਤਾ ਹੈ।

ਇੱਕ ਕੰਪਨੀ ਦੇ 21 ਡਰਾਇਵਰਾਂ ਨੇ ਫੈਡਰਲ ਲੇਬਰ ਪ੍ਰੋਗਰਾਮ ਰਾਂਹੀ ਆਪਣੇ ਕੇਸ ਵੀ ਕੀਤੇ ਤੇ ਕਾਫੀ ਲੰਮੇ ਸਮੇਂ ਬਾਅਦ ਲੇਬਰ ਕੋਰਟ ਨੇ ਮਾਲਕ ਨੂੰ 'ਪੇਅ ਟੂ ਆਰਡਰ' ਵੀ ਇਸ਼ੂ ਕਰ ਦਿੱਤੇ, ਪਰ ਮਾਲਕ ਨੇ ਪੈਸੇ ਦੇਣ ਤੋਂ ਫਿਰ ਵੀ ਨਾਂਹ ਕਰ ਦਿੱਤੀ। ਕੁੱਝ ਸਮੇਂ ਬਾਅਦ ਮਾਲਕ ਨੇ ਆਪਣੀ ਕੰਪਨੀ ਦੀ ਬੈਂਕਰੱਪਸੀ ਦਿਖਾ ਦਿੱਤੀ। ਵਰਕਰ ਸੋਚ ਰਹੇ ਹਨ ਕਿ ਲੇਬਰ ਕੋਰਟ ਜਾਣ ਦਾ ਕੀ ਫਾਇਦਾ ਹੋਇਆ। ਬਹੁਤ ਸਾਰੀਆਂ ਕੰਪਲੇਂਟਸ ਜਾਣ ਤੋਂ ਬਾਅਦ ਹੁਣ ਫੈਡਰਲ ਲੇਬਰ ਪਰੋਗਰਾਮ ਦੇ ਨੁਮਾਇੰਦਿਆਂ ਨੇ 'ਲੇਬਰ ਕਮਿਊਨਟੀ ਸਰਵਸਿਜ ਆਫ ਪੀਲ ਦੀ ਐਗਜੈਕਟਿਵ ਡਰਾਇਕਟਰ ਨਵੀ ਔਜਲਾ ਅਤੇ ਕੁੱਝ ਡਰਇਵਰਾਂ ਨਾਲ ਮੀਟਿੰਗ ਕਰਕੇ ਮੰਗਾਂ ਬਾਰੇ ਜਾਣਕਾਰੀ ਮੰਗੀ ਹੈ।

ਡਰਾਇਵਰਾਂ ਵੱਲੋਂ ਚਲਾਈ "ਜਸਟਿਸ ਫਾਰ ਟਰੱਕ ਡਰਾਇਵਰਜ਼ ਕੰਪੇਨ" ਲੋਕਾਂ 'ਚ ਕਾਫੀ ਪਾਪੂਲਰ ਹੋ ਰਹੀ ਹੈ, ਬਹੁਤ ਸਾਰੇ ਨਵੇਂ ਡਰਾਇਵਰ ਹਰ ਰੋਜ਼ ਇਸ ਕੰਪੇਨ ਨਾਲ ਜੁੜ ਰਹੇ ਹਨ। ਵਰਕਰਾਂ ਨਾਲ ਹੁੰਦੀਆਂ ਧੱਕੇਸ਼ਾਰੀਆਂ ਨੂੰ ਰੋਕਣ ਲਈ ਹਰ ਇੰਨਸਾਫ ਪਸੰਦ ਲੋਕਾਂ ਤੇ ਜੱਥੇਬੰਦੀਆਂ ਨੂੰ ਅੱਗੇ ਆਉਂਣਾ ਚਾਹੀਦਾ ਹੈ।






# ਸਿੱਖ ਵੈਲਿਯੂਸ ਲਰਨਿੰਗ ਸੈਂਟਰ ਦੀ ਵੈਸਟਵਿੰਡਸ ਵਾਲੀ ਨਵੀਂ ਲੋਕੇਸ਼ਨ ਦੇ ਉਦਘਾਟਨ ਸਮੇਂ ਇੱਕ ਦਿਨਾਂ ਫ੍ਰੀ ਕੈਂਪ

## ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਨੂੰ ਸਮਰਪਿਤ ਹੋਣਗੇ ਸਲਾਈਡ ਸ਼ੋਅ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ): ਸਿੱਖ ਕੌਮ ਦੀ ਨਵੀਂ ਪੀੜ੍ਹੀ ਨੂੰ ਗੁਰੂ ਵਿਰਸੇ ਦਾ ਗਿਆਨ ਵੰਡਣ ਵਾਲੀ ਕੈਲਗਰੀ ਦੀ ਪ੍ਰਸਿੱਧ ਸੰਸਥਾ ਸਿੱਖ ਵੈਲਿਯੂਸ ਲਰਨਿੰਗ ਸੈਂਟਰ ਦੀ ਨਵੀਂ ਲੋਕੇਸ਼ਨ ਦਾ ਉਦਘਾਟਨ 30 ਅਗਸਤ 2023 ਨੂੰ ਹੋ ਰਿਹਾ ਹੈ। ਇਸ ਨਵੀਂ ਲੋਕੇਸ਼ਨ ਦਾ ਐਡਰੈਸ ਹੈ 76 ਵੈਸਟਵਿੰਡਸ ਕ੍ਰੈਸੈਂਟ ਨੌਰਥ ਈਸਟ (ਯੂਨਿਟ 2160) ਜੋ ਕਿ ਸੁਪਰਸਟੋਰ ਅਤੇ ਪ੍ਰੇਰੀਵਿੰਡਸ ਪਾਰਕ ਦੇ ਬਿਲਕੁੱਲ ਨਜਦੀਕ ਹੈ। ਉਸ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਨੂੰ ਸਮਰਪਿਤ ਇੱਕ ਦਿਨਾਂ ਮੁਫ਼ਤ ਕੈਂਪ ਵੀ ਲਾਇਆ ਜਾ ਰਿਹਾ ਹੈ, ਜਿਸ ਦਾ ਨਾਮ ਹੈ ਵਾਹਿਗੁਰੂ ਜੀ ਕਿਵੇਂ ਸਾਨੂੰ ਅੰਦਰੋਂ ਮਜ਼ਬੂਤ ਬਣਾਉਂਦੇ ਹਨ ? ਇਸ ਕੈਂਪ ਦਾ ਸਮਾਂ ਦੁਪਹਿਰ ਦੋ ਵਜੇ ਤੋਂ ਸ਼ਾਮ ਛੇ ਵਜੇ ਤੱਕ ਦਾ ਹੋਵੇਗਾ। ਉਸ ਤੋਂ ਉਪਰੰਤ 6 ਵਜੇ ਤੋਂ 7 ਵਜੇ ਤੱਕ ਉਦਘਾਟਨ ਵਜੋਂ ਗੁਰੂ ਦੀ ਗਲਵੱਕੜੀ ਨਾਮ ਦਾ ਫੈਮਿਲੀ ਦਰਬਾਰ ਵੀ ਹੋਵੇਗਾ।




ਲਰਨਿੰਗ ਸੈਂਟਰ ਦੇ ਇੰਚਾਰਜ ਗਿਆਨੀ ਰਾਮ ਸਿੰਘ ਚਹਿਲਾਂ ਨੇ ਦੱਸਿਆ ਕਿ ਸਾਡੀ ਇਸ ਨਵੀਂ ਲੋਕੇਸ਼ਨ ਤੇ ਨਵਾਂ ਸਿਲੇਬਸ ਸ਼ੁਰੂ ਕੀਤਾ ਜਾ ਰਿਹਾ ਹੈ ਜਿਸ ਵਿੱਚ ਵੱਖ ਵੱਖ ਕੋਰਸ ਸ਼ੁਰੂ ਕੀਤੇ ਜਾ ਰਹੇ ਹਨ, ਜਿਵੇਂ ਕਿ ਪੰਜਾਬੀ (ਗੁਰਮੁਖੀ) ਕਲਾਸ, ਸਿੱਖ ਗੁਰੂ, ਗੁਰਸਿੱਖਾਂ ਦਾ ਇਤਿਹਾਸ, ਗੁਰਮਤਿ ਸੋਝੀ ਕੋਰਸ, ਕੀਰਤਨ ਕਲਾਸ, ਗੁਰਬਾਣੀ ਸੰਥਿਆ ਅਤੇ ਗੁਰੂ ਦੀ ਗਲਵੱਕੜੀ ਆਦਿ। ਲਰਨਿੰਗ ਸੈਂਟਰ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਲਈ ਵੀਕਐਂਡ ਨੂੰ (ਸ਼ੁਕਰਵਾਰ ਸ਼ਾਮ 4 ਵਜੇ ਤੋਂ 7 ਵਜੇ ਤੱਕ, ਸ਼ਨਿੱਚਰਵਾਰ ਨੂੰ ਦੁਪਹਿਰ 3 ਵਜੇ ਤੋਂ 6 ਵਜੇ ਤੱਕ ਅਤੇ ਐਤਵਾਰ ਨੂੰ ਦੁਪਹਿਰ 3 ਵਜੇ ਤੋਂ 6:30 ਵਜੇ ਤੱਕ) ਕਲਾਸਾਂ ਹੋਇਆ ਕਰਨਗੀਆਂ ਜਿਹਨਾਂ ਵਿੱਚ ਇੱਕ ਇੱਕ ਘੰਟੇ ਦੇ ਵੱਖ ਵੱਖ ਕੋਰਸ ਪੜ੍ਹਾਏ ਜਾਣਗੇ। ਇਸ ਤੋਂ ਇਲਾਵਾ ਹਰੇਕ ਹਫਤੇ ਸੋਮਵਾਰ ਤੋਂ ਵੀਰਵਾਰ ਤੱਕ ਸ਼ਾਮ 6:15 ਵਜੇ ਤੋਂ 7:30 ਵਜੇ ਤੱਕ ਰੋਜਾਨਾਂ ਪਰਿਵਾਰਾਂ ਲਈ ਗੁਰਬਾਣੀ ਸੰਥਿਆ ਅਤੇ ਵਿਆਖਿਆ ਦੀ ਕਲਾਸ ਹੋਇਆ ਕਰੇਗੀ ਅਤੇ ਹਰੇਕ ਐਤਵਾਰ ਨੂੰ ਸ਼ਾਮ 5 ਵਜੇ ਤੋਂ 6:30 ਵਜੇ ਤੱਕ ਫੈਮਿਲੀ ਦਰਬਾਰ ਹੋਇਆ ਕਰੇਗਾ ਜਿਸ ਵਿੱਚ ਸਾਰੇ ਗੁਰਪੁਰਬ ਦਿਹਾੜੇ ਮਨਾਏ ਜਾਇਆ ਕਰਨਗੇ। ਮਹੀਨੇ ਦੇ ਆਖੀਰਲੇ ਹਫਤੇ ਵਿਦਿਆਰਥੀਆਂ ਲਈ ਫਨ-ਡੇਅ ਹੋਇਆ ਕਰੇਗਾ। ਉਸ ਦਿਨ ਧਾਰਮਿਕ ਫਿਲਮ ਦਿਖਾਈ ਜਾਇਆ ਕਰੇਗੀ ਅਤੇ ਪੀਜ਼ੇ ਦਾ ਲੰਗਰ ਵਰਤਾਇਆ ਜਾਇਆ ਕਰੇਗਾ।

# ਟੋਰਾਂਟੋ ਦੇ ਇਟੋਬੀਕੋ ਵਿੱਚ ਇੰਡਸਟਰੀਅਲ ਬਿਲਡਿੰਗ ਵਿੱਚ ਜ਼ਬਰਦਸਤ ਧਮਾਕਾ ਹੋਣ ਤੋਂ ਬਾਅਦ ਭਿਆਨਕ ਅੱਗ ਲੱਗੀ

ਟੌਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਟੋਰਾਂਟੋ ਦੇ ਇਟੋਬੀਕੋ ਵਿੱਚ ਮਾਰਟਿਨ ਗ੍ਰੋਵ ਰੋਡ ਨੇੜੇ ਵਲਕਨ ਸਟਰੀਟ ਉੱਤੇ ਸਥਿਤ ਇੰਡਸਟਰੀਅਲ ਬਿਲਡਿੰਗ ਵਿੱਚ ਜ਼ਬਰਦਸਤ ਧਮਾਕਾ ਹੋਣ ਤੋਂ ਬਾਅਦ ਭਿਆਨਕ ਅੱਗ ਲੱਗ ਗਈ। ਟੋਰਾਂਟੋ ਫਾਇਰ ਸਰਵਿਸਿਜ਼ ਵੱਲੋਂ ਦਿਤੀ ਜਾਣਕਾਰੀ ਅਨੁਸਾਰ 35 ਵਲਕਨ ਸਟਰੀਟ ਉੱਤੇ ਸਥਿਤ ਬ੍ਰੈਂਨਟੈਗ ਕੈਨੇਡਾ ਦੀ ਬਿਲਡਿੰਗ ਵਿੱਚ ਅੱਗ ਲੱਗਣ ਦੀ ਜਾਣਕਾਰੀ ਮਿਲੀ ਸੀ। ਪਹਿਲਾਂ ਇਸ ਅੱਗ ਨੂੰ ਫੋਰ ਅਲਾਰਮ ਫਾਇਰ ਦੱਸਿਆ ਗਿਆ ਪਰ ਬਾਅਦ ਵਿੱਚ ਇਸ ਨੂੰ ਸਿਕਸ ਅਲਾਰਮ ਫਾਇਰ ਵਿੱਚ ਅਪਗ੍ਰੇਡ ਕਰ ਦਿੱਤਾ ਗਿਆ। ਐਮਰਜੰਸੀ ਅਮਲੇ ਵੱਲੋਂ ਅੱਗ ਉੱਤੇ ਕਾਬੂ ਪਾਉਣ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਸੀ ਪਰ ਬਿਲਡਿੰਗ ਵਿੱਚ ਕਈ ਤਰ੍ਹਾਂ ਦੇ ਤੇਲ, ਫਲੂਅਡਜ਼ ਤੇ ਕਈ ਤਰ੍ਹਾਂ ਦੇ ਰਸਾਇਣ ਹੋਣ ਕਾਰਨ ਅੱਗ ਤੇਜ਼ੀ ਨਾਲ ਫੈਲ ਰਹੀ ਸੀ। ਇਸ ਦੇ ਨਾਲ ਹੀ ਟੋਰਾਂਟੋ ਫਾਇਰ ਵੱਲੋਂ ਹਵਾ ਦੇ ਮਿਆਰ ਉੱਤੇ ਵੀ ਪੂਰੀ ਤਰ੍ਹਾਂ ਨਜ਼ਰ ਰੱਖੀ ਗਈ। ਇਸ ਦੌਰਾਨ ਕਈ ਧਮਾਕੇ ਵੀ ਸੁਣਾਈ ਦਿੱਤੇ। ਇਹ ਧਮਾਕੇ ਬਿਲਡਿੰਗ ਵਿੱਚ ਖੜ੍ਹੀਆਂ ਕਈ ਗੱਡੀਆਂ ਦੇ ਗੈਸ ਟੈਂਕਾਂ ਤੇ ਪ੍ਰੋਪੇਨ ਟੈਂਕਾਂ ਵਿੱਚ ਲੱਗੀ ਅੱਗ ਕਾਰਨ ਹੋਏ ਦੱਸੇ ਜਾ ਰਹੇ ਹਨ। ਇਸ ਏਰੀਆ ਵਿੱਚ ਨਾਲ ਲੱਗਦੀਆਂ ਬਿਲਡਿੰਗਾਂ ਤੇ 24 ਘੰਟੇ ਚੱਲਣ ਵਾਲੇ ਕੰਮਕਾਜ ਨੂੰ ਬੰਦ ਕਰਵਾਕੇ ਇਲਾਕਾ ਖਾਲੀ ਕਰਵਾ ਲਿਆ ਗਿਆ ਸੀ।






# ਕੌਂਸਲਰ ਰਾਜ ਧਾਲੀਵਾਲ ਦੀਆਂ ਕੋਸ਼ਿਸ਼ਾਂ ਸਦਕਾ ਕੈਲਗਰੀ ਦੇ ਫੀਲਡ ਹਾਕੀ ਨੂੰ ਪ੍ਰੇਮੀਆਂ ਨੂੰ ਗਰਾਊਂਡ ਮਿਲਿਆ





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਭਾਵੇਂ ਕਨੇਡਾ ਵਿੱਚ ਆਈਸ ਹਾਕੀ ਦਾ ਬੋਲਬਾਲਾ ਜਿਆਦਾ ਹੈ ਪਰ ਫਿਰ ਵੀ ਕੈਲਗਰੀ ਵਿੱਚ ਫੀਲਡ ਹਾਕੀ ਦੀ ਖੇਡ ਨੂੰ ਜਿੰਦਾ ਰੱਖਣ ਲਈ ਲੱਗਪੱਗ ਤਿੰਨ ਕਲੱਬ ਯਤਨਸੀਲ ਹਨ। ਇਹਨਾਂ ਕਲੱਬਾਂ ਨੇ ਨਾਮਵਰ ਖਿਡਾਰੀ ਪੈਦਾ ਕੀਤੇ ਹਨ।ਹਰ ਸਾਲ ਵੱਡੇ ਪੱਧਰ ਉੱਪਰ ਹਾਕੀ ਕੱਪ ਕਰਵਾਏ ਜਾਂਦੇ ਹਨ ਪਰ ਹੁਣ ਤੱਕ ਹਾਕੀ ਖਿਡਾਰੀਆਂ ਦਾ ਰੋਸ ਸੀ ਕਿ ਉਹਨਾਂ ਕੋਲ ਪ੍ਰੈਕਟਿਸ ਕਰਨ ਲਈ ਕੋਈ ਵੀ ਗਰਾਉਂਡ ਨਹੀਂ ਹੈ। ਹਾਕੀ ਖਿਡਾਰੀ ਗੁਰਲਾਲ ਮਾਣੂਕੇ ਨੇ ਪਿਛਲੇ ਸਾਲ ਹਾਕੀ ਕੱਪ ਦੌਰਾਨ ਸਾਰੇ ਹੀ ਰਾਜਨੀਤਕ ਲੀਡਰਾਂ ਨੂੰ ਬੇਨਤੀ ਕੀਤੀ ਸੀ ਕਿ ਉਹਨਾਂ ਨੂੰ ਗਰਾਉਂਡ ਦਿਵਾਉਣ ਵਿੱਚ ਉਹਨਾਂ ਦੀ ਮੱਦਦ ਕੀਤੀ ਜਾਵੇ। ਉਹਨਾਂ ਇਹ ਵੀ ਕਿਹਾ ਸੀ ਕਿ ਜਿਹੜਾ ਵੀ ਰਾਜ-ਨੀਤੀਵਾਨ ਇਹ ਉਪਰਾਲਾ ਕਰੇਗਾ ਉਹ ਉਸ ਨੂੰ ਅਗਲੇ ਕੱਪ ਮੌਕੇ ਆਪਣੇ ਮੋਢਿਆਂ ਉੱਪਰ ਚੁੱਕਕੇ ਗਰਾਉਂਡ ਵਿੱਚ ਲਿਆਉਣਗੇ। ਆਖਿਰ ਉਹ ਦਿਨ ਆ ਹੀ ਗਿਆ ਕਿ ਗੁਰਲਾਲ ਹੋਰਾਂ ਨੇ ਕੱਪ ਤੋਂ ਪਹਿਲਾ ਹੀ ਵਾਰਡ ਪੰਜ ਤੋਂ ਕੌਂਸਲਰ ਰਾਜ ਧਾਲੀਵਾਲ ਨੂੰ ਆਪਣੇ ਮੋਢਿਆਂ ਉੱਪਰ ਚੁੱਕਿਆ ਹੋਇਆ ਸੀ ਕਿਉਂਕਿ ਉਸ ਦਿਨ ਕੈਲਗਰੀ ਦੇ ਹੀ ਕਾਰਨਰਸਟੋਨ ਏਰੀਆ ਵਿੱਚ ਰਾਜ ਧਾਲੀਵਾਲ ਨੇ ਹਾਕੀ ਗਰਾਉਂਡਾਂ ਦੀ ਮੁਖਤਿਆਰੀ ਹਾਕੀ ਖਿਡਾਰੀਆਂ ਨੂੰ ਸੌਂਪੀ ਸੀ। ਇਸ ਮੌਕੇ ਕੈਲਗਰੀ ਦੇ ਉੱਘੇ ਬਿਜਨਿਸਮੈਨ ਪਾਲੀ ਵਿਰਕ,ਅਤੇ ਹੋਰ ਬਹੁਤ ਸਾਰੇ ਖੇਡ ਪ੍ਰੇਮੀ ਹਾਜਿਰ ਸਨ।

## ਲਾਇਨਜ਼ ਕੱਪ 2023 ਯੁਨਾਈਟਿਡ ਕੈਲਗਰੀ ਅੰਡਰ 14 ਨੇ ਜਿੱਤਿਆ







ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅੰਡਰ 14 ਵਰਗ ਵਿੱਚ ਯੂਨਾਇਟਿਡ ਫਲਿਡ ਹਾਕੀ ਕਲੱਬ ਨੇ ਬ੍ਰਿਟਿਸ ਕੋਲੰਬੀਆ ਦੇ ਸਹਿਰ ਸਰੀ ਵਿੱਚ ਸੁਰਿੰਦਰ ਲਾਇਨਜ਼ ਫਲਿਡ ਹਾਕੀ ਕਲੱਬ ਵੱਲੋਂ 11,12 ਅਤੇ 13 ਅਗਸਤ 2023 ਨੂੰ ਕਰਵਾਏ ਗਏ 15 ਵੇ ਫਲਿਡ ਹਾਕੀ ਟੂਰਨਾਂਮੈਂਟ ਵਿੱਚ ਭਾਗ ਲਿਆ। ਮਨਦੀਪ ਝੱਲੀ ,ਜਗਦੀਪ ਬੱਲ ਅਤੇ ਮਨਵੀਰ ਗਿੱਲ ਦੀ ਕੋਚਿੰਗ ਨਾਲ ਪਹਿਲੇ ਮੈਚ ਵਿੱਚ ਪੈਂਥਰ ਤੋਂ 2-1 ਨਾਲ ਹਾਰ ਗਏ ਪਰ ਹੌਸਲਾ ਨਹੀ ਹਾਰਿਆ। ਦੂਸਰੇ ਮੈਚ ਵਿੱਚ ਦਸਮੇਸ਼ ਨੂੰ 1-0 ਅਤੇ ਤੀਸਰੇ ਮੈਚ ਸੁਰਿੰਦਰ ਲਾਇਨਜ ਨੂੰ 2-0 ਹਰਾ ਕੇ ਪੂਲ ਵਿੱਚੋ ਪਹਿਲੇ ਨੰਬਰ ਤੇ ਰਹੇ ਅਤੇ ਫਾਈਨਲ ਵਿੱਚ ਜਗਾ ਬਣਾਈ।

ਫਾਈਨਲ ਮੁਕਾਬਲਾ ਸੁਰਿੰਦਰ ਲਾਇਨਜ਼ ਤੇ ਯੁਨਾਇਟਿਡ ਕੈਲਗਰੀ ਦੇ ਵਿਚਕਾਰ ਬਹੁਤ ਹੀ ਰੋਮਾਚਿਕ ਸੀ। ਪਹਿਲੇ ਹਾਫ ਦੇ ਸਰੂਆਤ ਵਿੱਚ ਯੁਨਾਇਟਿਡ ਕੈਲਗਰੀ ਦੇ ਗੁਰਮਨ ਨੇ ਸਾਨਦਾਰ ਗੋਲ ਕਰਕੇ 1-0 ਦੀ ਲੀਡ ਲੈ ਲਈ। ਇਸ ਤੋਂ ਬਾਅਦ ਲਾਇਨਜ਼ ਟੀਮ ਨੇ ਗੋਲ ਬਰਾਬਰ ਕਰਨ ਦੀ ਬਹੁਤ ਕੋਸ਼ਿਸ਼ ਕੀਤੀ ਅਤੇ ਮੈਚ ਦੇ ਅੰਤਮ ਪਲਾਂ ਵਿੱਚ ਗੋਲ ਬਰਬਰ ਕਰ ਦਿੱਤਾ। ਸੂਟਆਊਟ ਵਿੱਚ ਯੂਨਾਇਟਡ ਦੇ ਗੋਲਕੀਪਰ ਅਰਮਾਨ ਨੇ ਪਹਿਲੇ ਤਿੰਨੇ ਸੂਟਆਊਟ ਰੋਕ ਦਿੱਤੇ ਅਤੇ ਅਜ਼ੀਜ਼ , ਗੁਰਮਨ ਅਤੇ ਕਰਿਸ ਨੇ ਗੋਲ ਕੀਤੇ। ਇਸ ਤਰਾਂ ਯੂਨਾਇਟਡ ਦੀ ਅੰਡਰ 14 ਟੀਮ ਨੇ ਲਗਾਤਾਰ ਚੌਥਾ ਟੂਰਨਮੈਂਟ ਜਿੱਤਿਆ।

ਪਹਿਲੇ ਸ਼ਥਾਨ ਰਹਿਣ ਵਾਲੀ ਟੀਮ ਵਿੱਚ ਅਨਮੋਲ ਝੱਲੀ , ਹਰਮਨ ਗਿੱਲ ,ਹਰਕ ਪਲਾਹਾਂ , ਅਰਮਾਨ ਗਿੱਲ , ਗੁਰਵਰਦਾਨ ,ਅਜ਼ੀਜ਼ , ਕਰਿਸ਼ ਜਨੇਜਾ , ਜੋਰਾਵਰ ,ਇਸ਼ਮੀਤ ,ਗੁਰਮਨ ਬੱਲ , ਅਰਮਾਨ ਪਨੈਚ ,ਤੇਗਬੀਰ ਬੱਲ ਤੇ ਏਕਮ ਦੇ ਨਾਂ ਸਾਮਿਲ ਹਨ। ਇਸ ਟੀਮ ਲਈ ਗੁਰਿੰਦਰ ਪਨੈਚ ਅਤੇ ਮਨਵੀਰ ਗਰੇਵਾਲ ਦਾ ਵੀ ਬਹੁਤ ਸਹਿਯੋਗ ਸੀ। ਇਸੇ ਕਲੱਬ ਤੋਂ ਮੰਨਤ ਨੇ ਕੁੜੀਆਂ ਦੇ ਵਰਗ ਵਿੱਚ ਪੂਮਾ ਕੱਲਬ ਵੱਲੋਂ ਖ਼ਿਤਾਬ ਜਿੱਤਿਆ। ਯੂਨਾਇਟਡ ਕਲੱਬ ਦੇ ਸਾਰੇ ਮੈਂਬਰਾਂ ,ਪਲੇਅਰਾਂ , ਮਾਪਿਆ ਵਧਾਈ ਦੇ ਹੱਕਦਾਰ ਹਨ।

## ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੂੰ ਮਾਰਨ ਦੀ ਧਮਕੀ ਦੇਣ ਵਾਲਾ ਵਿਅਕਤੀ ਐਫ ਬੀ ਆਈ ਨਾਲ ਹੋਏ ਮੁਕਾਬਲੇ 'ਚ ਮਾਰਿਆ ਗਿਆ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੂੰ ਮਾਰਨ ਦੀ ਧਮਕੀ ਦੇਣ ਵਾਲੇ ਵਿਅਕਤੀ ਨੂੰ ਐਫ ਬੀ ਆਈ ਨੇ ਇੱਕ ਮੁਕਾਬਲੇ ਵਿੱਚ ਮਾਰ ਦਿੱਤਾ ਹੈ। ਐਫਬੀਆਈ ਨੇ ਇਹ ਐਨਕਾਊਂਟਰ ਉਸ ਸਮੇਂ ਕੀਤਾ ਹੈ ਜਦੋਂ ਰਾਸ਼ਟਰਪਤੀ ਅਗਲੇ ਸਾਲ ਹੋਣ ਵਾਲੀਆਂ ਚੋਣਾਂ ਦੇ ਪ੍ਰਚਾਰ ਲਈ ਅਮਰੀਕੀ ਰਾਜ ਯੂਟਾ ਜਾਣ ਵਾਲੇ ਸਨ। ਵਰਨਣਯੋਗ ਹੈ ਕਿ ਸਤੰਬਰ 2022 ਵਿੱਚ, ਯੂਟਾ ਦੇ ਇੱਕ ਵਿਅਕਤੀ ਰੌਬਰਟਸਨ ਨੇ ਬਾਇਡਨ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਮਾਰਨ ਦੀ ਧਮਕੀ ਦਿੱਤੀ ਸੀ। ਐਫਬੀਆਈ ਅਨੁਸਾਰ, ਉਨ੍ਹਾਂ ਦੇ ਅਧਿਕਾਰੀਆਂ ਨੇ ਯੂਟਾ ਦੇ ਸਾਲਟ ਲੇਕ ਸਿਟੀ ਵਿੱਚ ਰੌਬਰਟਸਨ ਦੇ ਘਰ ਵਿੱਚ ਸਰਚ ਵਾਰੰਟ ਅਤੇ ਗ੍ਰਿਫਤਾਰੀ ਵਾਰੰਟ ਦੇਣ ਦੀ ਕੋਸ਼ਿਸ਼ ਕੀਤੀ। ਜਦੋਂ ਪੁਲਿਸ ਉੱਥੇ ਪਹੁੰਚੀ ਤਾਂ ਉਹ ਹਥਿਆਰਾਂ ਨਾਲ ਲੈਸ ਸੀ ਅਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਐਫਬੀਆਈ ਨੇ ਵੀ ਜਵਾਬੀ ਕਾਰਵਾਈ ਕੀਤੀ ਜਿਸ ਵਿੱਚ ਰੌਬਰਟਸਨ ਮਾਰਿਆ ਗਿਆ। ਨਿਊਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ ਐਫਬੀਆਈ ਨੇ ਰਾਬਰਟਸਨ ਦੇ ਐਨਕਾਊਂਟਰ ਬਾਰੇ ਰਾਸ਼ਟਰਪਤੀ ਜੋਅ ਬਿਡੇਨ ਨੂੰ ਵੀ ਜਾਣਕਾਰੀ ਦਿੱਤੀ ਹੈ। ਜਦੋਂ ਇਸ ਮਾਮਲੇ 'ਚ ਰੌਬਰਟਸਨ ਦੀ ਬੇਟੀ ਤੋਂ ਪੁੱਛਗਿੱਛ ਕੀਤੀ ਗਈ ਤਾਂ ਉਸ ਨੇ ਕੁੱਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ। ਐਫਬੀਆਈ ਨੇ ਦੱਸਿਆ ਹੈ ਕਿ ਰੌਬਰਟਸਨ ਕੋਲ ਕਈ ਖਤਰਨਾਕ ਹਥਿਆਰ ਸਨ। ਇਨ੍ਹਾਂ ਵਿੱਚ ਕਈ ਤਰ੍ਹਾਂ ਦੀਆਂ ਸਨਾਈਪਰ ਰਾਈਫਲਾਂ ਸ਼ਾਮਿਲ ਹਨ।

## ਕਹਿੰਦੇ ਪਾਕਿਸਤਾਨ ਦੀ ਇਮਰਾਨ ਸਰਕਾਰ ਅਮਰੀਕਾ ਨੇ ਡੇਗੀ ਸੀ !

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਇੱਕ ਅਮਰੀਕੀ ਮੀਡੀਆ ਹਾਊਸ ਨੇ ਲੀਕ ਹੋਏ ਦਸਤਾਵੇਜ਼ ਦਾ ਹਵਾਲਾ ਦਿੰਦੇ ਹੋਏ ਦਾਅਵਾ ਕੀਤਾ ਹੈ ਕਿ ਅਮਰੀਕੀ ਦਬਾਅ ਕਾਰਨ ਇਮਰਾਨ ਖਾਨ ਦੀ ਸਰਕਾਰ ਅਪ੍ਰੈਲ 2022 ਵਿੱਚ ਡਿੱਗ ਗਈ ਸੀ। ਸਰਕਾਰ ਡਿੱਗਣ ਤੋਂ ਬਾਅਦ ਇਮਰਾਨ ਖੁਦ ਕਈ ਰੈਲੀਆਂ 'ਚ ਦੋਸ਼ ਲਗਾਉਂਦੇ ਰਹੇ ਹਨ ਕਿ ਉਨ੍ਹਾਂ ਦੀ ਸਰਕਾਰ ਅਮਰੀਕਾ ਦੇ ਇਸ਼ਾਰੇ 'ਤੇ ਪਾਕਿਸਤਾਨੀ ਫੌਜ ਨੇ ਡੇਗ ਦਿੱਤੀ ਸੀ। ਹਾਲਾਂਕਿ ਉਨ੍ਹਾਂ ਨੇ ਖੁਦ ਹੁਣ ਇਹ ਦੋਸ਼ ਵਾਪਸ ਲੈ ਲਿਆ ਹੈ। ਇੰਟਰਸੈਪਟ ਜੋ ਕਿ ਇੱਕ ਅਮਰੀਕੀ ਮੈਗਜ਼ੀਨ ਹੈ ਨੇ ਦਾਅਵਾ ਕੀਤਾ ਹੈ ਕਿ ਪਿਛਲੇ ਸਾਲ ਇਮਰਾਨ ਸਰਕਾਰ ਵਿਰੁੱਧ ਜੋ ਬੇਭਰੋਸਗੀ ਮਤਾ ਜਾਂ ਅਵਿਸ਼ਵਾਸ ਪ੍ਰਸਤਾਵ ਲਿਆਂਦਾ ਗਿਆ ਸੀ, ਉਹ ਜੋ ਬਾਇਡਨ ਪ੍ਰਸ਼ਾਸਨ ਦੀ ਨਾਰਾਜ਼ਗੀ ਕਾਰਨ ਸੀ। ਇਸ ਨਾਰਾਜ਼ਗੀ ਦਾ ਕਾਰਨ ਖਾਨ ਦੇ ਮਾਸਕੋ ਦੌਰੇ ਨੂੰ ਦੱਸਿਆ ਗਿਆ ਹੈ, ਜੋ ਉਨ੍ਹਾਂ ਨੇ 24 ਫਰਵਰੀ 2022 ਨੂੰ ਕੀਤਾ ਸੀ। ਇਸ ਦਿਨ ਰੂਸ ਨੇ ਯੂਕਰੇਨ 'ਤੇ ਹਮਲਾ ਕੀਤਾ ਸੀ ਅਤੇ ਇਹ ਜੰਗ ਅੱਜ ਵੀ ਜਾਰੀ ਹੈ। ਇਮਰਾਨ ਇਸ ਸਮੇਂ ਜੇਲ੍ਹ ਵਿੱਚ ਹਨ ਅਤੇ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਇਸ ਮਾਮਲੇ ਵਿੱਚ ਕੁੱਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ ਹੈ।

### 70 ਮਿਲੀਅਨ ਦੀ ਨਿਕਲੀ ਲਾਟਰੀ ਕਿਸੇ ਵੱਲੋਂ ਕਲੇਮ ਹੀ ਨਹੀਂ ਕੀਤੀ ਗਈ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਆਮ ਹੀ ਧਾਰਨਾ ਹੈ ਕਿ ਵਕਤ ਤੋਂ ਪਹਿਲਾਂ ਤੇ ਕਿਸਮਤ ਤੋਂ ਜ਼ਿਆਦਾ ਕਿਸੇ ਨੂੰ ਨਹੀਂ ਮਿਲਦਾ ਇਹ ਕਹਾਵਤ ਉਸ ਵਿਅਕਤੀ ਲਈ ਬਿਲਕੁਲ ਢੁੱਕਵੀਂ ਸਿੱਧ ਹੋ ਗਈ ਹੈ ਜਿਸ ਨੇ 70 ਮਿਲੀਅਨ ਦੀ ਲਾਟਰੀ ਤਾਂ ਖਰੀਦੀ ਪਰ ਕਦੇ ਕਲੇਮ ਨਹੀਂ ਕਰ ਸਕਿਆ। ਆਖਰਕਾਰ ਇਸ ਲਾਟਰੀ ਨੂੰ ਅਧਿਕਾਰਤ ਤੌਰ ਤੇ ਕਲੇਮ ਨਾ ਕੀਤੀ ਗਈ ਲਾਟਰੀ ਐਲਾਨ ਦਿੱਤਾ ਗਿਆ ਹੈ।













# ਮਾਰਟਿਨਵੈਲੀ ਸਪੋਰਟਸ ਕਲੱਬ ਕੈਲਗਰੀ ਵੱਲੋਂ 13ਵਾਂ ਕਬੱਡੀ ਟੂਰਨਾਂਮੈਂਟ ਅਮਿੱਟ ਯਾਦਾਂ ਛੱਡ ਗਿਆ












ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)- ਕੈਲਗਰੀ ਵਿਖੇ ਬੀਤੀ 5 ਅਗਸਤ 2023 ਵਾਲੇ ਦਿਨ ਖੁਸ਼ਮਿਜਾਜ਼ ਮੌਸਮ ਦੌਰਾਨ 13 ਕਬੱਡੀ ਟੂਰਨਾਂਮੈਂਟ ਮਾਰਟਿਨਵੈਲੀ ਸਪੋਰਟਸ ਕਲੱਬ ਕੈਲਗਰੀ ਵੱਲੋਂ ਪ੍ਰੇਰੀਵਿੰਡਜ਼ ਪਾਰਕ ਦੀਆਂ ਗਰਾਊਂਡਾਂ ਵਿੱਚ ਕਰਵਾਇਆ ਗਿਆ। ਜਗਰਾਜ ਬਰਾੜ ਮਾਹਲਾ,ਨਵੀ ਅਚਰਵਾਲ, ਪੰਮਾ ਸ਼ੇਖਦੌਲਤ ਅਤੇ ਉਹਨਾਂ ਦੇ ਸਹਿਯੋਗੀਆਂ ਵੱਲੋਂ ਅਣਥੱਕ ਮਿਹਨਤ ਨਾਲ ਸੁਚੱਜੇ ਪਰਬੰਧਾਂ ਹੇਠ ਪੰਜਾਬ ,ਹਰਿਆਣਾ ਅਤੇ ਪਾਕਿਸਤਾਨ ਦੀਆਂ 6 ਨਾਮਵਰ ਕਬੱਡੀ ਟੀਮਾਂ ਨੇ ਹਿੱਸਾ ਲਿਆ। ਕਬੱਡੀ ਦੇ ਫਸਵੇਂ ਮੈਚਾਂ ਵਿੱਚੋਂ ਪਹਿਲਾਂ ਇਨਾਮ ਜੀਟੈਕ ਵਾਲੇ ਭੰਡਾਲ ਭਰਾਵਾਂ ਵੱਲੋਂ ਸਪਾਂਸਰ ਫਰੈਂਡਜ਼ ਕਲੱਬ ਕੈਲਗਰੀ ਅਤੇ ਸੁੰਦਰ ਬਿਲਡਿੰਗ ਸਪਲਾਈ ਵਾਲੇ ਜੌਹਲ ਭਰਾਵਾਂ ਵੱਲੋਂ ਸਪਾਂਸਰ ਦੂਜਾ ਇਨਾਮ ਮੋਗਾ ਕਲੱਬ ਕੈਲਗਰੀ ਦੇ ਹਿੱਸੇ ਆਇਆ। ਮਾਰਟਿਨਵੈਲੀ ਸਪੋਰਟਸ ਕਲੱਬ ਕੈਲਗਰੀ ਵੱਲੋਂ ਸਵਰਨੇ ਵੈਲੀ ਅਤੇ ਮੱਖਣ ਅਲੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਰਸਾਕੱਸੀ ਦੇ ਮੁਕਾਬਲੇ ਵੀ ਬਹੁਤ ਦਿਲਚਸਪ ਰਹੇ। ਰਾਜਨੀਤਕ ਖੇਤਰ ਵਿੱਚ ਐਮ ਪੀ ਜੌਰਜ ਚਾਹਲ, ਐਮ ਪ੍ਰ ਜਸਰਾਜ ਹੱਲਣ, ਐਮ ਐਲ ਏ ਪਰਮੀਤ ਸਿੰਘ ਬੋਪਾਰਾਇ ਅਤੇ ਕੌਂਸਲਰ ਰਾਜ ਧਾਲੀਵਾਲ ਨੇ ਹਾਜਿਰੀ ਭਰੀ। ਕੈਲਗਰੀ ਦੇ ਗੁਰਦਵਾਰਾ ਦਸਮੇਸ ਕਲਚਰਲ ਸੈਂਟਰ ਵੱਲੋਂ ਲੰਗਰ ਦੀ ਸੇਵਾ ਨਿਭਾਈ ਗਈ ਜਦੋਂ ਕਿ ਪਾਣੀ ਦੀ ਸੇਵਾ ਸੈਮ ਬਰਾੜ ਨੇ ਆਪਣੇ ਜੁੰਮੇ ਲਈ ਹੋਈ ਸੀ। ਟੂਰਨਾਂਮੈਂਟ ਦੀ ਸਫਲਤਾ ਲਈ ਮਾਰਟਿਨਵੈਲੀ ਸਪੋਰਟਸ ਕਲੱਬ ਕੈਲਗਰੀ ਦੇ ਜਗਰਾਜ ਬਰਾੜ ਮਾਹਲਾ,ਨਵੀ ਅਚਰਵਾਲ, ਪੰਮਾ ਸ਼ੇਖਦੌਲਤਪੰਮਾਂ ਰਣਸ਼ੀਹ ਖੁਰਦ,ਬਿੱਲਾ ਮਨਸੂਰਵਾਲ ਬੇਟ,ਸਿੰਦਾ ਅਚਰਵਾਲ,ਰਾਜ ਬੱਧਨੀ,ਤਰਸੇਮ ਗਿੱਲਮੱਲੀਆਂ ਵਾਲਾ,ਪੰਮਾ ਬਨਬੈਤ,ਜਸਜੀਤ ਸਿੰਘ ਬੱਬੂ ਮਾਣੂੰਕੇ ਅਤੇ ਲਖਵਿੰਦਰ ਸੰਧੂ ਕਪੂਰਾ ਅਤੇ ਹੋਰ ਸਾਰੇ ਵਾਲੰਟੀਅਰ ਵਧਾਈ ਦੇ ਹੱਕਦਾਰ ਹਨ। ਲਾਈਵ ਕਬੱਡੀ ਵਾਲਿਆਂ ਨੇ ਇਸ ਟੂਰਨਾਂਮੈਂਟ ਦੌਰਾਨ ਲਗਦੇ ਜੱਫਿਆਂ ਨੂੰ ਪੂਰੀ ਦੁਨੀਆਂ ਦੇ ਖੇਡ ਪ੍ਰੇਮੀਆਂ ਨਾਲ ਸਾਂਝਾ ਕੀਤਾ।















**ਤਸਵੀਰਾਂ ਲਈ ਲਾਈਵ ਕਬੱਡੀ ਦੀ ਟੀਮ ਦा ਅਦਾਰਾ ਪੰਜਾਬੀ ਅਖ਼ਬਾਰ ਵੱਲੋਂ ਬਹੁਤ ਬਹੁਤ ਧੰਨਵਾਦ ।**

# COPPERSTONE
AT COPPERFIELD

# ਨਵੇਂ ਫੇਸ ਵਿੱਚ ਲਾਟਾਂ ਹੁਣ ਵੇਚੀਆਂ ਜਾ ਰਹੀਆਂ ਹਨ

## ਸਿੰਗਲ ਫੈਮਿਲੀ ਹੋਮ
## ਲੀਗਲ ਬੇਸਮੈਂਟ ਸੂਟ ਵਿਕਲਪਾਂ ਦੇ ਨਾਲ

ਸਾਡੇ ਆਲੀਸ਼ਾਨ ਅਤੇ ਵਿਸ਼ਾਲ ਮਾਡਰਨ ਸਿੰਗਲ ਫੈਮਿਲੀ ਅਤੇ ਲਗਜ਼ਰੀ ਅਸਟੇਟ ਸਿੰਗਲ ਫੈਮਿਲੀ ਹੋਮਜ਼ ਕਾਪਰਫੀਲਡ ਦੇ ਪ੍ਰਮੁੱਖ ਦੱਖਣ-ਪੂਰਬੀ ਕੈਲਗਰੀ ਇਲਾਕੇ ਵਿੱਚ ਉੱਚ ਪੱਧਰੀ ਪਰ ਕਿਫਾਇਤੀ ਰਹਿਣ ਦਾ ਪ੍ਰਤੀਕ ਹਨ।

2,000 ਵਰਗ ਫੁੱਟ ਤੋਂ ਲੈ ਕੇ ਲਗਭਗ 3,000 ਵਰਗ ਫੁੱਟ ਤੱਕ। 3 ਜਾਂ 4 ਬੈੱਡਰੂਮਾਂ ਦੇ ਨਾਲ, ਇਹਨਾਂ ਵਿੱਚੋਂ ਜ਼ਿਆਦਾਤਰ ਘਰਾਂ ਵਿੱਚ ਭਵਿੱਖ ਦੇ ਵਿਕਾਸ ਲਈ 9 ਫੁੱਟ ਦੀ ਛੱਤ ਵਾਲੇ ਅਧੂਰੇ ਬੇਸਮੈਂਟਾਂ ਤੋਂ ਇਲਾਵਾ ਇੱਕ ਹੋਮ ਆਫਿਸ ਅਤੇ ਬੋਨਸ ਕਮਰੇ ਹਨ। ਮੌਰਗੇਜ ਭੁਗਤਾਨਾਂ ਵਿੱਚ ਸਹਾਇਤਾ ਲਈ ਮਹੀਨਾਵਾਰ ਕਿਰਾਏ ਦੀ ਆਮਦਨ ਲਈ ਇੱਕ 1- ਜਾਂ 2- ਬੈੱਡਰੂਮ ਕਾਨੂੰਨੀ ਆਮਦਨ ਸੂਟ ਸ਼ਾਮਲ ਕਰੋ।

**ਹੋਰ ਜਾਣਨ ਲਈ ਅੱਜ ਹੀ ਰਜਿਸਟਰ ਕਰੋ!**


Kitchen


Bathroom


Legal basement suite


Modern Double Front Garage Homes

**SHOWHOMES NOW OPEN**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES

# ਪਟਿਆਲਾ 'ਚ ਸੀ.ਐੱਮ. ਮਾਨ ਨੇ ਲਹਿਰਾਇਆ ਕੌਮੀ ਝੰਡਾ, ਪੰਜਾਬੀਆਂ ਲਈ ਕੀਤੇ ਵੱਡੇ ਐਲਾਨ



ਪਟਿਆਲਾ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਆਜ਼ਾਦੀ ਦਿਹਾੜੇ ਮੌਕੇ ਇੱਥੇ ਕੌਮੀ ਝੰਡਾ ਲਹਿਰਾਇਆ ਗਿਆ। ਇਸ ਤੋਂ ਬਾਅਦ ਉਨ੍ਹਾਂ ਵਲੋਂ ਪਰੇਡ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਆਜ਼ਾਦੀ ਖ਼ਾਤਰ ਜਿਨ੍ਹਾਂ ਲੋਕਾਂ ਨੂੰ ਕਾਲੇ ਪਾਣੀਆਂ ਦੀ ਸਜ਼ਾ ਵੀ ਮਿਲੀ ਹੈ, ਉਨ੍ਹਾਂ 'ਚ 80 ਫ਼ੀਸਦੀ ਪੰਜਾਬੀ ਸਨ। ਪੰਜਾਬੀਆਂ ਨੇ ਦੇਸ਼ ਆਜ਼ਾਦ ਕਰਵਾਇਆ ਅਤੇ ਅਸੀਂ ਇਸ ਆਜ਼ਾਦੀ ਨੂੰ ਕਾਇਮ ਰੱਖਣਾ ਵੀ ਜਾਣਦੇ ਹਨ। ਜਿਹੜੇ ਲੋਕ ਸਾਨੂੰ ਆਜ਼ਾਦੀ ਦਾ ਮਤਲਬ ਸਮਝਾਉਂਦੇ ਹਨ, ਉਨ੍ਹਾਂ ਨੂੰ ਇਹੀ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਨਾ ਦੱਸੋ। ਅੱਜ ਵੀ ਪੰਜਾਬ ਦੇ ਨੌਜਵਾਨ ਦੁਸ਼ਮਣ ਦੀਆਂ ਗੋਲੀਆਂ ਸਾਹਮਣੇ ਹਿੱਕਾਂ ਤਾਣ ਕੇ ਖੜ੍ਹੇ ਹਨ ਕਿਉਂਕਿ ਦੁਸ਼ਮਣ ਵਾਲੇ ਪਾਸਿਓਂ ਭਾਵੇਂ ਉਹ ਪਾਕਿਸਤਾਨ ਹੋਵੇ, ਚੀਨ ਹੋਵੇ ਜਾਂ ਅਸਾਮ ਹੋਵੇ, ਜੇ ਕੋਈ ਗੋਲੀ ਆਉਂਦੀਹੈ ਤਾਂ ਦੇਸ਼ ਵਾਲੇ ਪਾਸੇ ਸਭ ਤੋਂ ਪਹਿਲਾਂ ਪੰਜਾਬੀ ਸੀਨਾ ਤਾਣ ਕੇ ਖੜ੍ਹੇ ਹੁੰਦੇ ਹਨ।

ਉਨ੍ਹਾਂ ਕਿਹਾ ਕਿ ਭਾਵੇਂ ਸਾਡੇ ਸ਼ਹੀਦਾਂ ਨੇ ਸਾਨੂੰ ਆਜ਼ਾਦੀ ਲੈ ਦਿੱਤੀ ਪਰ ਸ਼ਹੀਦੇ ਆਜ਼ਮ ਭਗਤ ਸਿੰਘ ਵਰਗਿਆਂ ਨੂੰ ਇਸ ਗੱਲ ਦੀ ਚਿੰਤਾ ਵੀ ਸੀ ਕਿ ਆਜ਼ਾਦੀ ਤੋਂ ਬਾਅਦ ਮੁਲਕ ਕਿਹੜੇ ਹੱਥਾਂ 'ਚ ਜਾਵੇਗਾ। ਉਨ੍ਹਾਂ ਕਿਹਾ ਅੱਜ ਵੀ ਸਾਡੇ ਸੂਬੇ 'ਚ ਅਨਪੜ੍ਹਤਾ, ਗਰੀਬੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਵਰਗੀਆਂ ਸਮੱਸਿਆਵਾਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀਆਂ ਨੂੰ ਤਾਂ ਇਹ ਆਜ਼ਾਦੀ ਬੇਹੱਦ ਮਹਿੰਗੀ ਪਈ ਹੈ ਕਿਉਂਕਿ ਆਜ਼ਾਦੀ ਤੋਂ ਪਹਿਲਾਂ ਵਾਲੀ ਰਾਤ ਕਹਿਰ ਦੀ ਰਾਤ ਸੀ, ਜਿਸ ਦੌਰਾਨ ਵੰਡ ਦੇ ਸਮੇਂ 10 ਲੱਖ ਤੋਂ ਜ਼ਿਆਦਾ ਬੰਦਾ ਮਰ ਗਿਆ, ਜਿਨ੍ਹਾਂ 'ਚ ਸਾਡੇ ਬਜ਼ੁਰਗ ਸ਼ਾਮਲ ਸਨ। ਪੰਜਾਬ ਵੰਡਿਆ ਗਿਆ ਅਤੇ ਪੰਜਾਬ ਦੇ ਲੋਕ ਵੀ ਵੰਡੇ ਗਏ। ਉਨ੍ਹਾਂ ਨੇ ਪੰਜਾਬੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਪਣੇ ਵਿਰਸੇ ਨੂੰ ਯਾਦ ਰੱਖਣਾ ਬੇਹੱਦ ਜ਼ਰੂਰੀ ਹੈ।

ਪੰਜਾਬੀਆਂ ਲਈ ਕੀਤੇ ਅਹਿਮ ਐਲਾਨ

ਚਿੱਟੇ ਦੇ ਖ਼ਿਲਾਫ਼ ਸਾਰਾ ਤਾਣਾ-ਬਾਣਾ ਤਿਆਰ ਕਰ ਲਿਆ ਹੈ। ਹੁਣ ਅਸੀਂ ਬਹੁਤ ਵੱਡੀ ਪਲਾਨਿੰਗ ਨਾਲ ਤਿਆਰ ਹਾਂ ਅਤੇ ਲੋਕਾਂ ਸਾਹਮਣੇ ਨਤੀਜੇ ਆਉਣੇ ਸ਼ੁਰੂ ਹੋ ਜਾਣਗੇ। ਜਿਹੜੇ ਚਿੱਟਾ ਖਾਂਦੇ ਹਨ, ਉਨ੍ਹਾਂ ਨੂੰ ਹਸਪਤਾਲ ਭਰਤੀ ਕਰਾਇਆ ਜਾਵੇਗਾ। ਜਿਹੜੇ ਸਪਲਾਇਰ ਹਨ, ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ। ਅਗਲੀ 15 ਅਗਸਤ ਤੋਂ ਪਹਿਲਾਂ ਪੰਜਾਬ 'ਚ ਚਿੱਟੇ ਦਾ ਲੱਗਿਆ ਕਲੰਕ ਧੋਣ 'ਚ ਕਾਮਯਾਬ ਹੋ ਜਾਵੇਗਾ।

ਪੰਜਾਬ ਦੇ ਲੋਕਾਂ ਨੂੰ 76 ਆਮ ਆਦਮੀ ਕਲੀਨਿਕ ਸਮਰਪਿਤ ਕਰ ਦਿੱਤੇ ਗਏ ਹਨ। ਹੁਣ ਪੰਜਾਬ 'ਚ ਕੁੱਲ ਆਮ ਆਦਮੀ ਕਲੀਨਿਕਾਂ ਦੀ ਗਿਣਤੀ 659 ਹੋ ਗਈ ਹੈ।

'ਖੇਡਾਂ ਵਤਨ ਪੰਜਾਬ ਦੀਆਂ' ਦੀ ਰਜਿਸਟ੍ਰੇਸ਼ਨ ਸ਼ੁਰੂ ਹੋ ਗਈ ਹੈ।

ਹਰ ਸਾਲ 2200 ਪੁਲੀਸ ਮੁਲਾਜ਼ਮਾਂ ਦੀ ਭਰਤੀ ਕੀਤੀ ਜਾਵੇਗੀ।

ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ, ਜਿੱਥੇ 90 ਫ਼ੀਸਦੀ ਲੋਕਾਂ ਦੇ ਬਿਜਲੀ ਦੇ ਬਿੱਲ ਜ਼ੀਰੋ ਆਉਂਦੇ ਹਨ।

# ਹਰਸਿਮਰਤ ਬਾਦਲ ਨੇ ਲੋਕ ਸਭਾ 'ਚ ਮੁੜ ਉਭਾਰਿਆ ਬੰਦੀ ਸਿੰਘਾਂ ਦਾ ਮਸਲਾ



ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਬਠਿੰਡਾ ਤੋਂ ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਨੇ ਬੀਤੇ ਦਿਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਕਰੜੇ ਹੱਥੀਂ ਲੈਂਦਿਆਂ ਉਨ੍ਹਾਂ ਤੋਂ ਭਰੋਸਾ ਮੰਗਿਆ ਕਿ ਸਰਕਾਰ ਦੇ ਤਜਵੀਜ਼ਸ਼ੁਦਾ ਕਾਨੂੰਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ ਧਰਮੀ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਖ਼ਾਲਸਾ ਪੰਥ ਨੂੰ ਕੀਤੇ ਵਾਅਦੇ ਦੀ ਪੂਰਤੀ ਵਾਸਤੇ ਨਾਗਰਿਕਾਂ ਦੇ ਅਧਿਕਾਰ ਦੇ ਰਾਹ 'ਚ ਅੜਿੱਕਾ ਨਹੀਂ ਬਣਨਗੇ।

ਸਾਬਕਾ ਕੇਂਦਰੀ ਮੰਤਰੀ ਨੇ ਲੋਕ ਸਭਾ 'ਚ ਪੰਥਕ ਤੇ ਪੰਜਾਬ ਦੇ ਮਸਲਿਆਂ 'ਤੇ ਆਪਣਾ ਤਿੱਖਾ ਰੁਖ ਜਾਰੀ ਰੱਖਦਿਆਂ ਉਨ੍ਹਾਂ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਓਦੋਂ 'ਚੋਂ ਟੋਕਿਆ ਜਦੋਂ ਉਹ ਨਾਗਰਿਕਾਂ ਦੇ ਅਧਿਕਾਰਾਂ ਸਬੰਧੀ ਤਜਵੀਜ਼ਸ਼ੁਦਾ ਨਵੇਂ ਕਾਨੂੰਨ ਸਬੰਧੀ ਬਿਆਨ ਦੇ ਰਹੇ ਸਨ। ਉਹ ਸਪੱਸ਼ਟ ਬਿਆਨ ਚਾਹੁੰਦੇ ਸਨ ਕਿ ਇਹ ਕਾਨੂੰਨ ਜਿਹੜੇ ਪਹਿਲਾਂ ਹੀ ਉਮਰ ਕੈਦਾਂ ਪੂਰੀਆਂ ਕਰ ਕੇ ਜੇਲ੍ਹਾਂ 'ਚ ਸੜ ਰਹੇ ਹਨ, ਉਨ੍ਹਾਂ ਦੀ ਕਿਸਮਤ ਨੂੰ ਕਿਵੇਂ ਪ੍ਰਭਾਵਤ ਕਰੇਗਾ ਤੇ ਕੀ ਨਵੇਂ ਕਾਨੂੰਨ 'ਚ ਧਰਮੀ ਬੰਦੀ ਸਿੰਘਾਂ, ਜਿਨ੍ਹਾਂ ਨੂੰ ਬੰਦੀ ਸਿੰਘ ਵੀ ਕਿਹਾ ਜਾਂਦਾ ਹੈ, ਦੀ ਰਿਹਾਈ ਵਾਸਤੇ ਕੋਈ ਵਿਵਸਥਾ ਹੈ। ਗ੍ਰਹਿ ਮੰਤਰੀ ਨੇ ਉਨ੍ਹਾਂ ਨੂੰ ਭਰੋਸਾ ਦੁਆਇਆ ਕਿ ਆਮ ਨਾਗਰਿਕਾਂ ਦੇ ਨਾਲ-ਨਾਲ ਜੋ ਜੇਲ੍ਹਾਂ 'ਚ ਬੰਦ ਹਨ, ਉਨ੍ਹਾਂ ਦੇ ਵਾਜਬ ਹੱਕਾਂ ਦੀ ਸੁਰੱਖਿਆ ਵਾਸਤੇ ਠੋਸ ਵਿਵਸਥਾਵਾਂ ਕੀਤੀਆਂ ਗਈਆਂ ਹਨ।

ਧਰਤੀ ਬੰਦੀ ਸਿੱਖਾਂ (ਬੰਦੀ ਸਿੰਘਾਂ) ਬਾਰੇ ਉਨ੍ਹਾਂ ਦੇ ਸਵਾਲ ਦੇ ਜਵਾਬ 'ਚ ਗ੍ਰਹਿ ਮੰਤਰੀ ਨੇ ਕਿਹਾ ਕਿ ਭਾਵੇਂ ਉਮਰ ਕੈਦ ਦਾ ਮਤਲਬ ਉਮਰ ਭਰ ਲਈ ਕੈਦ ਹੁੰਦਾ ਹੈ, ਪਰ ਅਜਿਹੀਆਂ ਵਿਵਸਥਾਵਾਂ ਹਨ ਜਿਥੇ ਸਥਾਨਕ ਜੇਲ੍ਹ ਅਧਿਕਾਰੀ ਅਪਰਾਧ ਦੇ ਸਰੂਪ 'ਤੇ ਗੰਭੀਰਤਾ ਦੇ ਮੱਦੇਨਜ਼ਰ ਫ਼ੈਸਲੇ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਸਭ ਜੇਲ੍ਹ ਅਧਿਕਾਰੀਆਂ ਦੇ ਅਖ਼ਤਿਆਰ 'ਤੇ ਨਿਰਭਰ ਕਰਦਾ ਹੈ।ਸ਼੍ਰੋਮਣੀ ਅਕਾਲੀ ਦਲ ਦੀ ਐਮਪੀ ਨੇ ਪੰਜਾਬ ਨਾਲ ਖ਼ਾਸ ਤੌਰ 'ਤੇ ਖ਼ਾਲਸਾ ਪੰਥ ਨਾਲ ਵਿਤਕਰੇ ਵਾਲੀਆਂ ਨੀਤੀਆਂ ਤੇ ਫ਼ੈਸਲਿਆਂ ਦਾ ਪੁਰਜ਼ੋਰ ਵਿਰੋਧ ਜਾਰੀ ਰਖਦਿਆਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸਿੱਧੇ ਸਵਾਲ ਕੀਤੇ ਅਤੇ ਪੁੱਛਿਆ, "ਨਵੇਂ ਕਾਨੂੰਨ 'ਚ ਬੰਦੀ ਸਿੰਘਾਂ, ਜੋ ਆਪਣੀਆਂ ਸਜ਼ਾਵਾਂ ਪੂਰੀਆਂ ਹੋਣ ਤੋਂ ਬਾਅਦ ਵੀ ਜੇਲ੍ਹਾਂ 'ਚ ਬੰਦ ਹਨ, ਲਈ ਕੀ ਵਿਵਸਥਾ ਕੀਤੀ ਹੈ? ਹੈਰਾਨ ਹੁੰਦਿਆਂ ਗ੍ਰਹਿ ਮੰਤਰੀ ਨੇ ਪ੍ਰਧਾਨ ਮੰਤਰੀ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦੇ ਕੀਤੇ ਵਾਅਦੇ ਦਾ ਵੀ ਕੋਈ ਜ਼ਿਕਰ ਨਹੀਂ ਕੀਤਾ।"

## ਮੋਦੀ ਨੇ ਭਾਰਤ ਵੰਡ ਦੌਰਾਨ ਜਾਨ ਗਵਾਉਣ ਵਾਲੇ ਲੋਕਾਂ ਨੂੰ ਦਿੱਤੀ ਸ਼ਰਧਾਂਜਲੀ

ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੰਡ ਵਿਭਿਸ਼ਿਕਾ ਯਾਦਗਾਰੀ ਦਿਵਸ ਮੌਕੇ 'ਤੇ ਦੇਸ਼ ਦੀ ਵੰਡ ਦੌਰਾਨ ਜਾਨ ਗਵਾਉਣ ਵਾਲੇ ਲੋਕਾਂ ਨੂੰ ਸ਼ਰਧਾਂਜਲੀ ਦਿੱਤੀ। ਪ੍ਰਧਾਨ ਮੰਤਰੀ ਮੋਦੀ ਨੇ ਸੋਸ਼ਲ ਨੈੱਟਵਰਕਿੰਗ ਸਾਈਟ ਐੱਕਸ (ਪਹਿਲਾਂ ਟਵਿਟਰ) 'ਤੇ ਲਿਖਿਆ, "ਵੰਡ ਵਿਭਿਸ਼ਿਕਾ ਯਾਦਗਾਰੀ ਦਿਵਸ ਉਨ੍ਹਾਂ ਭਾਰਤ ਵਾਸੀਆਂ ਨੂੰ ਸ਼ਰਧਾ ਪੂਰਨ ਯਾਦ ਕਰਨ ਦਾ ਮੌਕਾ ਹੈ ਜਿਨ੍ਹਾਂ ਦਾ ਜੀਵਨ ਦੇਸ਼ ਦੀ ਵੰਡ ਦੀ ਭੇਂਟ ਚੜ੍ਹ ਗਿਆ। ਇਸ ਦੇ ਨਾਲ ਹੀ ਇਹ ਦਿਨ ਲੋਕਾਂ ਦੇ ਦੁੱਖ ਅਤੇ ਸੰਘਰਸ਼ ਦੀ ਵੀ ਯਾਦ ਦਿਵਾਉਂਦਾ ਹੈ ਜਿਨ੍ਹਾਂ ਨੂੰ ਦੇਸ਼ ਛੱਡਣ ਦਾ ਸੰਤਾਪ ਝੱਲਣ ਲਈ ਮਜਬੂਰ ਹੋਣਾ ਪਿਆ। ਅਜਿਹੇ ਸਾਰੇ ਲੋਕਾਂ ਨੂੰ ਮੇਰਾ ਪ੍ਰਣਾਮ।" ਕੇਂਦਰ ਸਰਕਾਰ ਨੇ 14 ਅਗਸਤ ਨੂੰ ਵੰਡ ਵਿਭਿਸ਼ਿਕਾ ਯਾਦਗਾਰੀ ਦਿਵਸ ਦੇ ਰੂਪ 'ਚ ਮਨਾਉਣ ਦੀ 2021 'ਚ ਐਲਾਨ ਕੀਤਾ ਸੀ। ਇਹ ਦਿਨ 1947 'ਚ ਭਾਰਤ ਦੀ ਵੰਡ ਦੌਰਾਨ ਲੋਕਾਂ ਦੇ ਦੁੱਖ ਅਤੇ ਤੰਗੀਆਂ ਦੀ ਯਾਦ ਕਰਾਉਂਦਾ ਹੈ। ਪ੍ਰਧਾਨ ਮੰਤਰੀ ਨੇ ਭਾਰਤ ਵੰਡ ਦੌਰਾਨ ਜਾਨ ਗਵਾਉਣ ਵਾਲੇ ਲੋਕਾਂ ਨੂੰ ਸ਼ਰਧਾਂਜਲੀ ਦਿੱਤੀ।

## ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਮੀਂਹ ਵੱਲੋਂ ਮਚਾਈ ਤਬਾਹੀ ਕਾਰਨ 51 ਲੋਕਾਂ ਦੀ ਮੌਤ ਹੋਈ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਦੇ ਹਿਮਾਚਲ ਪ੍ਰਦੇਸ਼ ਵਿੱਚ ਫਿਰ ਤੋਂ ਭਾਰੀ ਮੀਂਹ ਨੇ ਤਬਾਹੀ ਮਚਾਈ ਹੋਈ ਹੈ । ਹੜ੍ਹ ਅਤੇ ਜ਼ਮੀਨ ਖਿਸਕਣ ਕਾਰਨ 51 ਲੋਕਾਂ ਦੀ ਮੌਤ ਹੋ ਗਈ, ਜਦਕਿ 56 ਲੋਕ ਲਾਪਤਾ ਹਨ। ਤਿੰਨ ਦਿਨ ਲਗਾਤਾਰ ਮੀਂਹ ਪੈਣ ਕਾਰਨ ਕਰੋੜਾਂ ਰੁਪਏ ਦੀ ਜਾਇਦਾਦ ਦਾ ਵੀ ਨੁਕਸਾਨ ਹੋਇਆ ਹੈ। ਰਾਜਧਾਨੀ ਸ਼ਿਮਲਾ ਦੇ ਸਮਰਹਿਲ ਸਥਿਤ ਇੰਸਟੀਚਿਊਟ ਆਫ ਹਾਇਰ ਸਟੱਡੀਜ਼ ਨੇੜੇ ਬੱਦਲ ਫਟਣ ਤੋਂ ਬਾਅਦ ਆਏ ਮਲਬੇ ਨਾਲ ਅੰਤਲੀ ਦਾ ਸ਼ਿਵਵਾਦੀ ਮੰਦਰ ਪੂਰੀ ਤਰ੍ਹਾਂ ਤਬਾਹ ਹੋ ਗਿਆ। ਮੀਂਹ ਕਾਰਨ ਬਚਾਅ ਕਾਰਜਾਂ 'ਚ ਕਾਫੀ ਦਿੱਕਤ ਆਈ। ਸ਼ਿਮਲਾ ਕਸਬੇ ਦੇ ਫਾਗਲੀ 'ਚ ਜ਼ਮੀਨ ਖਿਸਕਣ ਕਾਰਨ ਕਈ ਅਸਥਾਈ ਮਕਾਨ ਢਹਿ-ਢੇਰੀ ਹੋ ਗਏ। ਰਾਹਤ ਅਤੇ ਬਚਾਅ ਟੀਮਾਂ ਨੂੰ ਪੰਜ ਲੋਕਾਂ ਦੀਆਂ ਲਾਸ਼ਾਂ ਮਿਲੀਆਂ ਹਨ। ਦੂਜੇ ਪਾਸੇ ਮੰਡੀ ਜ਼ਿਲੇ 'ਚ ਵੀ ਬੱਦਲ ਫਟਣ, ਹੜ੍ਹ ਅਤੇ ਜ਼ਮੀਨ ਖਿਸਕਣ ਕਾਰਨ ਮਲਬੇ ਹੇਠਾਂ ਦੱਬਣ ਕਾਰਨ 20 ਲੋਕਾਂ ਦੀ ਮੌਤ ਹੋ ਗਈ ਹੈ। ਡਰੰਗ ਵਿਧਾਨ ਸਭਾ ਹਲਕੇ ਦੀ ਸੀਗਲੀ ਪੰਚਾਇਤ ਦੇ ਪਿੰਡ ਛਲਾਹਰ ਵਿੱਚ ਇੱਕੋ ਪਰਿਵਾਰ ਦੇ ਸੱਤ ਜੀਆਂ ਦੀ ਮੌਤ ਹੋ ਗਈ ਹੈ ਅਤੇ ਪੰਜ ਲੋਕ ਲਾਪਤਾ ਹਨ।

## ਪੱਛਮੀ ਅਫਰੀਕੀ ਦੇਸ਼ ਨਾਈਜਰ 'ਚ ਤਖ਼ਤਾਪਲਟ ਤੋਂ ਬਾਅਦ ਭਾਰਤ ਸਰਕਾਰ ਨੇ ਉੱਥੇ ਮੌਜੂਦ ਭਾਰਤੀਆਂ ਲਈ ਐਡਵਾਈਜ਼ਰੀ ਜਾਰੀ ਕੀਤੀ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਪੱਛਮੀ ਅਫਰੀਕੀ ਦੇਸ਼ ਨਾਈਜਰ 'ਚ ਤਖ਼ਤਾਪਲਟ ਤੋਂ ਬਾਅਦ ਭਾਰਤ ਸਰਕਾਰ ਨੇ ਉੱਥੇ ਮੌਜੂਦ ਭਾਰਤੀਆਂ ਲਈ ਐਡਵਾਈਜ਼ਰੀ ਜਾਰੀ ਕੀਤੀ ਹੈ। ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਐਡਵਾਈਜ਼ਰੀ ਵਿੱਚ ਭਾਰਤੀਆਂ ਨੂੰ ਉਥੋਂ ਆਪਣੇ ਦੇਸ਼ ਪਰਤਣ ਲਈ ਕਿਹਾ ਗਿਆ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਜਿਨ੍ਹਾਂ ਭਾਰਤੀਆਂ ਦਾ ਨਾਈਜਰ ਵਿੱਚ ਰਹਿਣਾ ਜ਼ਰੂਰੀ ਨਹੀਂ ਹੈ, ਉਨ੍ਹਾਂ ਨੂੰ ਭਾਰਤ ਵਾਪਸ ਆਉਣ ਲਈ ਜਲਦੀ ਤੋਂ ਜਲਦੀ ਨਾਈਜਰ ਛੱਡ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ ਕਿਹਾ ਗਿਆ ਕਿ ਜਿਹੜੇ ਲੋਕ ਭਾਰਤੀ ਦੂਤਘਰ ਨਾਲ ਸੰਪਰਕ ਕਾਇਮ ਨਹੀਂ ਕਰ ਸਕੇ ਹਨ, ਉਹ ਆਪਣੇ ਆਪ ਨੂੰ ਰਜਿਸਟਰ ਕਰਾਉਣ। ਦਰਅਸਲ ਅਫਰੀਕੀ ਦੇਸ਼ ਨਾਈਜਰ 'ਚ ਫ਼ੌਜ ਨੇ ਹਾਲ ਹੀ 'ਚ ਰਾਸ਼ਟਰਪਤੀ ਮੁਹੰਮਦ ਬਾਜ਼ੂਮ ਦਾ ਤਖ਼ਤਾਪਲਟ ਕੀਤਾ ਹੈ। ਤਖ਼ਤਾਪਲਟ ਤੋਂ ਬਾਅਦ ਰਾਸ਼ਟਰਪਤੀ ਨੂੰ ਨਜ਼ਰਬੰਦ ਕਰ ਦਿੱਤਾ ਗਿਆ ਹੈ। ਇਸ ਤੋਂ ਬਾਅਦ ਉਥੇ ਸਥਿਤੀ ਵਿਗੜਦੀ ਜਾ ਰਹੀ ਹੈ। ਫੌਜੀਆਂ ਨੇ ਇਸ ਤਖ਼ਤਾਪਲਟ ਦਾ ਐਲਾਨ ਨੈਸ਼ਨਲ ਟੀਵੀ 'ਤੇ ਕੀਤਾ। ਫ਼ੌਜ ਨੇ ਨਾਈਜਰ ਦੇ ਸੰਵਿਧਾਨ ਨੂੰ ਭੰਗ ਕਰਨ ਦਾ ਐਲਾਨ ਕਰਦਿਆਂ ਸਾਰੀਆਂ ਸੰਸਥਾਵਾਂ ਨੂੰ ਮੁਅੱਤਲ ਕਰ ਦਿੱਤਾ। ਇਸ ਤਖ਼ਤਾਪਲਟ ਤੋਂ ਬਾਅਦ ਦੇਸ਼ ਦੀਆਂ ਸਾਰੀਆਂ ਸਰਹੱਦਾਂ ਬੰਦ ਕਰ ਦਿੱਤੀਆਂ ਗਈਆਂ ਹਨ।

## ਪੁਲਿਸ ਮੁਲਾਜਮ ਨੂੰ ਵਿਆਹ ਮੌਕੇ ਵੀ ਦਾਹੜੀ ਰੱਖਣ ਤੋਂ ਰੋਕ ਦਿੱਤਾ ਗਿਆ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਵਾਸ਼ਿੰਗਟਨ ਸਥਿਤ ਭਾਰਤੀ ਸਫ਼ਾਰਤਖਾਨੇ ਨੇ ਨਿਊਯਾਰਕ ਰਾਜ ਦੇ ਪੁਲੀਸ ਜਵਾਨ ਨੂੰ ਦਾੜ੍ਹੀ ਰੱਖਣ ਤੋਂ ਰੋਕਣ ਦਾ ਮਾਮਲਾ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਕੋਲ ਉਠਾਇਆ ਹੈ। ਨਿਊਯਾਰਕ ਸਟੇਟ ਦੇ ਚਰਨਜੋਤ ਟਿਵਾਣਾ ਨੇ ਪਿਛਲੇ ਸਾਲ ਮਾਰਚ ਵਿੱਚ ਆਪਣੇ ਵਿਆਹ ਮੌਕੇ ਦਾੜ੍ਹੀ ਰੱਖਣ ਦੀ ਇਜਾਜ਼ਤ ਮੰਗੀ ਸੀ। ਉਸ ਦੀ ਬੇਨਤੀ ਨੂੰ ਇਸ ਅਧਾਰ 'ਤੇ ਰੱਦ ਕਰ ਦਿੱਤਾ ਗਿਆ ਸੀ ਕਿ ਲੋੜ ਪੈਣ 'ਤੇ ਗੈਸ ਮਾਸਕ ਪਹਿਨਣ ਮੌਕੇ ਦਾੜ੍ਹੀ ਕਾਰਨ ਸੁਰੱਖਿਆ ਜੋਖਮ ਪੈਦਾ ਹੋ ਸਕਦਾ ਹੈ। ਇੱਥੇ ਭਾਰਤੀ ਅਧਿਕਾਰੀਆਂ ਨੇ ਇਹ ਮੁੱਦਾ ਨਿਊਯਾਰਕ ਰਾਜ ਦੇ ਗਵਰਨਰ ਦੇ ਦਫ਼ਤਰ ਕੋਲ ਉਠਾਇਆ ਅਤੇ ਅਮਰੀਕਾ ਵਿੱਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਇਹ ਮਾਮਲਾ ਬਾਇਡਨ ਪ੍ਰਸ਼ਾਸਨ ਦੇ ਸੀਨੀਅਰ ਕੋਲ ਉਠਾਇਆ। ਅਧਿਕਾਰੀਆਂ ਨੇ ਦੱਸਿਆ ਕਿ ਨਿਊਯਾਰਕ ਸਟੇਟ ਪੁਲੀਸ ਅਤੇ ਗਵਰਨਰ ਦਫ਼ਤਰ ਵੀ ਇਸ 'ਤੇ ਕੰਮ ਕਰ ਰਹੇ ਹਨ।

## ਪਾਕਿਸਤਾਨ ਦੀ ਰਾਸ਼ਟਰੀ ਅਸੈਂਬਲੀ ਭੰਗ ਕਰ ਦਿੱਤੀ ਗਈ ਹੈ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਦੀ ਸੰਸਦ ਯਾਨੀ ਨੈਸ਼ਨਲ ਅਸੈਂਬਲੀ ਸਰਕਾਰ ਦਾ ਕਾਰਜਕਾਲ ਖਤਮ ਹੋਣ ਤੋਂ 3 ਦਿਨ ਪਹਿਲਾਂ ਭੰਗ ਕਰ ਦਿੱਤੀ ਗਈ ਹੈ । ਇਸੇ ਦਿਨ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਰਾਸ਼ਟਰਪਤੀ ਆਰਿਫ ਅਲਵੀ ਨੂੰ ਸੰਸਦ ਭੰਗ ਕਰਨ ਦੀ ਸਿਫਾਰਿਸ਼ ਭੇਜੀ ਸੀ। ਰਾਸ਼ਟਰਪਤੀ ਨੇ ਇਸ ਨੂੰ ਮਨਜ਼ੂਰੀ ਦੇ ਦਿੱਤੀ। ਪਾਕਿਸਤਾਨ ਦੇ ਰਾਸ਼ਟਰਪਤੀ ਦਫਤਰ ਨੇ ਟਵੀਟ ਕੀਤਾ ਕਿ ਪ੍ਰਧਾਨ ਮੰਤਰੀ ਦੀ ਸਲਾਹ 'ਤੇ ਧਾਰਾ 58-1 ਦੇ ਤਹਿਤ ਸੰਸਦ ਨੂੰ ਭੰਗ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਕਾਰਜਕਾਰੀ ਪ੍ਰਧਾਨ ਮੰਤਰੀ ਦੀ ਨਿਯੁਕਤੀ ਦੀ ਪ੍ਰਕਿਰਿਆ ਸ਼ੁਰੂ ਹੋ ਜਾਵੇਗੀ। ਸਰਕਾਰ ਦੇ ਆਖ਼ਰੀ ਦਿਨ ਕੈਬਨਿਟ ਨੂੰ ਸੰਬੋਧਨ ਕਰਦਿਆਂ ਪੀਐਮ ਸ਼ਾਹਬਾਜ਼ ਨੇ ਕਿਹਾ- ਗੱਠਜੋੜ ਸਰਕਾਰ ਨੇ ਆਪਣੇ ਹਿੱਤਾਂ ਤੋਂ ਪਰੇ ਦੇਸ਼ ਨੂੰ ਬਚਾਉਣ ਲਈ ਵੱਡੀ ਕੁਰਬਾਨੀ ਦਿੱਤੀ ਹੈ। ਸ਼ਾਹਬਾਜ਼ ਸ਼ਰੀਫ ਅਤੇ ਵਿਰੋਧੀ ਧਿਰ ਦੇ ਨੇਤਾ ਰਾਜਾ ਰਿਆਜ਼ ਕੇਅਰਟੇਕਰ ਪ੍ਰਧਾਨ ਮੰਤਰੀ ਦੇ ਨਾਂ 'ਤੇ ਫੈਸਲਾ ਲੈਣ ਲਈ ਚਰਚਾ ਕਰਨਗੇ।

# ਰਿੰਦਾ ਅਤੇ ਗੋਲਡੀ ਬਰਾੜ ਵਲੋਂ ਚਲਾਏ ਜਾ ਰਹੇ ਇੱਕ ਹੋਰ ਅਤਿਵਾਦੀ ਮੌਜਿਊਲ ਦਾ ਪਰਦਾਫ਼ਾਸ਼



ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਪੁਲੀਸ ਵਲੋਂ ਕੇਂਦਰੀ ਏਜੰਸੀਆਂ ਨਾਲ ਸਾਂਝੇ ਆਪ੍ਰੇਸ਼ਨ ਦੌਰਾਨ ਇੱਕ ਹੋਰ ਅਤਿਵਾਦੀ ਮੌਜਿਊਲ, ਜੋ ਅਮਰੀਕਾ ਆਧਾਰਿਤ ਲੋੜੀਂਦੇ ਗੈਂਗਸਟਰ ਹਰਪ੍ਰੀਤ ਉਰਫ਼ ਹੈਪੀ ਵਲੋਂ ਚਲਾਇਆ ਜਾ ਰਿਹਾ ਸੀ, ਦਾ ਪਰਦਾਫ਼ਾਸ਼ ਕਰਦਿਆਂ ਪੰਜ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲੀਸ ਨੇ ਉਨ੍ਹਾਂ ਕੋਲੋਂ ਦੋ ਵਿਦੇਸ਼ੀ 9ਐਮਐਮ ਪਿਸਤੌਲਾਂ ਸਮੇਤ ਗੋਲੀ-ਸਿੱਕਾ ਬਰਾਮਦ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾਇਰੈਕਟਰ ਜਨਰਲ ਪੁਲੀਸ ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਗੈਂਗਸਟਰ ਹਰਪ੍ਰੀਤ ਹੈਪੀ ਪਾਕਿਸਤਾਨ ਆਧਾਰਿਤ ਲੋੜੀਂਦੇ ਅਤਿਵਾਦੀ ਹਰਵਿੰਦਰ ਉਰਫ਼ ਰਿੰਦਾ ਅਤੇ ਅਮਰੀਕਾ ਆਧਾਰਿਤ ਲੋੜੀਂਦੇ ਅਤਿਵਾਦੀ ਗੋਲਡੀ ਬਰਾੜ ਦੇ ਸੰਪਰਕ 'ਚ ਹੈ।

ਇਹ ਸਫ਼ਲਤਾ ਸੁਤੰਤਰਤਾ ਦਿਵਸ ਦੀ ਪੂਰਵ ਸੰਧਿਆ ਮੌਕੇ ਅਤੇ ਪੰਜਾਬ ਪੁਲੀਸ ਵਲੋਂ ਚੈੱਕ ਗਣਰਾਜ (ਚੈੱਕੀਆ) ਦੇ ਗੁਰਦੇਵ ਸਿੰਘ ਉਰਫ਼ ਜੈਸਲ ਵਲੋਂ ਚਲਾਏ ਜਾ ਰਹੇ ਅਤਿਵਾਦੀ ਮੌਜਿਊਲ ਦਾ ਪਰਦਾਫ਼ਾਸ਼ ਕਰਦਿਆਂ ਤਰਨਤਾਰਨ ਤੋਂ ਉਸ ਦੇ ਤਿੰਨ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਕੇ ਤਿੰ ਪਿਸਤੌਲਾਂ ਸਮੇਤ ਗੋਲੀ-ਸਿੱਕਾ ਬਰਾਮਦ ਕਰਨ ਤੋਂ ਇੱਕ ਦਿਨ ਬਾਅਦ ਮਿਲੀ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਗੁਰਿੰਦਰ ਸਿੰਘ ਵਾਸੀ ਲੱਖੂਵਾਲ ਅੰਮ੍ਰਿਤਸਰ, ਗੁਰਪਿੰਦਰ ਸਿੰਘ ਉਰਫ਼ ਲਾਹੌਰੀਆ ਵਾਸੀ ਅਜਨਾਲਾ ਅੰਮ੍ਰਿਤਸਰ, ਲਵਪ੍ਰੀਤ ਸਿੰਘ ਵਾਸੀ ਅਜਨਾਲਾ ਅੰਮ੍ਰਿਤਸਰ, ਨਰਿੰਦਰ ਸਿੰਘ ਵਾਸੀ ਸੁੰਦਲ ਰਿਆਲੀ ਗੁਰਦਾਸਪੁਰ ਅਤੇ ਸੁਖਮਨਪ੍ਰੀਤ ਸਿੰਘ ਉਰਫ਼ ਜੀਵਨ ਵਾਸੀ ਅਜਨਾਲਾ ਅੰਮ੍ਰਿਤਸਰ ਵਜੋਂ ਹੋਈ ਹੈ ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਖਾੜਕੂ ਹਰਵਿੰਦਰ ਰਿੰਦਾ ਅਤੇ ਗੋਲਡੀ ਬਰਾੜ ਦੇ ਨਿਰਦੇਸ਼ਾਂ 'ਤੇ ਗੈਂਗਸਟਰ ਹਰਪ੍ਰੀਤ ਹੈਪੀ ਵਲੋਂ ਸੂਬੇ ਦੀ ਸ਼ਾਂਤੀ ਅਤੇ ਸਦਭਾਵਨਾ ਨੂੰ ਭੰਗ ਕਰਨ ਲਈ ਨਵੇਂ ਬਣਾਏ ਗਿਰੋਹ ਰਾਹੀਂ ਸੂਬੇ ਦੇ ਪ੍ਰਮੁੱਖ ਸਿਆਸੀ ਅਤੇ ਸਮਾਜਿਕ-ਧਾਰਮਿਕ ਆਗੂਆਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾਉਣ ਸਬੰਧੀ ਸੂਹ 'ਤੇ ਕਾਰਵਾਈ ਕਰਦਿਆਂ ਕਾਊਂਟਰ ਇੰਟੈਲੀਜੈਂਸ ਨੇ ਕੇਂਦਰੀ ਏਜੰਸੀਆਂ ਨਾਲ ਤਾਲਮੇਲ ਕਰ ਕੇ ਇੱਕ ਵਿਸ਼ੇਸ਼ ਔਪ੍ਰੇਸ਼ਨ ਚਲਾਇਆ। AIG SSOC ਅੰਮ੍ਰਿਤਸਰ ਸੁਖਮਿੰਦਰ ਸਿੰਘ ਮਾਨ ਨੇ ਦੱਸਿਆ ਕਿ ਗੈਂਗਸਟਰ ਹਰਪ੍ਰੀਤ ਹੈਪੀ ਦੇ ਮੌਜਿਊਲ ਦੇ ਹਥਿਆਰਬੰਦ ਸੰਚਾਲਕਾਂ ਵਲੋਂ ਅੰਮ੍ਰਿਤਸਰ 'ਚ ਮੀਟਿੰਗ ਕਰਨ ਦੀ ਭਰੋਸੇਮੰਦ ਸੂਚਨਾ ਦੇ ਆਧਾਰ 'ਤੇ ਐਸਐਸਓਸੀ ਅੰਮ੍ਰਿਤਸਰ ਦੀ ਵਿਸ਼ੇਸ਼ ਟੀਮ ਨੇ ਤੁਰੰਤ ਇਲਾਕੇ 'ਚ ਪਹੁੰਚ ਕੇ ਯੋਜਨਾਬੱਧ ਤਰੀਕੇ ਨਾਲ ਘੇਰਾਬੰਦੀ ਕਰ ਕੇ ਇਸ ਮੌਜਿਊਲ ਦੇ ਪੰਜ ਸੰਚਾਲਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਉਨ੍ਹਾਂ ਦੇ ਕਬਜ਼ੇ 'ਚੋਂ ਹਥਿਆਰ ਬਰਾਮਦ ਕੀਤੇ। ਉਨ੍ਹਾਂ ਅੱਗੇ ਦੱਸਿਆ ਕਿ ਕਾਬੂ ਕੀਤੇ ਗਏ ਮੁਲਜ਼ਮ ਸੂਬੇ 'ਚ ਮਿੱਥ ਕੇ ਕਤਲ ਕਰਨ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਦੀ ਸਾਜ਼ਿਸ਼ ਰਚ ਰਹੇ ਸਨ। ਮੁੱਢਲੀ ਤਫ਼ਤੀਸ਼ ਦੇ ਵੇਰਵੇ ਸਾਂਝੇ ਕਰਦਿਆਂ ਏਆਈਜੀ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਲੋਂ ਹਾਲ ਹੀ 'ਚ ਗੈਂਗਸਟਰ ਹਰਪ੍ਰੀਤ ਹੈਪੀ ਵਲੋਂ ਹਰਵਿੰਦਰ ਰਿੰਦਾ ਦੀ ਮਦਦ ਨਾਲ ਭਾਰਤ-ਪਾਕਿ ਸਰਹੱਦ ਰਾਹੀਂ ਡਰੋਨਾਂ ਦੁਆਰਾ ਭੇਜੀ ਗਈ ਹਥਿਆਰਾਂ ਦੀ ਖੇਪ ਪ੍ਰਾਪਤ ਕੀਤੀ ਗਈ ਸੀ।

ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਨੂੰ ਹਰਪ੍ਰੀਤ ਹੈਪੀ ਵਲੋਂ ਵੱਖ-ਵੱਖ ਚੈਨਲਾਂ ਰਾਹੀਂ ਭੇਜੀ ਗਈ ਵਿੱਤੀ ਸਹਾਇਤਾ ਵੀ ਮਿਲਦੀ ਰਹੀ ਹੈ। ਇਹ ਗੱਲ ਵੀ ਸਾਹਮਣੇ ਆਈ ਹੈ ਕਿ ਮੁਲਜ਼ਮਾਂ ਵਲੋਂ ਗੈਂਗਸਟਰ ਹਰਪ੍ਰੀਤ ਹੈਪੀ ਵਲੋਂ ਨਿਰਧਾਰਿਤ ਕੀਤੇ ਗਏ ਪੰਜਾਬ ਦੇ ਟਾਰਗੈੱਟਾਂ ਦੀ ਰੇਕੀ ਵੀ ਕੀਤੀ ਗਈ। ਉਨ੍ਹਾਂ ਕਿਹਾ ਕਿ ਪੂਰੇ ਅਤਿਵਾਦੀ ਨੈੱਟਵਰਕ ਦਾ ਪਤਾ ਲਗਾਉਣ ਅਤੇ ਉਨ੍ਹਾਂ ਚੈਨਲਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ ਜਿਨ੍ਹਾਂ ਰਾਹੀਂ ਹੈਪੀ ਨੇ ਹਥਿਆਰਾਂ ਦੀ ਖੇਪ ਅਤੇ ਆਪਣੇ ਸਾਥੀਆਂ ਲਈ ਵਿੱਤੀ ਸਹਾਇਤਾ ਦਾ ਪ੍ਰਬੰਧ ਕੀਤਾ ਸੀ। ਇਸ ਸਬੰਧੀ ਗ਼ੈਰ-ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਦੀ ਧਾਰਾ 13,17, 18 ਅਤੇ 20, ਭਾਰਤੀ ਦੰਡਾਵਲੀ ਦੀ ਧਾਰਾ 115 ਅਤੇ 120 ਬੀ ਅਤੇ ਆਰਮਜ਼ ਐਕਟ ਦੀ ਧਾਰਾ 25 ਤਹਿਤ ਥਾਣਾ ਸਟੇਟ ਸਪੈਸ਼ਲ ਔਪ੍ਰੇਸ਼ਨ ਸੈੱਲ ਅੰਮ੍ਰਿਤਸਰ 'ਚ ਮਾਮਲਾ ਦਰਜ ਕੀਤਾ ਗਿਆ ਹੈ।

# ਆਜ਼ਾਦੀ ਦਿਹਾੜੇ ਬੁਰਜ ਖਲੀਫ਼ਾ 'ਤੇ ਨਹੀਂ ਦਿਖਾਇਆ ਗਿਆ ਪਾਕਿ ਦਾ ਝੰਡਾ







ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਗੁਆਂਢੀ ਮੁਲਕ ਪਾਕਿਸਤਾਨ ਨੇ ਲੰਘੀ 14 ਅਗਸਤ ਨੂੰ ਆਪਣਾ ਆਜ਼ਾਦੀ ਦਿਹਾੜਾ ਮਨਾਇਆ, ਪਰ ਪਾਕਿਸਤਾਨ ਦੇ ਲੋਕਾਂ ਨੂੰ ਦੁਬਈ 'ਚ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਦਰਅਸਲ ਦੁਬਈ 'ਚ ਮੌਜੂਦ ਪਾਕਿਸਤਾਨੀਆਂ ਨੂੰ ਉਮੀਦ ਸੀ ਕਿ ਦੁਨੀਆਂ ਦੀ ਸਭ ਤੋਂ ਉੱਚੀ ਇਮਾਰਤ ਬੁਰਜ ਖ਼ਲੀਫ਼ਾ 'ਤੇ ਉਨ੍ਹਾਂ ਦਾ ਝੰਡਾ ਲਹਿਰਾਇਆ ਜਾਵੇਗਾ, ਪਰ ਉਨ੍ਹਾਂ ਨੂੰ ਨਮੋਸ਼ ਹੋਣਾ ਪਿਆ। ਇਸ ਦੀ ਵੀਡੀਓ ਵੀਡੀਓ ਵੀ ਵਾਇਰਲ ਹੋ ਰਹੀ ਹੈ। ਲੋਕ ਸੋਸ਼ਲ ਮੀਡੀਆ 'ਤੇ ਇਸ ਵੀਡੀਓ ਨੂੰ ਸ਼ੇਅਰ ਕਰ ਕੇ ਕੁੱਝ ਲੋਕ ਪਾਕਿਸਤਾਨ ਦਾ ਮਜ਼ਾਕ ਵੀ ਉਡਾ ਰਹੇ ਹਨ।

ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓ ਮੁਤਾਬਿਕ, ਸੈਂਕੜੇ ਪਾਕਿਸਤਾਨੀ ਬੁਰਜ ਖ਼ਲੀਫ਼ਾ ਦੇ ਨੇੜੇ ਇਸ ਉਮੀਦ 'ਚ ਇੰਤਜ਼ਾਰ ਕਰ ਰਹੇ ਸਨ ਕਿ ਉਨ੍ਹਾਂ ਦੇ ਦੇਸ਼ (ਪਾਕਿਸਤਾਨ) ਦਾ ਝੰਡਾ ਬੁਰਜ ਖ਼ਲੀਫ਼ਾ 'ਤੇ ਡਿਸਪਲੇਅ ਕੀਤਾ ਜਾਵੇਗਾ, ਪਰ ਅੱਧੀ ਰਾਤ ਤੋਂ ਬਾਅਦ ਵੀ ਪਾਕਿਸਤਾਨ ਦਾ ਰਾਸ਼ਟਰੀ ਝੰਡਾ ਬੁਰਜ ਖ਼ਲੀਫ਼ਾ 'ਤੇ ਨਹੀਂ ਦਿਖਾਇਆ ਗਿਆ ਤਾਂ ਉੱਥੇ ਮੌਜੂਦ ਪਾਕਿਸਤਾਨੀਆਂ ਦੀ ਬੇਇੱਜ਼ਤੀ ਮਹਿਸੂਸ ਹੋਈ। ਇਸ ਪੂਰੇ ਮਾਮਲੇ ਨੂੰ ਇੱਕ ਔਰਤ ਨੇ ਆਪਣੇ ਕੈਮਰੇ 'ਤੇ ਕੈਦ ਕਰ ਲਿਆ ਜੋ ਹੁਣ ਵੱਖ-ਵੱਖ ਸੋਸ਼ਲ ਮੀਡੀਆ ਪਲੈਟਫ਼ੌਰਮਾਂ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ।

ਬੁਰਜ ਖ਼ਲੀਫ਼ਾ 'ਤੇ ਪਾਕਿਸਤਾਨ ਦਾ ਝੰਡਾ ਨਾ ਲਹਿਰਾਉਣ ਤੋਂ ਬਾਅਦ ਉਥੇ ਮੌਜੂਦ ਸੈਂਕੜੇ ਲੋਕ ਨਾਰਾਜ਼ ਹੋ ਗਏ ਅਤੇ ਆਪਣੇ ਦੇਸ਼ ਲਈ ਸਮਰਥਨ ਦਿਖਾਉਂਦੇ ਹੋਏ ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਗਾਉਣ ਲੱਗੇ। ਇਸ ਵੀਡੀਓ ਨੂੰ ਸੋਸ਼ਲ ਮੀਡੀਆ ਪਲੈਟਫ਼ੌਰਮ 'ਤੇ ਤੇਜ਼ੀ ਨਾਲ ਸ਼ੇਅਰ ਕੀਤਾ ਜਾ ਰਿਹਾ ਹੈ।

# ਇਮਰਾਨ ਦੀ ਪਤਨੀ ਬੁਸ਼ਰਾ ਦੀ ਨਿੱਜੀ ਡਾਇਰੀ ਨੂੰ ਲੈ ਕੇ ਹੰਗਾਮਾ





ਲਾਹੌਰ (ਪੰਜਾਬੀ ਅਖਬਾਰ ਬਿਊਰੋ)- ਇਮਰਾਨ ਖ਼ਾਨ ਦੀ ਪਤਨੀ ਬੁਸ਼ਰਾ ਬੀਬੀ ਦੀ ਇੱਕ ਡਾਇਰੀ ਨੇ ਪਾਕਿਸਤਾਨ 'ਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਇਸ ਡਾਇਰੀ ਤੋਂ ਪਤਾ ਚੱਲਦਾ ਹੈ ਕਿ ਬੁਸ਼ਰਾ ਬੀਬੀ ਦਾ ਇਮਰਾਨ ਖ਼ਾਨ 'ਤੇ ਕਿਸ ਤਰ੍ਹਾਂ ਦਾ ਕੰਟਰੋਲ ਸੀ ਅਤੇ ਕਿਸ ਤਰ੍ਹਾਂ ਦਾ ਰੁਟੀਨ ਸੀ, ਅਤੇ ਉਹ ਇਮਰਾਨ ਖ਼ਾਨ ਦੇ ਫ਼ੈਸਲਿਆਂ 'ਚ ਕਿਵੇਂ ਦਖ਼ਲਅੰਦਾਜ਼ੀ ਕਰਦੀ ਸੀ, ਇਸ ਦਾ ਜ਼ਿਕਰ ਕੀਤਾ ਗਿਆ ਹੈ। ਡਾਇਰੀ 'ਚ ਬੁਸ਼ਰਾ ਨੇ ਪਾਕਿਸਤਾਨ ਦੇ ਸਾਬਕਾ ਫ਼ੌਜ ਮੁੱਖੀ ਜਨਰਲ ਕਮਰ ਜਾਵੇਦ ਬਾਜਵਾ ਨੂੰ ਮਾਮੂ ਕਹਿ ਕੇ ਸੰਬੋਧਨ ਕੀਤਾ ਹੈ।ਸੱਤਾਧਾਰੀ ਪਾਰਟੀਆਂ ਨੇ ਬੁਸ਼ਰਾ ਬੀਬੀ ਨੂੰ ਰਿੰਗ ਮਾਸਟਰ ਕਰਾਰ ਦਿੱਤਾ ਹੈ। ਡਾਇਰੀ 'ਚ ਇਹ ਵੀ ਖ਼ੁਲਾਸਾ ਹੋਇਆ ਹੈ ਕਿ ਬੁਸ਼ਰਾ ਦੀ ਇਮਰਾਨ ਖ਼ਾਨ ਦੀ ਸਰਕਾਰ ਅਤੇ ਫ਼ੌਜ ਦੇ ਅਧਿਕਾਰੀਆਂ ਨਾਲ ਸਿੱਧੀ ਗੱਲਬਾਤ ਸੀ। ਅਜਿਹਾ ਲੱਗਦਾ ਹੈ ਕਿ ਪਾਕਿਸਤਾਨ ਦੀ ਸਰਕਾਰ ਬੁਸ਼ਰਾ ਬੀਬੀ ਦੁਆਰਾ ਚਲਾਈ ਜਾ ਰਹੀ ਸੀ ਅਤੇ ਜਨਤਕ ਡਾਇਰੀਆਂ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਇਮਰਾਨ ਖ਼ਾਨ ਦੇ ਫ਼ੈਸਲਿਆਂ ਨੂੰ ਰੋਕਣਾ ਵੀ ਬੁਸ਼ਰਾ ਦੇ ਫ਼ੈਸਲੇ ਦਾ ਹਿੱਸਾ ਸੀ।




# ਪੱਗ ਅਤੇ ਦਾੜ੍ਹੀ ਨਾਲ ਯੂਐਸ ਮਰੀਨ ਕੈਂਪ ਤੋਂ ਹੋਇਆ ਗ੍ਰੈਜੂਏਟ

ਨਿਊਯਾਰਕ (ਪੰਜਾਬੀ ਅਖਬਾਰ ਬਿਊਰੋ)- ਅਮਰੀਕਾ 'ਚ ਇੱਕ ਸਿੱਖ ਨੇ ਇਤਿਹਾਸ ਰਚ ਦਿੱਤਾ ਹੈ। ਪਹਿਲੀ ਵਾਰ 21 ਸਾਲਾ ਸਿੱਖ ਮਰੀਨ ਨੇ ਆਪਣੇ ਵਾਲ ਜਾਂ ਦਾੜ੍ਹੀ ਕਟਵਾਏ ਬਿਨਾਂ ਮਤਲਬ ਧਾਰਮਿਕ ਮਰਿਯਾਦਾ 'ਚ ਰਹਿੰਦੇ ਹੋਏ ਵਿਸ਼ੇਸ਼ ਕੁਲੀਨ ਅਮਰੀਕੀ ਮਰੀਨ ਕੋਰ ਦੀ ਭਰਤੀ ਸਿਖਲਾਈ ਤੋਂ ਗ੍ਰੈਜੂਏਸ਼ਨ ਕਰ ਲਈ ਹੈ। ਜਸਕੀਰਤ ਸਿੰਘ, ਜਿਸ ਨੂੰ ਮਈ 'ਚ ਬੂਟ ਕੈਂਪ ਲਈ ਭੇਜਿਆ ਗਿਆ ਸੀ, ਮਰੀਨ ਕੋਰ ਰੈਕਰੂਟ ਡੀਪੋ ਸੈਨ ਡੀਐਗੋ 'ਚ ਤਿੰਨ ਮਹੀਨਿਆਂ ਦੀ ਸਖ਼ਤ ਸਿਖਲਾਈ ਤੋਂ ਬਾਅਦ 11 ਅਗਸਤ ਨੂੰ ਸਿੰਘ ਗ੍ਰੈਜੂਏਟ ਹੋਇਆ।

ਸਿੱਖ ਕੋਐਲੀਸ਼ਨ ਦੀ ਇੱਕ ਰਿਲੀਜ਼ 'ਚ ਜਸਕੀਰਤ ਸਿੰਘ ਦੇ ਹਵਾਲੇ ਨਾਲ ਕਿਹਾ ਗਿਆ ਕਿ ਉਸ ਨੂੰ ਮਰੀਨ ਕੋਰ 'ਚ ਆਪਣੇ ਦੇਸ਼ ਦੀ ਸੇਵਾ ਕਰਨ ਦਾ ਮਾਣ ਮਹਿਸੂਸ ਹੋ ਰਿਹਾ ਹੈ, ਅਤੇ ਉਸ ਨੂੰ ਇਸ ਗੱਲ ਦਾ ਵੀ ਮਾਣ ਹੈ ਕਿ ਉਹ ਆਪਣੇ ਸਿੱਖ ਧਰਮ ਦਾ ਸਤਿਕਾਰ ਕਰਦੇ ਹੋਏ ਅਜਿਹਾ ਕਰਨ ਦੇ ਯੋਗ ਸੀ। ਜਸਕੀਰਤ ਨੇ ਕਿਹਾ ਕਿ ਉਸ ਨੂੰ ਉਮੀਦ ਹੈ ਕਿ ਉਸ ਦੀ ਗ੍ਰੈਜੂਏਸ਼ਨ ਹੋਰ ਨੌਜਵਾਨ ਸਿੱਖਾਂ ਨੂੰ ਇੱਕ



ਸਪੱਸ਼ਟ ਸੰਦੇਸ਼ ਭੇਜਦੀ ਹੈ ਜੋ ਫ਼ੌਜੀ ਸੇਵਾ ਬਾਰੇ ਵਿਚਾਰ ਕਰ ਰਹੇ ਹਨ। ਉਸ ਨੇ ਕਿਹਾ ਕਿ ਤੁਹਾਡਾ ਵਿਸ਼ਵਾਸ ਕਿਸੇ ਵੀ ਕਰੀਅਰ ਲਈ ਰੁਕਾਵਟ ਨਹੀਂ ਬਣਨਾ ਚਾਹੀਦਾ। ਮਰੀਨ ਕੋਰ ਟ੍ਰੇਨਿੰਗ ਅਤੇ ਐਜੂਕੇਸ਼ਨ ਕਮਾਂਡ ਦੇ ਬੁਲਾਰੇ ਮੇਜਰ ਜੋਸ਼ੂਆ ਪੇਨਾ ਨੇ ਮਿਲਟਰੀ ਡੌਟ ਕੌਮ ਨੂੰ ਦੱਸਿਆ, "ਸਿਖਲਾਈ ਦੌਰਾਨ ਉਹ ਇੱਕ ਟੀਮ ਦਾ ਨੇਤਾ ਸੀ। ਮੇਜਰ ਪੇਨਾ ਨੇ ਅੱਗੇ ਕਿਹਾ ਕਿ ਉਹ ਸਾਰੇ ਮਾਪਦੰਡਾਂ 'ਤੇ ਖਰਾ ਉਤਰਿਆ। ਉਹ ਇੱਕ ਜਲ ਸੈਨਿਕ ਹੈ ... ਅਸੀਂ ਇਹ ਦੇਖਣ ਲਈ ਬਹੁਤ ਉਤਸ਼ਾਹਿਤ ਹਾਂ ਕਿ ਉਹ ਆਪਣੇ ਕਰੀਅਰ 'ਚ ਅੱਗੇ ਕੀ ਕਰਦਾ ਹੈ।"

ਵਾਸ਼ਿੰਗਟਨ ਟਾਈਮਜ਼ ਦੀ ਰਿਪੋਰਟ 'ਚ ਦੱਸਿਆ ਗਿਆ ਕਿ ਪ੍ਰਾਈਵੇਟ ਫ਼ਸਟ ਕਲਾਸ ਜਸਕੀਰਤ ਸਿੰਘ ਨੇ ਸੈਨ ਡੀਐਗੋ 'ਚ ਮਰੀਨ ਕੋਰ ਰੈਕਰੂਟ ਡੀਪੋ 'ਚ ਆਪਣੀ ਸਿਖਲਾਈ ਪੂਰੀ ਕਰ ਕੇ ਇਤਿਹਾਸ ਰਚਿਆ ਜਦੋਂ ਇੱਕ ਸੰਘੀ ਜੱਜ ਨੇ ਅਪ੍ਰੈਲ 'ਚ ਫ਼ੌਜੀ ਸੇਵਾ 'ਚ ਭਰਤੀ ਸਮੇਂ ਧਾਰਮਿਕ ਅਭਿਆਸਾਂ ਨੂੰ ਅਨੁਕੂਲਿਤ ਕਰਨ ਦਾ ਆਦੇਸ਼ ਦਿੱਤਾ ਸੀ। ਇਹ ਹੁਕਮ ਤਿੰਨ ਸਿੱਖਾਂ, ਯਹੂਦੀ ਅਤੇ ਮੁਸਲਿਮ ਰੰਗਰੂਟਾਂ ਦੁਆਰਾ ਧਾਰਮਿਕ ਰਿਹਾਇਸ਼ ਦੀ ਮੰਗ ਕਰਨ ਵਾਲੇ ਮਰੀਨਾਂ 'ਤੇ ਮੁਕੱਦਮਾ ਕਰਨ ਤੋਂ ਲਗਭਗ ਇੱਕ ਸਾਲ ਬਾਅਦ ਆਇਆ। ਪਿਛਲੇ ਸਾਲ ਅਪੀਲ ਦੀ ਇੱਕ ਸੰਘੀ ਅਦਾਲਤ ਨੇ ਇੱਕ ਸ਼ੁਰੂਆਤੀ ਹੁਕਮ ਦਿੱਤਾ ਸੀ ਜਿਸ ਨਾਲ ਸਿੰਘ ਨੂੰ ਆਪਣੇ ਵਾਲ ਅਤੇ ਦਾੜ੍ਹੀ ਕਟਵਾਏ ਬਿਨਾਂ ਸਿਖਲਾਈ ਸ਼ੁਰੂ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ ਜੋ ਕਿ ਭਰਤੀ ਕਰਨ ਵਾਲਿਆਂ ਲਈ ਰਿਵਾਇਤੀ ਹੈ ਜਦੋਂ ਉਹ ਪਹਿਲੀ ਵਾਰ ਬੂਟ ਕੈਂਪ 'ਤੇ ਪਹੁੰਚਦੇ ਹਨ। ਆਦੇਸ਼ ਨੇ ਸਿੰਘ ਨੂੰ ਪੱਗ ਅਤੇ ਪਟਕੇ ਵਰਗੇ ਧਾਰਮਿਕ ਵਸਤੂਆਂ ਪਹਿਨਣ ਦੀ ਇਜਾਜ਼ਤ ਵੀ ਦਿੱਤੀ।

ਸਿੰਘ ਨੇ ਕਿਹਾ ਕਿ ਉਸ ਦੇ ਸਾਥੀ ਰੰਗਰੂਟਾਂ ਉਸ ਦਾ ਅਤੇ ਉਸ ਦੇ ਧਾਰਮਿਕ ਵਿਸ਼ਵਾਸਾਂ ਦਾ ਸਮਰਥਨ ਕਰਦੇ ਹਨ। ਸਿੰਘ ਨੇ ਮਰੀਨ ਕੋਰ ਦੀ ਚੋਣ ਇਸ ਲਈ ਕੀਤੀ ਕਿਉਂਕਿ ਇਸ 'ਚ ਸਿੱਖ ਕਦਰਾਂ-ਕੀਮਤਾਂ ਨਾਲ ਮੇਲ ਖਾਂਦੀਆਂ ਸੇਵਾਵਾਂ ਦੇ ਸਨਮਾਨ, ਹਿੰਮਤ ਅਤੇ ਵਚਨਬਧਤਾ ਸ਼ਾਮਿਲ ਹੈ।